# ਯੋਜਨਾ

**ਸਾਲ 32 • ਅੰਕ 5 • ਮਈ 2016 • ਕੁੱਲ ਪੰਨੇ 48**

ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਰਾਕੇਸ਼ ਮਹਿਤਾ**

**ਸੰਪਾਦਕੀ ਦਫ਼ਤਰ**

ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,
ਸੀ.ਜੀ.ਓ. ਕੰਪਲੈਕਸ ਲੋਧੀ ਰੋਡ, ਨਵੀਂ ਦਿੱਲੀ-110003
ਫ਼ੋਨ : 011-224365922
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)

**ਵੀ.ਕੇ. ਮੀਨਾ**

ਬਿਜ਼ਨਸ ਮੈਨੇਜਰ

**ਸੂਰੀਆਕਾਂਤ ਸ਼ਰਮਾ**

ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


- ਵੱਖਰੀ ਤਰ੍ਹਾਂ ਸਮਰੱਥ : ਵਿੱਦਿਅਕ ਅਧਿਕਾਰਾਂ ਅਤੇ ਅਵਸਰਾਂ ਨੂੰ ਵਧਾਉਣਾ – ਇੰਦੂਮਤੀ ਰਾਓ 4
- ਵੱਖਰੀ ਤਰ੍ਹਾਂ ਸਮਰੱਥਾਂ ਨੂੰ ਹੁਨਰਮੰਦ ਬਨਾਉਣਾ – ਸ਼ਾਂਤੀ ਰਾਘਵਨ 7
- ਵੱਖਰੀ ਤਰ੍ਹਾਂ ਸਮਰੱਥਾਂ ਦੀ ਆਰਥਿਕ ਸ਼ਮੂਲੀਅਤ – ਪੀ ਸੀ ਦਾਸ 9
- ਅਪਾਹਜਤਾ ਅਤੇ ਭਲਾਈ ਤੋਂ ਪਾਰ ਪਹੁੰਚ – ਸ਼ਿਵਾਨੀ ਗੁਪਤਾ 11
- ਪਹੁੰਚ : ਵਿਕਸਤ ਭਾਰਤ ਲਈ ਅੱਗੇ ਦਾ ਰਾਹ – ਗੌਰਵ ਰਹੇਜਾ 14
- ਵਿੱਦਿਅਕ ਮਹੌਲ ਦੇ ਨਮੂਨੇ ਰਾਹੀਂ ਸਮਾਜਕ ਬਰਾਬਰੀ ਅਤੇ ਸ਼ਮੂਲੀਅਤ – ਰਚਨਾ ਖਰੇ 17
- ਅਸਮਰੱਥ ਵਿਅਕਤੀਆਂ ਲਈ ਸਮਾਜਕ ਸ਼ਮੂਲੀਅਤ: ਮੁੱਦੇ ਅਤੇ ਰਣਨੀਤੀਆਂ – ਸੰਧਿਆ ਲਿਮਏ 22
- ਦੇਖਣ ਦੀ ਸਮਰੱਥਾ – ਅਮਿਤ ਸਿੰਘ, ਕਪਿਲ ਕੁਮਾਰ 25
- ਅਪਾਹਜਤਾ ਬਨਾਮ ਵੱਖਰੀ ਤਰ੍ਹਾਂ ਦੀਆਂ ਸਮਰੱਥਾਵਾਂ – ਅਰਚਨਾ ਸਿੰਘ 28
- ਭਾਰਤ ਵਿੱਚ ਵੱਖਰੀ ਤਰ੍ਹਾਂ ਸਮਰੱਥਾਂ ਦੀ ਸਿਹਤ ਅਤੇ ਸੁਰੱਖਿਆ – ਸ਼ਸ਼ੀ ਰਾਣੀ 31
- ਅਸਮਰੱਥਾ – ਇਕ ਪੇਸ਼ੇਵਰ ਦਾ ਦ੍ਰਿਸ਼ਟੀਕੋਣ – ਅਰੁਨਿਮਾ ਡੇ 37
- ਵੱਖਰੀ ਤਰ੍ਹਾਂ ਸਮਰੱਥਾਂ ਲਈ ਟਰਾਂਸਪੋਰਟ ਵਿੱਚ ਪਹੁੰਚ : ਮੌਜੂਦਾ ਦ੍ਰਿਸ਼ ਅਤੇ ਅੱਗੇ ਦਾ ਰਸਤਾ – ਦੇਵਾਰਿਸ਼ੀ ਚੌਰਸੀਆ 40
- ਕੀ ਤੁਸੀਂ ਜਾਣਦੇ ਹੋ? – 42
- ਵਿਕਾਸ ਦਾ ਖਾਕਾ – 43



**_ਯੋਜਨਾ_ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਕਮਰਾ ਨੰ: 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003, ਫ਼ੋਨ-24367453, ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ - 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ - 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ - 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੋਰ - 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ - 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ - 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ - 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ - 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.230, 2 ਸਾਲ ਰੁ.430, 3 ਸਾਲ ਰੁ.610 – _ਯੋਜਨਾ_ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਵੱਖਰੀ ਤਰ੍ਹਾਂ ਸਮਰੱਥ : ਵਿੱਦਿਅਕ ਅਧਿਕਾਰਾਂ ਅਤੇ ਅਵਸਰਾਂ ਨੂੰ ਵਧਾਉਣਾ

ਇੰਦੂਮਤੀ ਰਾਓ

ਸਾਲ 2001 ਤੋਂ 2011 ਵਿਚਕਾਰ ਭਾਰਤ ਵਿੱਚ ਅਪਾਹਜ ਵਿਅਕਤੀਆਂ ਦੀ ਅਬਾਦੀ ਵਿੱਚ 22.4 ਪ੍ਰਤਿਸ਼ਤ ਵਾਧਾ ਹੋਇਆ। 2001 ਵਿੱਚ ਅਪਾਹਜ ਲੋਕ 2.19 ਕਰੋੜ ਸਨ ਜੋ ਵਧ ਕੇ 2011 ਵਿੱਚ 2.68 ਕਰੋੜ ਹੋ ਗਏ – 1.5 ਕਰੋੜ ਆਦਮੀ ਅਤੇ 1.18 ਕਰੋੜ ਔਰਤਾਂ। ਅਪਾਹਜ ਵਿਅਕਤੀਆਂ ਦੀ ਅਬਾਦੀ ਵਿੱਚ ਵਾਧਾ ਸ਼ਹਿਰੀ ਖੇਤਰਾਂ ਅਤੇ ਸ਼ਹਿਰੀ ਔਰਤਾਂ ਵਿੱਚ ਵਧੇਰੇ ਹੈ।

## ਅਸੀਂ ਹੁਣ ਕਿੱਥੇ ਖੜ੍ਹੇ ਹਾਂ?

ਜੇਕਰ ਅਸੀਂ 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਅਪਾਹਜ ਵਿਅਕਤੀਆਂ ਦੀ ਗਿਣਤੀ ਦੀ ਤੁਲਨਾ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨਾਲ ਕਰੀਏ ਤਾਂ ਇਹ ਜਾਪਦਾ ਹੈ ਕਿ ਭਾਰਤ ਨੇ ਅਜਿਹੇ ਬੱਚਿਆਂ ਦੇ ਸਿੱਖਿਆ ਅਧਿਕਾਰਾਂ ਨੂੰ ਯਕੀਨੀ ਬਣਾਉਣ ਵੱਲ ਹਲੇ ਬਹੁਤ ਲੰਬਾ ਸਫ਼ਰ ਤਹਿ ਕਰਨਾ ਹੈ। ਉੱਚ ਸਿੱਖਿਆ ਵਿੱਚ ਅਤੇ 0–6 ਸਾਲ ਦੀ ਉਮਰ ਦੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸੂਰਤ ਵਿੱਚ ਅੰਕੜੇ ਪ੍ਰਾਪਤ ਨਹੀਂ ਹਨ। ਇਹ ਯੋਜਨਾਬੰਦੀ ਕਰਨ ਦੇ ਰਸਤੇ ਵਿੱਚ ਅੱਜ ਇਕ ਵੱਡੀ ਖਾਈ ਹੈ।

• ਸਰਵ ਸਿੱਖਿਆ ਅਭਿਆਨ ਸਮੁੱਚੀ ਸਿੱਖਿਆ ਸਕੀਮ ਨੇ 10.71 ਲੱਖ ਵਿਸ਼ੇਸ਼ ਲੋੜਾਂ ਵਾਲੇ ਬੱਚੇ ਸ਼ਾਮਲ ਕੀਤੇ ਹਨ (ਸਰੋਤ : ਸਿੱਖਿਆ ਦੀ ਏਕੀਕ੍ਰਿਤ ਜ਼ਿਲ੍ਹਾ ਸੂਚਨਾ ਪ੍ਰਣਾਲੀ 2013–14)। • ਸੈਕੰਡਰੀ ਸਕੂਲਾਂ ਵਿੱਚ ਅਪਾਹਜ ਬੱਚਿਆਂ ਦੀ ਸਮੁੱਚੀ ਸਿੱਖਿਆ – ਲਗਭਗ 2 ਲੱਖ ਵਿਸ਼ੇਸ਼ ਲੋੜਾਂ ਵਾਲੇ ਬੱਚੇ। • ਲਗਭਗ ਇੱਕ ਲੱਖ ਵਿਸ਼ੇਸ਼ ਲੋੜਾਂ ਵਾਲੇ ਬੱਚੇ 977 ਵਿਸ਼ੇਸ਼ ਸਕੂਲਾਂ ਵਿੱਚ ਪੜ੍ਹ ਰਹੇ ਹਨ (ਇੱਕ ਗ਼ੈਰ ਸਰਕਾਰੀ ਸੰਸਥਾਨ ਵਲੋਂ ਅਧਿਐਨ)।

0–29 ਸਾਲ ਦੇ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਨੂੰ ਜਿਨ੍ਹਾਂ ਨੂੰ ਸਿੱਖਿਆ ਤੱਕ ਪਹੁੰਚ ਦੀ ਲੋੜ ਹੈ, ਦੀ ਗਿਣਤੀ 2011 ਦੀ ਮਰਦਮਸ਼ੁਮਾਰੀ ਅਨੁਸਾਰ 1.23 ਕਰੋੜ ਸੀ ਜਿਨ੍ਹਾਂ ਵਿੱਚ 53.4 ਲੱਖ ਵਿਸ਼ੇਸ਼ ਲੋੜਾਂ ਵਾਲੀਆਂ ਲੜਕੀਆਂ ਅਤੇ ਔਰਤਾਂ ਸਨ। ਇਕ ਪੁਰਾਣੇ ਅੰਦਾਜ਼ੇ ਅਨੁਸਾਰ, ਅੱਜ ਲਗਭਗ 20 ਲੱਖ ਮੁਥਾਜ ਬੱਚੇ ਪ੍ਰਾਇਮਰੀ, ਸੈਕੰਡਰੀ ਅਤੇ ਵਿਸ਼ੇਸ਼ ਸਕੂਲਾਂ ਵਿੱਚ ਪੜ੍ਹ ਰਹੇ ਹਨ। ਸਾਡੇ ਸਾਹਮਣੇ ਅੱਗੋਂ ਇੱਕ ਵੱਡੀ ਚੁਨੌਤੀ ਇਹ ਹੈ ਕਿ ਵਿਸ਼ੇਸ਼ ਵੱਖ–ਵੱਖ ਲੋੜਾਂ ਵਾਲੇ ਬੱਚਿਆਂ/ਵਿਅਕਤੀਆਂ ਲਈ ਸਿੱਖਿਆ ਤੱਕ ਪਹੁੰਚ ਨੂੰ ਕਿਸ ਤਰ੍ਹਾਂ ਯਕੀਨੀ ਬਣਾਇਆ ਜਾਵੇ?

ਇਹ ਵਾਦ–ਵਿਵਾਦ ਦਾ ਵਿਸ਼ਾ ਨਹੀਂ ਹੈ ਕਿ 2005 ਤੋਂ ਸਿੱਖਿਆ ਦਾ ਅਧਿਕਾਰ ਕਨੂੰਨ ਅਤੇ ਸੰਵਿਧਾਨ ਵਿੱਚ ਹਰ ਬੱਚੇ ਨੂੰ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੀ ਗਰੰਟੀ ਦੀ ਤਜਵੀਜ਼ ਦੇ ਬਾਵਜੂਦ ਅਸੀਂ ਮੁਥਾਜ ਬੱਚਿਆਂ/ਵਿਅਕਤੀਆਂ ਦੇ 20 ਪ੍ਰਤਿਸ਼ਤ ਤੱਕ ਵੀ ਪਹੁੰਚ ਨਹੀਂ ਬਣਾ ਸਕੇ ਹਾਂ। ਭਾਰਤ ਨੇ ਅਪਾਹਜ ਵਿਅਕਤੀਆਂ ਦੇ ਅਧਿਕਾਰਾਂ ਵਿੱਚ ਕਈ ਅੰਤਰਰਾਸ਼ਟਰੀ ਘੋਸ਼ਣਾਵਾਂ ਅਤੇ ਸੰਧੀਆਂ ਉਪਰ ਦਸਤਖ਼ਤ ਕੀਤੇ ਹਨ ਅਤੇ ਅਪਾਹਜ ਵਿਅਕਤੀਆਂ ਦੇ ਅਧਿਕਾਰਾਂ ਦੀ ਸੰਯੁਕਤ ਰਾਸ਼ਟਰ ਕਨਵੈਨਸ਼ਨ ਉਪਰ ਵੀ ਦਸਤਖ਼ਤ ਕੀਤੇ ਹਨ ਅਤੇ ਉਸ ਨੂੰ 2006 ਵਿੱਚ ਤਸਦੀਕ ਕੀਤਾ ਹੈ। ਅਪਾਹਜ ਵਿਅਕਤੀਆਂ ਦੇ ਅਧਿਕਾਰਾਂ ਦੀ ਕਨਵੈਨਸ਼ਨ ਦੀ ਮਦ 24 ਵਿੱਚ ਸਿੱਖਿਆ ਦਾ ਵਿਸ਼ੇਸ਼ ਉਲੇਖ ਕੀਤਾ ਗਿਆ ਹੈ ਜੋ ਸਰਕਾਰਾਂ ਦੀ ਜ਼ਿੰਮੇਵਾਰੀ ਦੋ ਵਿਸ਼ਿਆਂ ਉਪਰ ਨਿਰਧਾਰਤ ਕਰਦੀ ਹੈ :

1. ਅਪਾਹਜ ਬੱਚਿਆਂ ਅਤੇ ਨੌਜਵਾਨਾਂ ਨੂੰ ਦੂਸਰੇ ਬੱਚਿਆਂ ਦੇ ਬਰਾਬਰ ਸਿੱਖਿਆ ਦੇ ਮੌਕੇ ਦੇਣਾ ਅਤੇ

2. ਅਜਿਹੀ ਸਿੱਖਿਆ ਨੂੰ ਇੱਕ ਸਮੁੱਚੀ ਪ੍ਰਣਾਲੀ ਅਧੀਨ ਮੁਹੱਈਆ ਕਰਨਾ।

ਭਾਵੇਂ ਭਾਰਤ ਹਰ ਬੱਚੇ ਨੂੰ ਬਿਨਾਂ ਕਿਸੇ ਭੇਦਭਾਵ ਦੇ ਸਿੱਖਿਆ ਤੱਕ ਪਹੁੰਚ ਦੇਣ ਲਈ ਵਚਨਬੱਧ ਹੈ ਪਰ ਅਜਿਹੇ ਮਾੜੇ ਹਲਾਤ ਹੋਣ ਦੇ ਬਹੁਪੱਖੀ ਕਾਰਨ, ਤਰਕ ਦੇ ਤੌਰ ਤੇ ਦਿੱਤੇ ਜਾ ਸਕਦੇ ਹਨ। ਪਰ ਮੁਥਾਜ ਬੱਚਿਆਂ ਨੂੰ ਆਮ ਤੌਰ ਤੇ ਅਤੇ ਮੁਥਾਜ ਲੜਕੀਆਂ ਨੂੰ ਖ਼ਾਸ ਤੌਰ ਤੇ ਇੱਕ ਅਪਾਹਜ ਸੁਖਾਵੇਂ, ਰੁਕਾਵਟ ਮੁਕਤ ਅਤੇ ਪਹੁੰਚ ਵਾਲੇ ਸਿੱਖਿਆ ਵਾਤਾਵਰਨ ਵਿੱਚ ਸਿੱਖਿਆ ਪਹੁੰਚ ਯਕੀਨੀ ਬਣਾਉਣ ਲਈ ਸਿਰਫ਼ ਵਚਨਬੱਧਤਾ ਹੀ ਕਾਫ਼ੀ ਨਹੀਂ ਹੈ। ਸੁਮੱਚੀ ਸਿੱਖਿਆ ਦੀ ਧਾਰਨਾ ਵਿੱਚ ਸਪੱਸ਼ਟਤਾ ਦੀ ਲੋੜ ਹੈ ਜਿਸ ਦੀ ਕਲਪਨਾ, ਮਿਸ਼ਨ, ਨੀਤੀਆਂ, ਕਾਰਜ ਯੋਜਨਾਵਾਂ, ਕਨੂੰਨੀ ਵਿਵਸਥਾਵਾਂ ਅਤੇ ਵਸੀਲਿਆਂ ਦੀ ਉਪਲਬਧਤਾ ਵਿੱਚ ਝਲਕ ਮਿਲਦੀ ਹੋਵੇ। ਬੀਤੇ ਸਮੇਂ ਵਿੱਚ ਅਸੀਂ ਦੇਖਿਆ ਹੈ ਕਿ ਮੁਥਾਜ ਬੱਚਿਆਂ ਦੀ ਸਿੱਖਿਆ ਨੂੰ ਸਮੁੱਚੀ ਸਿੱਖਿਆ ਪ੍ਰਣਾਲੀ ਦੇ ਤੌਰ ਤੇ ਨਹੀਂ ਦੇਖਿਆ ਜਾਂਦਾ ਸੀ ਅਤੇ ਆਮ ਸਿੱਖਿਆ ਪ੍ਰਣਾਲੀ ਸਾਡੇ ਸਕੂਲਾਂ ਅਤੇ ਯੂਨੀਵਰਸਟੀਆਂ ਨੂੰ ਸਹੀ ਅਰਥਾਂ ਵਿੱਚ ਸਮਾਵੇਸ਼ੀ ਬਣਾਉਣ ਲਈ ਨਾ ਸਿਖਲਾਈਸ਼ੁਦਾ ਸੀ ਅਤੇ ਨਾ ਹੀ ਇਸ ਕਾਰਜ ਨੂੰ ਕਰਨ ਲਈ ਤਿਆਰ ਸੀ।

## ਭਾਰਤ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ/ਲੋਕਾਂ ਦੀ ਸ਼ਮੂਲੀਅਤ ਲਈ ਕੀ ਐੱਨ ਈ ਪੀ 2015 ਵਿੱਚ ਕਾਇਆ ਪਲਟ ਕਰਨ ਦੀ ਸੰਭਾਵਨਾ ਹੈ?

ਸਿੱਖਿਆ ਲਈ ਇਕ ਵਿਆਪਕ ਨੀਤੀ ਬੁਨਿਆਦੀ ਤੌਰ ਤੇ ਰਾਜਨੀਤਕ ਸੋਚ ਅਤੇ ਕਲਪਨਾ ਨੂੰ ਸੇਧ ਦੇਣ ਦੀ ਇਕ ਕੋਸ਼ਿਸ਼ ਹੈ। ਸਾਡੇ ਸਮਾਜ ਦੇ ਥੁੜੇ ਅਤੇ ਮੁਥਾਜ ਵਰਗਾਂ ਦੀ

ਮੁੱਖਧਾਰਾ ਸਿੱਖਿਆ ਅਤੇ ਵਿਕਾਸ ਵਿੱਚ ਸ਼ਮੂਲੀਅਤ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਵਿੱਚ ਸਮਾਜਕ, ਆਰਥਿਕ, ਸਭਿਆਚਾਰਕ, ਰਾਜਨੀਤਕ ਅਤੇ ਪ੍ਰਸ਼ਾਸਨਿਕ ਅਤੇ ਹੋਰ ਕਿਸਮ ਦੀਆਂ ਰੁਕਾਵਟਾਂ ਦੀ ਪਛਾਣ ਕਰਨੀ ਹੈ ਅਤੇ ਉਨ੍ਹਾਂ ਨੂੰ ਦੂਰ ਕਰਨ ਦੀ ਲੋੜ ਹੈ।

ਰਾਸ਼ਟਰੀ ਸਿੱਖਿਆ ਨੀਤੀ 2015 ਵਿੱਚ ਸਮਾਵੇਸ਼ੀ ਸਿੱਖਿਆ ਬਾਰੇ ਮੋਟੇ ਤੌਰ ਤੇ ਦਰਸਾਇਆ ਗਿਆ ਹੈ। ਭਾਰਤੀ ਸੰਦਰਭ ਵਿੱਚ, ਸਮਾਵੇਸ਼ੀ ਸਿੱਖਿਆ ਵਿੱਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਘੱਟ ਗਿਣਤੀਆਂ ਅਤੇ ਅਪਾਹਜ ਬੱਚਿਆਂ ਅਤੇ ਨੌਜਵਾਨ ਵਿਅਕਤੀਆਂ ਅਤੇ ਘੋਰ ਗਰੀਬੀ ਅਤੇ ਮੁਸ਼ਕਲ/ਚੁਨੌਤੀਪੂਰਨ ਹਲਾਤਾਂ ਵਿੱਚ ਰਹਿ ਰਹੇ ਬੱਚਿਆਂ ਦੀਆਂ ਵੱਖ-ਵੱਖ ਲੋੜਾਂ ਜ਼ਰੂਰ ਸ਼ਾਮਲ ਹੋਣੀਆਂ ਚਾਹੀਦੀਆਂ ਹਨ। ਰਾਸ਼ਟਰੀ ਸਿੱਖਿਆ ਨੀਤੀ ਵਿੱਚ, ਭਾਰਤ ਵਿੱਚ ਪਹਿਲੀ ਵਾਰ ਸਮਾਵੇਸ਼ੀ ਸਿੱਖਿਆ ਨੂੰ ਭਾਰਤੀ ਪਛਾਣ ਦਿੱਤੀ ਗਈ ਹੈ ਜਿਸ ਵਿੱਚ ਵਿਸ਼ਵਵਿਆਪੀ ਚਿੰਤਾਵਾਂ ਅਤੇ ਵਚਨਬੱਧਤਾ ਨੂੰ ਦਰਸਾਇਆ ਗਿਆ ਹੈ ਜਿਸ ਵਿੱਚ ਭਾਰਤ ਨੇ ਇੱਕ ਸ਼ਾਮਲ ਦੇਸ਼ ਦੇ ਤੌਰ ਤੇ ਦਸਤਖ਼ਤ ਕੀਤੇ ਹਨ।

ਕਿਹੜੇ ਅਜਿਹੇ ਮੁੱਖ ਮੁੱਦੇ ਹਨ ਜੋ ਮੁਥਾਜ ਬੱਚਿਆਂ/ਵਿਅਕਤੀਆਂ ਨੂੰ ਮੁੱਖਧਾਰਾ ਸਿੱਖਿਆ ਤੋਂ ਵਾਂਝੇ ਕਰਦੇ ਹਨ?

1. ਜਦੋਂ ਤੱਕ ਅਪਾਹਜ ਬੱਚਿਆਂ ਅਤੇ ਨੌਜਵਾਨਾਂ ਨੂੰ ਮੁੱਖਧਾਰਾ ਸਿੱਖਿਆ 'ਚ ਸ਼ਾਮਲ ਨਹੀਂ ਕੀਤਾ ਜਾਂਦਾ, ਸਭ ਲਈ ਸਿੱਖਿਆ ਦੀਆਂ ਨੀਤੀਆਂ ਦਾ ਉਦੇਸ਼ ਹਾਸਲ ਨਹੀਂ ਕੀਤਾ ਜਾ ਸਕਦਾ।

2. ਸਭ ਲਈ ਸਿੱਖਿਆ ਮਾਨੀਟਰ ਕਰਨ ਦਾ ਢਾਂਚਾ ਅਪਾਹਜ ਬੱਚਿਆਂ/ਵਿਅਕਤੀਆਂ ਨੂੰ ਅੱਖੋਂ ਪਰੋਖੇ ਕਰ ਦਿੰਦਾ ਹੈ।

3. ਸਮਾਵੇਸ਼ੀ ਸਿੱਖਿਆ ਦੀ ਯੋਜਨਾਬੰਦੀ, ਪ੍ਰਸ਼ਾਸਨ, ਨਿਗਰਾਨੀ, ਲਾਗੂਕਰਨ ਪੱਧਰ ਉਤੇ ਆ ਰਹੀਆਂ ਰੁਕਾਵਟਾਂ ਦੀ ਪਛਾਣ ਅਤੇ ਉਨ੍ਹਾਂ ਨੂੰ ਦੂਰ ਕਰਨ ਵਿੱਚ ਅਸਫਲ ਰਹਿਣਾ।

4. ਸਮਾਵੇਸ਼ੀ ਸਿੱਖਿਆ ਉਤੇ ਅਸਰ ਪਾਉਣ ਵਾਲੇ ਮੁੱਦਿਆਂ ਦੀ ਪਛਾਣ ਵਿੱਚ ਕਮੀ ਸਮਾਜਕ ਕਮੀਆਂ ਵਿੱਚ ਹੀ ਹੈ ਜੋ ਮੁਥਾਜ ਬੱਚਿਆਂ/ਨੌਜਵਾਨਾਂ, ਅਨੁਸੂਚਿਤ ਜਾਤੀਆਂ/ਕਬੀਲਿਆਂ, ਘੱਟ ਗਿਣਤੀਆਂ, ਲਿੰਗ ਭੇਦਭਾਵ ਕਾਰਨ ਉਨ੍ਹਾਂ ਸ਼੍ਰੇਣੀਆਂ ਵਿੱਚ ਅਤੇ ਆਮ ਲੋਕਾਂ ਵਿੱਚ ਹੈ।

5. ਅਪਾਹਜ ਰਾਜ/ਪੰਚਾਇਤੀ ਰਾਜ ਸੰਸਥਾਨਾਂ ਦਾ ਵਿਸ਼ਾ ਹੈ ਅਤੇ ਸਿੱਖਿਆ ਸਮਕਾਲੀ ਵਿਸ਼ਾ ਹੋਣ ਕਾਰਨ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਵਿਸ਼ੇਸ਼ ਲੋੜਾਂ ਵਲੇ ਬੱਚਿਆਂ/ਨੌਜਵਾਨ ਵਿਅਕਤੀਆਂ ਦੀ ਸਿੱਖਿਆ ਤੱਕ ਪਹੁੰਚ ਵਿੱਚ ਬਹੁਤ ਫਾਸਲਾ ਰਹਿ ਜਾਂਦਾ ਹੈ।

6. ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸਿੱਖਿਆ ਲਈ ਦੋ ਮੰਤਰਾਲਿਆਂ ਦੀ ਜ਼ਿੰਮੇਵਾਰੀ ਹੈ। ਸਮਾਵੇਸ਼ੀ ਸਿੱਖਿਆ ਮਨੁੱਖੀ ਵਿਕਾਸ ਮੰਤਰਾਲੇ ਦਾ ਵਿਸ਼ਾ ਹੈ ਅਤੇ ਵਿਸ਼ੇਸ਼ ਸਿੱਖਿਆ ਸਮਾਜਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਦਾ। ਰਾਜਾਂ ਵਿੱਚ ਵੀ ਅਜਿਹੀ ਇੱਕ ਦੂਜੇ ਨਾਲ ਭਿੜਦੀ ਵਿਵਸਥਾ ਹੈ। ਇਸ ਦੇ ਸਿੱਟੇ ਵਜੋਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਪੜ੍ਹਾਈ ਲਈ ਆਪਸ ਵਿੱਚ ਵਿਰੋਧੀ ਨੀਤੀਆਂ ਅਤੇ ਤਰੀਕੇ ਪੈਦਾ ਹੋਏ। ਭਾਰਤ ਵਿੱਚ, ਮੁਥਾਜ ਬੱਚਿਆਂ ਨੂੰ ਉਨ੍ਹਾਂ ਦੇ ਮੁੱਢਲੇ ਬਚਪਨ ਤੋਂ ਹੀ ਸਮਾਵੇਸ਼ ਲਈ ਕੋਈ ਨੀਤੀ ਨਹੀਂ ਹੈ। ਦੇਸ਼ ਵਿੱਚ ਸਭ ਤੋਂ ਵੱਡਾ ਚਲਣ ਵਾਲਾ ਮੁੱਢਲਾ ਬਚਪਨ ਸੰਭਾਲ ਅਤੇ ਵਿਕਾਸ ਪ੍ਰੋਗਰਾਮ (ਈ ਸੀ ਸੀ ਡੀ), ਸਮੁੱਚੀਆਂ ਬਾਲ ਵਿਕਾਸ ਸੇਵਾਵਾਂ (ਆਈ ਸੀ ਡੀ ਐਸ) ਵਿੱਚ ਅਜੇ ਮੁਥਾਜ ਬੱਚਿਆਂ ਨੂੰ ਸ਼ਾਮਲ ਕਰਨਾ ਬਾਕੀ ਹੈ। ਆਂਗਨਵਾੜੀ ਕੇਂਦਰਾਂ ਨੂੰ ਸਮਾਵੇਸ਼ੀ ਮੁੱਢਲਾ ਬਚਪਨ ਵਿਕਾਸ ਕੇਂਦਰਾਂ ਦੇ ਤੌਰ ਤੇ ਕੰਮ ਕਰਨਾ ਚਾਹੀਦਾ ਹੈ।

7. ਇਸ ਤੱਥ ਨੂੰ ਮਹੱਤਵ ਨਾ ਦੇਣ ਦਾ ਸਿੱਟਾ ਹੈ ਕਿ ਸਮਾਵੇਸ਼ੀ ਸਿੱਖਿਆ ਸਮੁੱਚੀ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਲਿਆਉਣ ਦਾ ਸ਼ੁਰੂਆਤੀ ਬਿੰਦੂ ਬਣ ਸਕਦੀ ਹੈ ਜਿਸ ਤੋਂ ਸਭ ਸਿੱਖਿਆ ਲੈਣ ਵਾਲਿਆਂ ਨੂੰ ਲਾਭ ਮਿਲ ਸਕਦਾ ਹੈ, ਪਰ ਕੀ ਹੋਇਆ ਹੈ ਕਿ ਸਮਾਵੇਸ਼ੀ ਸਿੱਖਿਆ, ਸਿੱਖਿਆ ਪ੍ਰਣਾਲੀ ਦਾ ਇਕ ਪੂਰਕ ਭਾਗ ਹੀ ਬਣ ਕੇ ਰਹਿ ਗਈ ਹੈ।

8. ਅਪਾਹਜ ਔਰਤਾਂ/ਲੜਕੀਆਂ ਨੂੰ ਸਾਡੇ ਸਮਾਜਕ ਅਤੇ ਸਭਿਆਚਾਰਕ ਹਲਾਤਾਂ ਅਨੁਸਾਰ ਮੁੜ-ਵਸੇਬੇ ਦੀ ਲੋੜ ਹੁੰਦੀ ਹੈ। ਸਾਨੂੰ ਮੁਥਾਜ ਔਰਤਾਂ ਦੇ ਹੱਕਾਂ ਅਤੇ ਉਨ੍ਹਾਂ ਦੀਆਂ ਲੋੜਾਂ ਵੱਲ ਵੱਡੇ ਪੈਮਾਨੇ ਉਤੇ ਜਾਗਰੂਕਤਾ ਲਿਆਉਣ ਦੀ ਲੋੜ ਹੈ ਕਿਉਂਕਿ ਉਨ੍ਹਾਂ ਦਾ ਇਸ ਆਧੁਨਿਕ ਦੁਨੀਆਂ ਵਿੱਚ ਸਭ ਤੋਂ ਮਾੜਾ ਹਾਲ ਹੈ ਜਿਸ ਨੇ ਹਲੇ ਉਨ੍ਹਾਂ ਦੀ ਅਸਲੀ ਕਦਰ ਪਾਉਣੀ ਹੈ ਅਤੇ ਉਨ੍ਹਾਂ ਨੂੰ ਯੋਗ ਇੱਜ਼ਤ ਦੇਣੀ ਹੈ ਜੋ ਮੀਡੀਆ ਵਿੱਚ ਅਤੇ ਫੈਸ਼ਨ ਉਦਯੋਗ ਵਿੱਚ ਉਨ੍ਹਾਂ ਦੀ ਪੇਸ਼ ਕੀਤੀ ਜਾ ਰਹੀ ਤਸਵੀਰ ਉਪਰ ਅਧਾਰਤ ਨਹੀਂ ਹੋ ਸਕਦੀ।

## ਕੀ ਸਾਡੇ ਕੋਲ ਸੇਵਾਵਾਂ ਦੀ ਯੋਜਨਾਬੰਦੀ ਲਈ ਭਾਰਤ ਵਿੱਚ ਅਪਾਹਜਤਾ ਦਾ ਅੰਕੜਾ ਅਧਾਰ ਹੈ?

ਉਪਰ ਦਿੱਤੇ ਸਵਾਲ ਦਾ ਜਵਾਬ ਉਨਾ ਹੀ ਭੰਬਲਭੂਸੇ ਵਿੱਚ ਪਾਉਣ ਵਾਲਾ ਹੈ ਜਿੰਨੇ ਅਪਾਹਜਤਾ ਉਪਰ ਉਪਲਬਧ ਅੰਕੜੇ। 2001 ਦੀ ਮਰਦਮਸ਼ੁਮਾਰੀ ਅਨੁਸਾਰ, ਅਪਾਹਜ ਵਿਅਕਤੀਆਂ ਵਿੱਚੋਂ ਲਗਭਗ 75 ਪ੍ਰਤਿਸ਼ਤ ਪੇਂਡੂ ਇਲਾਕਿਆਂ ਵਿੱਚੋਂ ਸਨ ਅਤੇ ਸਿਰਫ਼ 25 ਪ੍ਰਤਿਸ਼ਤ ਸ਼ਹਿਰੀ ਇਲਾਕਿਆਂ ਵਿੱਚੋਂ। ਸਮੁੱਚੇ ਦੇਸ਼ ਦੀ ਅਬਾਦੀ ਦਾ 2.13 ਪ੍ਰਤਿਸ਼ਤ ਹਿੱਸਾ, ਇੱਕ ਜਾਂ ਇੱਕ ਤੋਂ ਵੱਧ ਅਪਾਹਜਤਾ ਦਾ ਸ਼ਿਕਾਰ ਸੀ। ਪੇਂਡੂ ਭਾਰਤ ਵਿੱਚ ਅਪਾਹਜਤਾ ਦਾ ਪਸਾਰ ਸ਼ਹਿਰਾਂ ਦੇ 1.93 ਪ੍ਰਤਿਸ਼ਤ ਨਾਲੋਂ ਬਹੁਤ ਵੱਧ 2.21 ਪ੍ਰਤਿਸ਼ਤ ਸੀ। ਮਰਦਾਂ ਵਿੱਚ ਅਪਾਹਜਤਾ ਦਾ ਅਨੁਪਾਤ, ਔਰਤਾਂ ਦੇ 1.87 ਪ੍ਰਤਿਸ਼ਤ ਦੇ ਮੁਕਾਬਲੇ ਕਾਫ਼ੀ ਵਧੇਰੇ 2.37 ਪ੍ਰਤਿਸ਼ਤ ਸੀ। ਅਨੁਸੂਚਿਤ ਜਾਤੀਆਂ ਦੀ ਸੂਰਤ ਵਿੱਚ, ਇਹ ਅਨੁਪਾਤ ਆਮ ਜਨਤਾ ਨਾਲੋਂ ਥੋੜ੍ਹਾ ਜਿਹਾ ਵੱਧ 2.23 ਪ੍ਰਤਿਸ਼ਤ ਸੀ ਜਦਕਿ ਅਨੁਸੂਚਿਤ ਕਬੀਲਿਆਂ ਵਿੱਚ ਇਹ ਦਰ ਕਾਫ਼ੀ ਘੱਟ, 1.92 ਪ੍ਰਤਿਸ਼ਤ ਸੀ।

## 2001 ਵਿੱਚ 21.9 ਮਿਲੀਅਨ ਤੋਂ ਵੱਧਕੇ ਇਹ 10 ਸਾਲਾਂ ਵਿੱਚ 26.8 ਮਿਲੀਅਨ ਤੱਕ ਪਹੁੰਚ ਗਈ –21.3 ਪ੍ਰਤਿਸ਼ਤ ਤੋਂ 2.21 ਪ੍ਰਤਿਸ਼ਤ

ਅਪਾਹਜਤਾ ਉਪਰ ਤਾਜ਼ਾ ਮਰਦਮਸ਼ੁਮਾਰੀ ਦੇ ਅੰਕੜਿਆਂ ਤੋਂ ਪਤਾ ਚਲਦਾ ਹੈ ਕਿ ਵੱਖ-ਵੱਖ ਤਰ੍ਹਾਂ ਦੀ ਅਪਾਹਜਤਾ ਦੇ ਸ਼ਿਕਾਰ ਵਿਅਕਤੀਆਂ ਦੀ ਗਿਣਤੀ ਵਿੱਚ ਪਿਛਲੇ 10 ਸਾਲਾਂ ਵਿੱਚ ਸਿਰਫ਼ ਥੋੜ੍ਹਾ ਜਿਹਾ ਹੀ ਵਾਧਾ, 2001 ਵਿੱਚ 2 ਕਰੋੜ 19 ਲੱਖ ਤੋਂ ਵਧ ਕੇ 2 ਕਰੋੜ 68 ਲੱਖ ਹੋਇਆ ਹੈ। ਪ੍ਰਤਿਸ਼ਤ ਵਿੱਚ ਦੇਖਿਆ ਜਾਵੇ ਤਾਂ ਭਾਰਤ ਦੇ ਰਜਿਸਟਰਾਰ ਜਨਰਲ ਵਲੋਂ ਜਾਰੀ 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਇਹ ਵਾਧਾ 2.13 ਪ੍ਰਤਿਸ਼ਤ ਤੋਂ 2.21 ਪ੍ਰਤਿਸ਼ਤ

ਹੋਇਆ ਹੈ। ਦੇਸ਼ ਵਿੱਚ ਅਪਾਹਜ ਪੁਰਸ਼ਾਂ ਦੀ ਗਿਣਤੀ 1 ਕਰੋੜ 49 ਲੱਖ ਸੀ ਜਿਸ ਦੇ ਮੁਕਾਬਲੇ ਔਰਤਾਂ ਇਕ ਕਰੋੜ 18 ਲੱਖ ਸਨ। ਪੇਂਡੂ ਖੇਤਰਾਂ ਵਿੱਚ ਅਪਾਹਜ ਵਿਅਕਤੀਆਂ ਦੀ ਗਿਣਤੀ ਇੱਕ ਕਰੋੜ 80 ਲੱਖ ਸੀ ਅਤੇ ਸ਼ਹਿਰੀ ਇਲਾਕਿਆਂ ਵਿੱਚ ਕੁੱਲ 81 ਲੱਖ। ਪ੍ਰਤਿਸ਼ਤ ਅਨੁਪਾਤ ਵਿੱਚ ਅਪਾਹਜ ਆਦਮੀ 2.41 ਪ੍ਰਤਿਸ਼ਤ ਸਨ ਅਤੇ ਔਰਤਾਂ 2001 ਪ੍ਰਤਿਸ਼ਤ।

ਰੋਜ਼ਗਾਰਸ਼ੁਦਾ ਅਪਾਹਜ ਵਿਅਕਤੀਆਂ ਦੀ ਗਿਣਤੀ, ਵੱਖ-ਵੱਖ ਭੂਗੋਲਿਕ ਖੇਤਰਾਂ (ਸ਼ਹਿਰੀ ਜਾਂ ਪੇਂਡੂ), ਲਿੰਗ, ਸਿੱਖਿਆ ਅਤੇ ਅਪਾਹਜਤਾ ਦੀ ਕਿਸਮ ਕਾਰਨ ਅਲਗ-ਅਲਗ ਹੈ। 2011 ਦੀ ਭਾਰਤ ਦੀ ਮਰਦਮਸ਼ੁਮਾਰੀ ਅਨੁਸਾਰ, ਦੇਸ਼ ਵਿੱਚ 68 ਪ੍ਰਤਿਸ਼ਤ ਲੋਕ ਪਿੰਡਾਂ ਵਿੱਚ ਵਸਦੇ ਸਨ। ਇਸ ਲਈ ਸਮੁੱਚੀ ਅਬਾਦੀ ਵਿੱਚ, ਪੇਂਡੂ ਖੇਤਰਾਂ ਵਿੱਚ ਅਪਾਹਜਾਂ ਦੀ ਗਿਣਤੀ ਅਨੁਪਾਤਕ ਪੱਖੋਂ ਵਧੇਰੇ ਹੈ ਜੋ ਆਮ ਤੌਰ ਤੇ ਗਰੀਬੀ ਦੀ ਹਾਲਤ ਅਤੇ ਸਿਹਤ ਸੇਵਾਵਾਂ ਤੱਕ ਘੱਟ ਪਹੁੰਚ ਦੀ ਹਾਲਤ ਵਿੱਚ ਰਹਿ ਰਹੇ ਹਨ। ਪੇਂਡੂ ਅਪਾਹਜ ਵਿਅਕਤੀ ਵਧੇਰੇ ਕਰਕੇ ਮਹਾਰਤਾਂ ਅਤੇ ਮੰਡੀਆਂ ਨਾਲ ਜੁੜੇ ਨਹੀਂ ਹਨ। ਉਨ੍ਹਾਂ ਦਾ ਪੜ੍ਹਾਈ ਲਿਖਾਈ ਦਾ ਮਿਆਰ ਵੀ ਬਹੁਤ ਘੱਟ ਹੈ। ਭਾਰਤ ਦੀ ਮਰਦਮਸ਼ੁਮਾਰੀ ਅਨੁਸਾਰ, ਅੰਦਾਜ਼ਨ 51 ਪ੍ਰਤਿਸ਼ਤ ਅਪਾਹਜ ਵਿਅਕਤੀ ਪੜ੍ਹੇ-ਲਿਖੇ ਨਹੀਂ ਹਨ – 26 ਪ੍ਰਤਿਸ਼ਤ ਸਿਰਫ਼ ਪ੍ਰਾਇਮਰੀ ਪੱਧਰ ਤੱਕ ਪਹੁੰਚਦੇ ਹਨ, 6 ਪ੍ਰਤਿਸ਼ਤ ਮਿਡਲ ਪੱਧਰ ਅਤੇ ਸਿਰਫ਼ 13 ਪ੍ਰਤਿਸ਼ਤ ਸੈਕੰਡਰੀ ਪੱਧਰ ਅਤੇ ਉਸ ਤੋਂ ਅੱਗੇ ਪਹੁੰਚਦੇ ਹਨ (ਅੰਤਰਰਾਸ਼ਟਰੀ ਲੇਬਰ ਸੰਸਥਾਨ ਦਾ 2011 ਦਾ ਅਧਿਐਨ – ਏਸ਼ੀਆ ਪ੍ਰਸ਼ਾਂਤ ਖੇਤਰੀ ਦਫ਼ਤਰ, ਬੈਂਕੌਕ ਵਲੋਂ ਕੀਤਾ ਗਿਆ)।

ਅਪਾਹਜਤਾ ਉਪਰ ਉਪਲਬਧ ਅੰਕੜੇ, ਵਧੇਰੇ ਕੁੱਝ ਜਾਹਰ ਕਰਨ ਦੀ ਬਜਾਇ ਬਹੁਤਾ ਛੁਪਾਉਂਦੇ ਹਨ। ਸਮੁੱਚੀ ਅਬਾਦੀ ਦੀ ਮਰਦਮਸ਼ੁਮਾਰੀ, ਜੋ ਇੱਕ ਬਹੁਤ ਵੱਡਾ ਕਾਰਜ ਹੈ ਤੋਂ ਇਹ ਉਮੀਦ ਰਖਣਾ ਕਿ ਅਪਾਹਜਤਾ ਉਪਰ ਸਹੀ ਅੰਕੜੇ ਉਪਲਬਧ ਹੋ ਜਾਣਗੇ ਬਹੁਤ ਮੁਸ਼ਕਲ ਹੈ ਕਿਉਂਕਿ ਅਪਾਹਜਤਾ ਦੀ ਪਛਾਣ ਲਈ ਮਹਾਰਤ ਦੀ ਲੋੜ ਹੁੰਦੀ ਹੈ, ਖ਼ਾਸ ਤੌਰ ਤੇ ਵਿਸ਼ੇਸ਼ ਮੁਥਾਜੀ ਦੀ ਸੂਰਤ ਵਿੱਚ (ਬੁੱਧੀਮਾਨੀ, ਇੰਦਰੀ ਬੁੱਧੀਮਾਨਤਾ, ਘੱਟ ਅਤੇ ਹਲਕੇ ਪੱਧਰ ਦੀ ਅਪਾਹਜਤਾ) ਜੋ ਅਸਾਨੀ ਨਾਲ ਦਿਖਾਈ ਨਹੀਂ ਦਿੰਦੀ ਜਦੋਂ ਤੱਕ ਕਿ ਪਛਾਣ ਕਰਨ ਵਾਲਾ ਵਿਅਕਤੀ ਇਸ ਕਾਰਜ ਲਈ ਸਿੱਖਿਅਤ ਨਾ ਹੋਵੇ।

ਭਾਰਤ ਵਿੱਚ ਸਾਨੂੰ ਅਪਾਹਜਤਾ ਉਪਰ ਅੰਕੜਿਆਂ ਦੀ ਲੋੜ ਸੇਵਾਵਾਂ ਲਈ ਯੋਜਨਾਬੰਦੀ ਕਰਨ ਲਈ ਹੁੰਦੀ ਹੈ ਜਿਸ ਨਾਲ ਅਸਰਦਾਰ ਸਮਾਵੇਸ਼ ਕੀਤਾ ਜਾ ਸਕੇ। ਇਸ ਕਾਰਜ ਲਈ ਸ਼ੋਧ ਵਾਲੀ ਪਹੁੰਚ ਦੀ ਲੋੜ ਹੈ ਕਿਉਂਕਿ ਸਰਵੇ ਕਰਨ ਦੇ ਤਰੀਕੇ ਅਨੁਸਾਰ ਵਿਸ਼ੇਸ਼ ਥੁੜ੍ਹਾਂ ਵਾਲੇ ਵਿਅਕਤੀਆਂ ਬਾਰੇ ਵਿਆਪਕ ਜਾਣਕਾਰੀ ਹਾਸਲ ਨਹੀਂ ਕੀਤੀ ਜਾ ਸਕਦੀ। ਸਾਨੂੰ ਸਮਾਜਕ ਪੱਧਰ ਉਤੇ ਅਪਾਹਜ ਵਿਅਕਤੀਆਂ ਬਾਰੇ ਪੂਰੀ ਜਾਣਕਾਰੀ, ਸਮਾਜਕ, ਆਰਥਿਕ, ਸਿੱਖਿਆ ਰੋਜ਼ਗਾਰ ਚਿੱਠਾ ਅਤੇ ਹਰ ਵਿਅਕਤੀ ਦੀਆਂ ਵੱਖ-ਵੱਖ ਲੋੜਾਂ (ਪੁਨਰਵਾਸ, ਰੋਜ਼ਗਾਰ, ਮਹਾਰਤ ਵਿਕਾਸ, ਸਿੱਖਿਆ ਆਦਿ) ਬਾਰੇ ਪੂਰੀ ਜਾਣਕਾਰੀ ਮਿਲਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਦੇ ਅਸਰਦਾਰ ਸਮਾਵੇਸ਼ ਲਈ ਸੇਵਾਵਾਂ ਯੋਜਨਾਬਧ ਕੀਤੀਆਂ ਜਾ ਸਕਣ।

ਭਾਰਤ ਨੂੰ ਅਪਾਹਜ ਵਿਅਕਤੀਆਂ ਬਾਰੇ ਸਮਾਜਕ, ਸਕੂਲ, ਆਈ ਸੀ ਡੀ ਐੱਸ ਪੱਧਰ ਉਤੇ ਜਾਣਕਾਰੀ ਲਾਜ਼ਮੀ ਰਜਿਸਟਰੇਸ਼ਨ ਕਰਾਉਣਾ ਸ਼ੁਰੂ ਕਰਨਾ ਚਾਹੀਦਾ ਹੈ। ਇਹ ਕਾਰਜ ਪਿੰਡਾਂ ਵਿੱਚ ਅਪਾਹਜਤਾ ਰਜਿਸਟਰ, ਸਕੂਲਾਂ ਵਿੱਚ ਮੁਥਾਜੀ ਬੱਚਿਆਂ ਦੇ ਰਜਿਸਟਰ, ਵਾਰਡ ਪੱਧਰ ਦੇ ਅਪਾਹਜਤਾ ਰਜਿਸਟਰ ਅਤੇ ਅਧਾਰ ਕਾਰਡ, ਰਾਸ਼ਨ ਕਾਰਡ ਨਾਲ ਇਕ ਹੋਰ ਕਾਰਡ ਜਾਰੀ ਕਰਕੇ ਕੀਤਾ ਜਾ ਸਕਦਾ ਹੈ। ਇਨ੍ਹਾਂ ਅੰਕੜਿਆਂ ਨੂੰ ਹੁੱਣ ਤੱਕ ਚਾਲੂ ਕਾਗਜ਼ੀ ਪਛਾਣ ਪੱਤਰਾਂ ਦੀ ਬਜਾਇ ਸਮਾਰਟ ਪਛਾਣ ਪੱਤਰ ਜਾਰੀ ਕਰਨ ਲਈ ਵਰਤਿਆ ਜਾ ਸਕਦਾ ਹੈ। ਭਾਰਤ ਵਿੱਚ ਬੱਚੇ ਦੇ ਜਨਮ ਰਜਿਸਟਰੇਸ਼ਨ ਪ੍ਰੋਗਰਾਮ ਅਧੀਨ ਪਿੰਡਾਂ ਵਿੱਚ ਸਮਾਜ ਅਧਾਰਤ ਸਮਾਵੇਸ਼ੀ ਸੇਵਾਵਾਂ ਮੁਹੱਈਆ ਕਰਨ ਲਈ ਵੱਖਰੇ ਅਪਾਹਜਤਾ ਰਜਿਸਟਰ ਤਿਆਰ ਕੀਤੇ ਜਾਂਦੇ ਹਨ।

ਸਮਾਵੇਸ਼ ਦੇ ਰਸਤੇ ਵਿੱਚ ਆਉਣ ਵਾਲੀਆਂ ਹੋਰ ਵੱਡੀਆਂ ਰੁਕਾਵਟਾਂ ਇਹ ਹਨ :

• ਅਪਾਹਜ ਬੱਚੇ ਸਿੱਖਿਆ ਪ੍ਰਣਾਲੀ ਤੋਂ ਅੱਖੋਂ ਪਰੋਖੇ ਰਹਿੰਦੇ ਹਨ। • ਪਰਿਵਾਰਾਂ ਨੂੰ ਮਦਦ ਨਹੀਂ ਮਿਲਦੀ। • ਅਧਿਆਪਕਾਂ ਨੂੰ ਅਨੁਕੂਲ ਪਾਠਕ੍ਰਮ ਤਿਆਰ ਕਰਨ ਲਈ ਕੋਈ ਸਿਖਲਾਈ, ਲੀਡਰਸ਼ਿਪ, ਗਿਆਨ ਅਤੇ ਮਦਦ ਨਹੀਂ ਮਿਲਦੀ। • ਸਿੱਖਿਆ ਦਾ ਨੀਵਾਂ ਮਿਆਰ। • ਮਾਪਿਆਂ, ਅਧਿਆਪਕਾਂ, ਪ੍ਰਸ਼ਾਸਕਾਂ ਅਤੇ ਨੀਤੀ, ਯੋਜਨਾਬੰਦੀ, ਵਿੱਤੀ, ਲਾਗੂਕਰਨ ਅਤੇ ਮਾਨੀਟਰਿੰਗ। • ਸਮਾਵੇਸ਼ ਲਈ ਆਮ ਜਨਤਾ ਵਲੋਂ ਕੋਈ ਮਦਦ ਨਹੀਂ। • ਜਵਾਬਦੇਹੀ ਅਤੇ ਮਾਨੀਟਰਿੰਗ ਪ੍ਰਣਾਲੀ ਦੀ ਘਾਟ।

ਸਮੁੱਚੇ ਤੌਰ ਤੇ ਇਹ ਤਰਕ ਦਿੱਤਾ ਜਾ ਸਕਦਾ ਹੈ ਕਿ ਸਮਾਵੇਸ਼ੀ ਸਿੱਖਿਆ ਲਈ ਲੀਡਰਸ਼ਿਪ ਦਾ ਰਾਜਨੀਤਕ ਫਰਕ ਅਤੇ ਜਵਾਬਦੇਹੀ ਦਾ ਪੱਧਰ ਮੁਥਾਜ ਵਿਅਕਤੀਆਂ ਦੇ ਸਿੱਖਿਆ ਅਧਿਕਾਰਾਂ ਵਿੱਚ ਵੱਡੇ ਚਾਲੂ ਪਾੜੇ ਲਈ ਕਾਫ਼ੀ ਨਹੀਂ ਸੀ।

## ਰਾਸ਼ਟਰੀ ਸਿੱਖਿਆ ਨੀਤੀ 2015 – ਸਮਾਜਕ ਖੱਪਿਆਂ ਨੂੰ ਭਰਨ ਲਈ ਇਕ ਪਹਿਲਕਦਮੀ

ਰਾਸ਼ਟਰੀ ਸਿੱਖਿਆ ਨੀਤੀ 2015 ਵਿੱਚ ਥੱਲੇ ਤੋਂ ਉਪਰ ਦੀ ਪਹੁੰਚ ਅਪਣਾਈ ਗਈ ਹੈ ਜਿਸ ਨਾਲ ਸਮਾਜ ਨੂੰ ਬਹਿਸ/ਵਿਚਾਰ ਵਟਾਂਦਰੇ ਲਈ ਮੌਕਾ ਮਿਲਦਾ ਹੈ। ਇਹ ਰਾਸ਼ਟਰੀ ਸਿੱਖਿਆ ਨੀਤੀ 2015 ਦੀ ਇਕ ਅਦੁੱਤੀ ਵਿਸ਼ੇਸ਼ਤਾ ਹੈ ਅਤੇ ਇਹ ਨੀਤੀ ਨਿਰਧਾਰਕਾਂ ਲਈ ਜ਼ਰੂਰੀ ਸੀ ਤਾਂ ਕਿ ਉਹ ਸਮਾਜ ਅਤੇ ਜ਼ਮੀਨੀ ਲੋੜਾਂ ਬਾਰੇ ਸਮਝ ਸਕਣ ਅਤੇ ਇਸ ਨੂੰ ਨੀਤੀ ਢਾਂਚੇ ਵਿੱਚ ਢੁਕਵੇਂ ਤਰੀਕੇ ਨਾਲ ਸ਼ਾਮਲ ਕਰ ਸਕਣ। ਰਾਸ਼ਟਰੀ ਸਿੱਖਿਆ ਨੀਤੀ 2015 ਵਿੱਚ ਸਮਾਵੇਸ਼ੀ ਸਿੱਖਿਆ ਦੀ ਇਹ ਕੋਸ਼ਿਸ਼ ਕਾਮਯਾਬ ਰਹੀ ਹੈ। ਇਸ ਢਾਂਚੇ ਵਿੱਚ ਸਮਾਵੇਸ਼ੀ ਸਿੱਖਿਆ ਬਾਰੇ ਧਾਰਨਾਗਤ ਸਪੱਸ਼ਟਤਾ ਸਾਫ਼ ਦੇਖੀ ਜਾ ਸਕਦੀ ਹੈ। ਉਦਾਹਰਣ ਦੇ ਤੌਰ ਤੇ, ਸਮਾਵੇਸ਼ੀ ਸਿੱਖਿਆ ਨੂੰ ਮੁਥਾਜ ਬੱਚਿਆਂ ਲਈ ਇਕ ਵੱਖਰੀ ਨੀਤੀ ਦੇ ਤੌਰ ਤੇ ਦੇਖਣ ਦੀ ਬਜਾਇ, ਰਾਸ਼ਟਰੀ ਸਿੱਖਿਆ ਨੀਤੀ 2015 ਵਿੱਚ ਸਮਾਵੇਸ਼ੀ ਸਿੱਖਿਆ ਨੂੰ ਸਿੱਖਿਆ ਦੇ ਇਕ ਅਨਿੱਖੜਵੇਂ ਅੰਗ ਦੇ ਤੌਰ ਤੇ ਦੇਖਿਆ ਗਿਆ ਹੈ ਜਿਸ ਵਿੱਚ ਅਪਾਹਜ ਬੱਚਿਆਂ/ਨੌਜਵਾਨ ਵਿਅਕਤੀਆਂ ਦੀਆਂ, ਪ੍ਰਾਇਮਰੀ ਸਿੱਖਿਆ ਤੋਂ ਲੈ ਕੇ ਉੱਚ ਸਿੱਖਿਆ ਵੱਖ-ਵੱਖ ਲੋੜਾਂ ਨੂੰ ਪਛਾਣ ਕਰਕੇ ਮੋਟੇ ਤੌਰ ਤੇ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਰਾਸ਼ਟਰੀ ਸਿੱਖਿਆ ਨੀਤੀ 2015 ਯਕੀਨੀ ਬਣਾਉਂਦੀ ਹੈ ਕਿ ਹਰ ਅਧਿਆਪਕ ਪੜ੍ਹਨ ਵਾਲਿਆਂ ਦੀਆਂ ਵੱਖ-ਵੱਖ ਲੋੜਾਂ ਦੀ ਪੂਰਤੀ ਲਈ ਪੂਰੀ ਤਰ੍ਹਾਂ ਸਮਰੱਥ ਹੋਵੇ। ਰਾਸ਼ਟਰੀ ਸਿੱਖਿਆ ਨੀਤੀ 2015 ਵਿੱਚ

*ਬਾਕੀ ਸਫ਼ਾ 16 ਉੱਤੇ*

# ਵੱਖਰੀ ਤਰ੍ਹਾਂ ਸਮਰੱਥਾਂ ਨੂੰ ਹੁਨਰਮੰਦ ਬਨਾਉਣਾ

ਸ਼ਾਂਤੀ ਰਾਘਵਨ

ਮੰਜੂਨਾਥ ਇੱਕ ਛੋਟੀ ਜਿਹੀ ਕੰਪਨੀ ਵਿੱਚ ਸੁਪਰਵਾਈਜ਼ਰ ਹੈ ਜਿੱਥੇ 15 ਵਿਅਕਤੀਆਂ ਦੀ ਉਸਦੀ ਇੱਕ ਟੀਮ ਕੱਪੜਾ ਬਣਾਉਣ ਵਾਲੀ ਮਸ਼ੀਨਰੀ ਦੇ ਪੁਰਜ਼ਿਆਂ ਦਾ ਕੰਮ ਕਰਦੀ ਹੈ। ਗੁਣਤਾ ਬਹੁਤ ਮਹੱਤਵ ਰੱਖਦੀ ਹੈ। ਗਾਹਕ ਵਲੋਂ ਕਿਸੇ ਵੀ ਮਾਲ ਨੂੰ ਰੱਦ ਕਰਨ ਜਾਂ ਠੁਕਰਾਉਣ ਦਾ ਮਤਲਬ ਹੈ ਵਪਾਰ ਦਾ ਨੁਕਸਾਨ। ਪ੍ਰਧਾਨ ਮੰਤਰੀ ਮੋਦੀ ਦੀ ਮੇਕ ਇਨ ਇੰਡੀਆ ਮੁਹਿੰਮ ਮੰਜੂਨਾਥ ਵਰਗੇ ਲੋਕਾਂ ਉਤੇ ਅਧਾਰਤ ਹੈ ਜੋ ਗੁਣਤਾ ਵਾਲਾ ਉਤਪਾਦਨ ਕਰਦੇ ਹਨ। ਮੰਜੂਨਾਥ ਦੀ ਨਜ਼ਰ ਕਮਜ਼ੋਰ ਹੈ ਅਤੇ ਉਸ ਦੀ ਟੀਮ ਵੀ ਭਿੰਨਤਾ ਵਾਲੀ ਹੈ ਜਿਸ ਵਿੱਚ ਅਸਮਰੱਥਾ ਵਾਲੇ ਲੋਕ ਸ਼ਾਮਲ ਹਨ।

ਸਟੈਨਲੇ ਸਵੈ-ਰੋਜ਼ਗਾਰ ਹੈ ਅਤੇ ਫਿਨਾਇਲ ਦਾ ਵਪਾਰ ਕਰਦਾ ਹੈ। ਉਹ ਦਿਮਾਗੀ ਲਕਵੇ ਦਾ ਸ਼ਿਕਾਰ ਹੈ। ਤਬੱਸੁਮ ਤੱਟ ਤੋਂ ਦੂਰ ਦੇ ਇੱਕ ਹਮਾਇਤ ਕੇਂਦਰ ਵਿੱਚ ਕੰਮ ਕਰਦੀ ਹੈ ਅਤੇ ਦੂਰ ਮਹਾਂਸਾਗਰ ਪਾਰ ਦੂਰ-ਦੁਰਾਡੇ ਇੰਗਲੈਂਡ ਵਿੱਚ ਗਾਹਕ ਉਤੇ ਨਜ਼ਰ ਰੱਖਣ ਲਈ ਇੱਕ ਟੱਕ ਸਕਰੀਨ ਵੱਲ ਦੇਖਦੀ ਰਹਿੰਦੀ ਹੈ। ਉਹ ਸਰੀਰਕ ਅਪਾਹਜਤਾ ਦੀ ਸ਼ਿਕਾਰ ਹੈ। ਪਰਦੀਪ ਇੱਕ ਮਾਲ ਵਿੱਚ ਕੰਮ ਕਰਦਾ ਹੈ ਅਤੇ ਇੱਕ ਬੇਅ ਦਾ ਮਾਲਕ ਹੈ। ਉਹ ਬੌਧਿਕ ਅਪੰਗਤਾ ਦਾ ਸ਼ਿਕਾਰ ਹੈ ਜਿਸ ਦੀ ਨਜ਼ਰ ਕਮਜ਼ੋਰ ਹੈ ਅਤੇ ਉਸ ਨੂੰ ਉੱਚਾ ਵੀ ਸੁਣਦਾ ਹੈ। ਰਾਜੀਵ ਬਹੁ-ਰਾਸ਼ਟਰੀ ਬੈਂਕ ਵਿੱਚ ਵਿਸ਼ਲੇਸ਼ਕ ਹੈ ਜਿਸ ਨੂੰ ਸੁਣਾਈ ਨਹੀਂ ਦਿੰਦਾ। ਪ੍ਰਸ਼ਾਂਤ ਨੂੰ ਹਾਂ-ਪੱਖੀ ਕਾਰਵਾਈ ਦੇ ਚਲਦਿਆਂ ਪੰਚਾਇਤ ਵਿਕਾਸ ਅਫਸਰ ਦੀ ਨੌਕਰੀ ਮਿਲ ਗਈ। ਉਹ ਦ੍ਰਿਸ਼ਟੀਹੀਣ ਹੈ। ਸ਼ੁਰੂ ਵਿੱਚ ਉਸ ਨੂੰ ਨਜ਼ਰ ਨਾ ਆਉਣ ਕਾਰਨ ਕੰਮ ਨਹੀਂ ਸੀ ਦਿੱਤਾ ਗਿਆ ਪਰ ਉਸ ਦੇ ਬੋਲਣ ਵਾਲੇ ਸਾਫਟਵੇਅਰ ਵਿੱਚ ਤਬਦੀਲੀਆਂ ਕਰਨ ਤੋਂ ਬਾਅਦ ਜਦੋਂ ਉਸ ਨੂੰ ਕੰਨੜ ਵਿੱਚ ਟਾਈਪ ਕਰਨ ਲਈ ਵਿਸ਼ੇਸ਼ ਸਿਖਲਾਈ ਪ੍ਰਦਾਨ ਕੀਤੀ ਗਈ ਤਾਂ ਉਹ ਅਪਾਹਜਤਾ ਦੀਆਂ ਚੁਨੌਤੀਆਂ ਨੂੰ ਪਾਰ ਕਰਨ ਵਿੱਚ ਕਾਮਯਾਬ ਹੋਇਆ। ਉਸ ਨੇ ਆਪਣੇ ਸਹਿਯੋਗੀਆਂ ਅਤੇ ਪਿੰਡ ਵਾਲਿਆਂ ਤੋਂ ਆਦਰ ਪ੍ਰਾਪਤ ਕੀਤਾ ਹੈ।

ਵਧੇਰੇ ਅਪਾਹਜਤਾ ਹੋਣ ਕਾਰਨ ਗੌਸੀਆ ਨੂੰ ਨਹਾਉਣ ਅਤੇ ਖਾਣਾ ਖੁਆਉਣ ਦਾ ਕੰਮ ਉਸ ਦੀ ਮਾਤਾ ਨੂੰ ਕਰਨਾ ਪੈਂਦਾ ਹੈ। ਉਸ ਕੋਲ ਕਿਸੇ ਵੀ ਤਰ੍ਹਾਂ ਦਾ ਮਸ਼ੀਨੀ ਕੰਮ ਨਹੀਂ। ਪਰ, ਗੌਸੀਆ ਬਹੁ-ਰਾਸ਼ਟਰੀ ਕੰਪਨੀ ਵਿੱਚ ਪ੍ਰਾਜੈਕਟ ਤਾਲਮੇਲਕਰਤਾ ਦੇ ਤੌਰ ਤੇ ਮਿਲਣ ਵਾਲੀ ਤਨਖ਼ਾਹ ਨਾਲ ਆਪਣੀ ਮਾਂ ਦੀ ਦੇਖਭਾਲ ਕਰਦੀ ਹੈ। ਅਸਲ ਵਿੱਚ, ਆਨ-ਲਾਈਨ ਖਰੀਦਦਾਰੀ ਦੁਆਰਾ ਖਰੀਦੀ ਗਈ ਕੱਪੜੇ ਧੋਣ ਵਾਲੀ ਮਸ਼ੀਨ ਉਸ ਦੀ ਮਾਂ ਲਈ ਬਹੁਤ ਮੱਦਦਗਾਰ ਸਾਬਤ ਹੋਈ ਹੈ। ਕੰਮ ਦੇ ਸਥਾਨ ਵਾਲੇ ਸਾਧਨਾਂ, ਜਿਵੇਂ ਅਵਾਜ਼ ਦੀ ਪਛਾਣ ਕਰਨ ਵਾਲੇ ਸਾਫਟਵੇਅਰ ਦੀ ਮਦਦ ਨਾਲ ਉਹ ਆਪਣਾ ਕੰਮ ਆਨ-ਲਾਈਨ ਕਰਦੀ ਹੈ ਜੋ ਸਿਰਫ਼ ਅਵਾਜ਼ ਦੀ ਵਰਤੋਂ ਕਰਕੇ ਉਸ ਨੂੰ ਫ਼ੋਨ, ਇੰਟਰਨੈੱਟ ਅਤੇ ਦੂਸਰੇ ਸਾਫਟਵੇਅਰ ਯੰਤਰ ਇਸਤੇਮਾਲ ਕਰਨ ਦੇ ਯੋਗ ਬਣਾਉਂਦਾ ਹੈ।

ਮੰਜੂਨਾਥ, ਸਟੈਨਲੇ, ਤਬੱਸੁਮ, ਪ੍ਰਦੀਪ, ਗੌਸੀਆ, ਰਾਜੀਵ, ਪ੍ਰਸ਼ਾਂਤ ਸਾਰੇ ਹੀ, "ਭਾਰਤ ਵਿੱਚ ਤਬਦੀਲੀ" ਦਾ ਹਿੱਸਾ ਹਨ। ਹੁਨਰ ਪ੍ਰਾਪਤ ਕਰਕੇ ਅਤੇ ਰੋਜ਼ਗਾਰ ਦੇ ਯੋਗ ਬਣ ਕੇ ਉਹ ਹੋਰਨਾਂ ਵਾਂਗ ਹੀ ਕੰਮ ਕਰਦੇ ਹਨ, ਟੈਕਸ ਦਿੰਦੇ ਹਨ, ਆਪਣੇ ਪਰਿਵਾਰ ਦੀ ਸਾਂਭ-ਸੰਭਾਲ ਕਰਦੇ ਹਨ ਅਤੇ ਆਮ ਸਮਾਜ ਦਾ ਹਿੱਸਾ ਹਨ। ਇਹ ਸਾਨੂੰ ਯਾਦ ਕਰਵਾਉਂਦੇ ਹਨ ਕਿ ਜਿਸ ਨੇ ਭਾਰਤ ਨੂੰ ਮਹਾਨ ਬਣਾਇਆ ਹੈ, ਉਹ ਹੈ ਇਸ ਦੇ ਲੋਕਾਂ ਦੀ ਅਪੰਗਤਾ, ਗਰੀਬੀ ਅਤੇ ਵਿਤਕਰੇ ਜਿਹੀਆਂ ਚੁਨੌਤੀਆਂ ਤੇ ਕਾਬੂ ਪਾਉਣ ਦੀ ਸਮਰੱਥਾ।

## ਰੋਜ਼ਗਾਰ ਤੇ ਹੁਨਰਮੰਦ ਬਨਾਉਣ ਦਾ ਵਰਤਮਾਨ ਦ੍ਰਿਸ਼

ਪਿਛਲੇ 10 ਸਾਲਾਂ ਵਿੱਚ ਨਿੱਜੀ ਖੇਤਰ ਅੰਦਰ ਅਪੰਗਤਾ ਦੇ ਸ਼ਿਕਾਰ ਵਿਅਕਤੀਆਂ ਲਈ ਰੋਜ਼ਗਾਰ ਦੇ ਮੌਕਿਆਂ ਵਿੱਚ ਨਾਟਕੀ ਸੁਧਾਰ ਹੋਇਆ ਹੈ, ਖ਼ਾਸ ਕਰਕੇ ਵੱਡੇ ਸ਼ਹਿਰਾਂ ਵਿੱਚ ਜਿਥੇ ਕੰਪਨੀਆਂ ਅਪੰਗਤਾ ਵਾਲੇ ਵਿਅਕਤੀਆਂ ਨੂੰ ਨੌਕਰੀ ਉਤੇ ਰੱਖਣ ਵਿੱਚ ਵਪਾਰ ਦੀਆਂ ਕਦਰਾਂ-ਕੀਮਤਾਂ ਵੇਖਦੀਆਂ ਹਨ। ਉਤਪਾਦਕਤਾ ਅਤੇ ਗੁਣਤਾ ਸਬੰਧਤ ਕੰਪਨੀਆਂ ਦੀਆਂ ਚਿੰਤਾਵਾਂ ਨੂੰ ਉਮੀਦਵਾਰਾਂ ਨੂੰ ਹੁਨਰਮੰਦ ਕਰਕੇ ਰੋਜ਼ਗਾਰ ਯੋਗ ਬਣਾ ਕੇ ਹੱਲ ਕਰ ਲਿਆ ਗਿਆ ਸੀ। ਕੰਪਨੀਆਂ ਨੂੰ ਵਧੀਆ ਰੋਜ਼ਗਾਰ ਯੋਗ ਉਤਪਾਦ ਪ੍ਰਦਾਨ ਕਰਕੇ ਬਣੇ ਵਿਸ਼ਵਾਸ ਨੂੰ ਫਲ ਲੱਗਾ। 2008 ਅਤੇ 2014 ਦੀ ਮੰਦੀ ਦੇ ਸਿਖਰ ਵਿੱਚ ਵੀ ਕੰਪਨੀਆਂ ਨੇ ਅਪੰਗਤਾ ਵਾਲੇ ਵਿਅਕਤੀਆਂ ਨੂੰ ਰੋਜ਼ਗਾਰ ਦਿੱਤਾ ਜੋ ਸਾਬਤ ਕਰਦਾ ਹੈ ਕਿ ਜੇ ਤੁਸੀਂ ਚੰਗਾ ਉਤਪਾਦ ਬਣਾਉਗੇ ਤਾਂ ਇਸ ਨੂੰ ਲਾਜ਼ਮੀ ਤੌਰ ਤੇ ਬਜ਼ਾਰ ਵੀ ਮਿਲੇਗਾ। ਪਿਛਲੇ ਪੰਜ ਸਾਲਾਂ ਦੌਰਾਨ ਤੇਜ਼ੀ ਨਾਲ ਵਿਕਸਤ ਹੋ ਰਹੀਆਂ ਕੰਪਨੀਆਂ ਨੂੰ ਪੂਰਤੀ ਦੇ ਵੱਡੇ ਖੱਪੇ ਦਾ ਸਾਹਮਣਾ ਕਰਨਾ ਪਿਆ ਜਿਸ ਕਰਕੇ ਕਈ ਕੰਪਨੀਆਂ ਨੇ ਪੂਰਤੀ ਦੇ ਨਿਰੰਤਰ ਵਸੀਲੇ ਵਜੋਂ ਅਪੰਗਤਾ ਵਾਲੇ ਵਿਅਕਤੀਆਂ ਵੱਲ ਵੇਖਣਾ ਸ਼ੁਰੂ ਕੀਤਾ। ਅਪੰਗਤਾ, ਮੁੱਖਧਾਰਾ ਦੇ ਸਿਖਲਾਈ ਸੰਸਥਾਨਾਂ ਅਤੇ ਸਮਾਜਕ ਉੱਦਮਾਂ ਵਿੱਚ ਮਹਾਰਤ ਰੱਖਣ ਵਾਲੇ ਗ਼ੈਰ-ਸਰਕਾਰੀ ਸੰਗਠਨ ਹੁਣ ਦੂਜੇ ਦਰਜੇ ਦੇ ਸ਼ਹਿਰਾਂ ਅਤੇ ਜ਼ਿਲ੍ਹਿਆਂ ਵਿੱਚ ਵੀ ਅਪੰਗ ਵਿਅਕਤੀਆਂ ਨੂੰ ਹੁਨਰਮੰਦ ਕਰਕੇ ਰੋਜ਼ਗਾਰ ਯੋਗ ਬਣਾ ਰਹੇ ਹਨ।

ਉਜਰਤ ਰੋਜ਼ਗਾਰ ਮੋਹਰੀ ਵਿਅਕਤੀਆਂ ਅਤੇ ਜਾਂਚਕਰਤਾਵਾਂ ਨੂੰ ਹੁਨਰਮੰਦ ਕਰਕੇ, ਅਪੰਗਤਾ ਵਾਲੇ ਵਿਅਕਤੀਆਂ ਨੂੰ ਕੰਪਨੀਆਂ ਵਿੱਚ ਸਫਲਤਾਪੂਰਵਕ ਸ਼ਾਮਲ ਕਰਨ ਅਤੇ ਏਕੀਕ੍ਰਿਤ ਕਰਨ ਨਾਲ ਹੀ ਸੰਭਵ ਹੋ ਸਕਿਆ ਹੈ। ਵਿਸ਼ੇਸ਼ ਖੇਤਰਾਂ ਅਤੇ ਨੌਕਰੀ ਲਈ ਸਿਖਲਾਈ ਵਾਸਤੇ ਕੰਪਨੀਆਂ ਨਾਲ ਭਾਈਵਾਲੀ ਨੇ ਚੰਗੀ ਗੁਣਤਾ ਵਾਲੇ ਉਮੀਦਵਾਰ ਦੇਣ ਵਿੱਚ ਮਦਦ

ਕੀਤੀ ਹੈ ਜਿਸ ਕਰਕੇ ਵਧੀਆ ਨੌਕਰੀਆਂ ਵੀ ਮਿਲੀਆਂ ਹਨ। ਭਵਿੱਖੀ ਮੰਗ ਲਈ ਢੁਕਵੇਂ ਉਮੀਦਵਾਰਾਂ ਦਾ ਭੰਡਾਰ ਕਰਨਾ ਕੰਪਨੀਆਂ ਲਈ ਫ਼ਾਇਦੇ ਵਾਲਾ ਸੌਦਾ ਹੈ।

ਹੁਨਰਮੰਦੀ ਦੇ ਜਿਨ੍ਹਾਂ ਮਾਡਲਾਂ ਵਿੱਚ ਸਫਲਤਾ ਹਾਸਲ ਹੋਈ ਹੈ, ਉਨ੍ਹਾਂ ਵਿੱਚ ਵੱਡਾ ਹਿੱਸਾ ਅਨੁਭਵ ਅਧਾਰਤ ਸਿੱਖਿਆ ਦਾ ਹੈ। ਜਦੋਂ ਹੁਨਰ ਸਿਖਲਾਈ ਵਿੱਚ ਵਤੀਰੇ ਅਤੇ ਜੀਵਨ ਹੁਨਰ ਦੇ ਵਿਕਾਸ ਨੂੰ ਸ਼ਾਮਲ ਕੀਤਾ ਗਿਆ ਤਾਂ ਕੰਪਨੀਆਂ ਵਿੱਚ ਉਮੀਦਵਾਰਾਂ ਨੂੰ ਬਣਾਈ ਰੱਖਣ ਦੀ ਦਰ ਵੀ ਉੱਚੀ ਰਹੀ ਹੈ। ਜਿਹੜੀਆਂ ਹੁਨਰਮੰਦ ਬਨਾਉਣ ਦੀਆਂ ਪਹਿਲਕਦਮੀਆਂ ਦੇ ਧਿਆਨ ਦਾ ਕੇਂਦਰ ਮਾਤਾ-ਪਿਤਾ ਦਾ ਵਿਕਾਸ ਹੈ, ਉਹ ਲੰਮੇ ਸਮੇਂ ਵਿੱਚ ਜ਼ਿਆਦਾ ਸਥਾਈ ਸਾਬਤ ਹੋਏ ਹਨ। ਮਾਪੇ ਇਹ ਯਕੀਨ ਨਹੀਂ ਕਰਦੇ ਕਿ ਉਨ੍ਹਾਂ ਦਾ ਬੱਚਾ ਜ਼ਿੰਦਗੀ ਅਤੇ ਰੋਜ਼ਗਾਰ ਦੀਆਂ ਸਖਤ ਸਚਾਈਆਂ ਅਤੇ ਰੋਜ਼ਗਾਰ ਦਾ ਸਾਹਮਣਾ ਕਰ ਸਕਦਾ ਹੈ। ਇਸ ਲਈ ਆਪਣੀਆਂ ਆਰਥਿਕ ਲੋੜਾਂ ਦੇ ਬਾਵਜੂਦ, ਉਹ ਅਪੰਗਤਾ ਦੇ ਸ਼ਿਕਾਰ ਆਪਣੇ ਬੱਚਿਆਂ ਨੂੰ ਕਿਸੇ ਵੀ ਔਕੜ ਤੋਂ ਬਚਾਉਂਦੇ ਹਨ।

ਬਹੁਤ ਜ਼ਿਆਦਾ ਬੌਧਿਕ ਅਪੰਗਤਾ ਵਾਲੇ ਵਿਅਕਤੀਆਂ ਲਈ ਸਹਿਕਰਮੀ ਤੋਂ ਸਹਿਕਰਮੀ ਸਿਖਲਾਈ ਸਫਲ ਸਾਬਤ ਹੋਈ ਹੈ, ਜਿਨ੍ਹਾਂ ਦਾ ਆਈ ਕਿਊ ਪੱਧਰ 65 ਤੋਂ ਹੇਠਾਂ ਹੈ। ਹੁਨਰਮੰਦ ਬਨਾਉਣ ਦੇ ਇਸ ਰਵਾਇਤੀ ਨਮੂਨੇ ਦੇ ਮੁਕਾਬਲੇ ਹੁਨਰਮੰਦ ਬਨਾਉਣ ਦਾ ਇਹ ਤਰੀਕਾ ਇੱਕ ਬਿਹਤਰ ਵਿਕਲਪ ਵਜੋਂ ਲਿਆ ਜਾਣਾ ਚਾਹੀਦਾ ਹੈ। ਮਨੋ-ਸਮਾਜਕ ਅਪੰਗਤਾ ਵਾਲੇ ਵਿਅਕਤੀਆਂ ਦੀ ਹੁਨਰਮੰਦੀ ਤੇ ਨੌਕਰੀ ਉਤੇ ਰੱਖਣ ਲਈ ਕੌਂਸਲਰ ਅਤੇ ਮਨੋਚਕਿਤਸਾ ਮਾਹਰ ਦੇ ਰੂਪ ਵਿੱਚ ਸਹਾਇਕ ਪ੍ਰਣਾਲੀ ਦਾ ਹੋਣਾ ਜ਼ਰੂਰੀ ਹੈ। ਹੁਨਰਮੰਦੀ ਮੁੱਖ ਤੌਰ ਤੇ ਉੱਭਰ ਰਹੇ ਖੇਤਰਾਂ ਜਿਵੇਂ ਪ੍ਰਚੂਨ, ਆਉਭਗਤ, ਸੂਚਨਾ ਤਕਨੀਕ, ਆਈ ਟੀ ਈ ਐੱਸ, ਤਿਆਰ ਕੱਪੜੇ, ਕੱਪੜਾ ਅਤੇ ਬੈਂਕਿੰਗ ਖੇਤਰਾਂ ਵਿੱਚ ਵਾਪਰੀ ਹੈ। ਸਵੈ-ਰੋਜ਼ਗਾਰ ਹੁਨਰਮੰਦੀ ਸਿਖਲਾਈ ਸੁੰਦਰਤਾ ਅਤੇ ਸਿਹਤ ਸੰਭਾਲ, ਮੋਬਾਈਲ ਮੁਰੰਮਤ ਅਤੇ ਦੂਜੇ ਭੂਗੋਲਿਕ ਵਿਸ਼ੇਸ਼ ਤਰੱਕੀ ਦੇ ਉੱਭਰ ਰਹੇ ਖੇਤਰਾਂ ਵਿੱਚ ਸਫਲ ਰਹੀ ਹੈ।

### ਭਵਿੱਖੀ ਦ੍ਰਿਸ਼

ਪ੍ਰਧਾਨ ਮੰਤਰੀ ਵਲੋਂ ਸ਼ੁਰੂ ਕੀਤੀ ਗਈ ਰਾਸ਼ਟਰੀ ਹੁਨਰ ਨੀਤੀ ਅਧੀਨ ਅਗਲੇ ਸੱਤ ਸਾਲਾਂ ਦੌਰਾਨ ਅਪੰਗਤਾ ਦੇ ਸ਼ਿਕਾਰ 38 ਲੱਖ ਵਿਅਕਤੀਆਂ ਨੂੰ ਹੁਨਰਮੰਦ ਬਣਾਉਣ ਦਾ ਟੀਚਾ ਹੈ। ਸਮਾਜਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਅਧੀਨ ਬਣਾਏ ਗਏ ਅਪੰਗਤਾ ਵਾਲੇ ਵਿਅਕਤੀਆਂ ਦੇ ਸ਼ਕਤੀਕਰਨ ਵਿਭਾਗ (ਡੀ ਈ ਪੀ ਡਬਲਯੂ ਡੀ) ਨੇ ਅਪੰਗ ਵਿਅਕਤੀਆਂ ਲਈ ਰਾਸ਼ਟਰੀ ਕਾਰਜ ਯੋਜਨਾ ਦੀ ਸ਼ੁਰੂਆਤ ਕਰਕੇ ਅਤੇ 'ਪਹੁੰਚ ਵਾਲਾ ਭਾਰਤ ਮੁਹਿੰਮ' ਸ਼ੁਰੂ ਕਰਕੇ ਅਪੰਗ ਵਿਅਕਤੀਆਂ ਲਈ ਵਾਤਾਵਰਨ ਵੱਲ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕੀਤੀ ਹੈ। ਅਪੰਗਤਾ ਵਾਲੇ ਵਿਅਕਤੀਆਂ ਲਈ ਹੁਨਰ ਕੌਂਸਲ (ਐੱਸ ਸੀ ਪੀ ਡਬਲਯੂ ਡੀ) ਹੁਨਰ ਨੀਤੀ ਨੂੰ ਅੱਗੇ ਲੈ ਕੇ ਜਾਣ ਲਈ ਗਠਿਤ ਕੀਤੀ ਗਈ ਹੈ। ਇਸ ਪ੍ਰਕਾਰ ਭਾਰਤ ਵਿੱਚ ਅਪੰਗਤਾ ਵਾਲੇ ਵਿਅਕਤੀਆਂ ਲਈ ਆਰਥਿਕ ਕਾਰਜਸ਼ਕਤੀ ਦਾ ਹਿੱਸਾ ਬਣਨ ਲਈ ਹਲਾਤ ਬਿਲਕੁਲ ਢੁਕਵੇਂ ਹਨ। ਸਾਨੂੰ ਵੱਖ-ਵੱਖ ਪ੍ਰਕਾਰ ਦੀ ਅਪੰਗਤਾ ਵਾਲੇ ਵਿਅਕਤੀਆਂ ਲਈ ਸਫਲਤਾ ਵਾਲੇ ਮਾਡਲਾਂ ਦਾ ਫਾਇਦਾ ਚੁੱਕਣ ਦੀ ਲੋੜ ਹੈ ਜਿਸ ਵਿੱਚ ਵਧੇਰੇ ਧਿਆਨ ਗੰਭੀਰ ਸਰੀਰਕ ਤੇ ਮਾਨਸਿਕ ਅਪੰਗਤਾ ਵੱਲ ਦੇਣ ਦੀ ਲੋੜ ਹੈ ਅਤੇ ਰੋਜ਼ਗਾਰ ਲਈ ਬਰਾਬਰ ਮੌਕੇ ਦੇਣ ਦੀ ਜ਼ਰੂਰਤ ਹੈ।

ਮੌਜੂਦਾ ਗੁਣਤਾ ਵਾਲੇ ਬੁਨਿਆਦੀ ਢਾਂਚੇ ਤੋਂ ਫਾਇਦਾ ਲੈਣ ਦੀ ਵੀ ਲੋੜ ਹੈ ਜਿਵੇਂ ਕਿ 600 ਤੋਂ ਵੱਧ ਦਿਹਾਤੀ ਸਵੈ-ਰੋਜ਼ਗਾਰ ਸੰਸਥਾਨ (ਆਰ ਐੱਸ ਈ ਟੀ ਆਈ) ਜਿਨ੍ਹਾਂ ਨੂੰ ਸਵੈ-ਰੋਜ਼ਗਾਰ ਸਿਖਲਾਈ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਵੱਖ-ਵੱਖ ਸਵੈ-ਰੋਜ਼ਗਾਰ ਮੌਕਿਆਂ ਲਈ ਵਿਸ਼ੇਸ਼ ਪਾਠਕ੍ਰਮ ਬਣਾਉਣ ਦੀ ਲੋੜ ਹੈ। ਅਪੰਗਤਾ ਵਾਲੇ ਯੋਗ ਸਿਖਲਾਈ ਦੇਣ ਵਾਲਿਆਂ ਦੀ ਤੁਰੰਤ ਲੋੜ ਹੈ ਜੋ ਰੋਲ ਮਾਡਲ ਬਣ ਕੇ ਅਪੰਗ ਵਿਅਕਤੀਆਂ ਨੂੰ ਸਿਖਲਾਈ ਦੇ ਸਕਣਗੇ। ਪਿਛਲੇ 10 ਸਾਲਾਂ ਵਿੱਚ ਹੱਲ ਦੀ ਪਛਾਣ ਕਰਕੇ ਅਤੇ ਵਾਤਾਵਰਨ ਦੀ ਨਿਸ਼ਾਨਦੇਹੀ ਕਰਕੇ 26 ਖੇਤਰਾਂ ਵਿੱਚ 273 ਤੋਂ ਵੱਧ ਨੌਕਰੀਆਂ ਦੀਆਂ ਕਿਸਮਾਂ ਅਪੰਗ ਵਿਅਕਤੀਆਂ ਵਾਸਤੇ ਖੋਲ੍ਹੀਆਂ ਗਈਆਂ ਹਨ ਜੋ ਉਨ੍ਹਾਂ ਨੂੰ ਪ੍ਰਭਾਵੀ ਤਰੀਕੇ ਨਾਲ ਕੰਮ ਕਰਨ ਦੇ ਸਮਰੱਥ ਬਣਾਉਣਗੀਆਂ। ਗੰਭੀਰ ਅਪੰਗਤਾ ਦਾ ਸ਼ਿਕਾਰ ਵਿਅਕਤੀਆਂ ਲਈ ਨੌਕਰੀ ਦੇ ਹੋਰ ਜ਼ਿਆਦਾ ਮੌਕੇ ਪ੍ਰਦਾਨ ਕਰਨ ਦੀ ਲੋੜ ਹੈ। ਹੋਰ ਵਧੇਰੇ ਅਪਾਹਜਾਂ ਨੂੰ ਕੰਮ ਉਤੇ ਲਗਾਉਣ ਵਾਸਤੇ ਆਗੂਆਂ ਨੂੰ ਵਿਕਸਤ ਕਰਨ ਲਈ ਸਿਲਸਿਲੇਵਾਰ ਕੋਸ਼ਿਸ਼ ਹੋਣੀ ਚਾਹੀਦੀ ਹੈ।

ਵੱਖ-ਵੱਖ ਪ੍ਰਕਾਰ ਦੀਆਂ ਸੇਵਾਵਾਂ, ਜਿਵੇਂ ਨੌਕਰੀ ਦਾ ਮੁਲੰਕਣ ਦੀਆਂ ਸੇਵਾਵਾਂ, ਕੰਮ ਵਾਲੇ ਸਥਾਨ ਦੇ ਹੱਲ, ਸ਼ਮੂਲੀਅਤ ਦੀਆਂ ਸੇਵਾਵਾਂ, ਜਾਗਰੂਕਤਾ ਅਤੇ ਜਾਣਕਾਰੀ, ਅਗਵਾਈ ਕਰਨ ਦਾ ਵਿਕਾਸ ਆਦਿ ਲਈ ਸਮੂਹਕ ਸਹਾਇਤਾ ਪ੍ਰਣਾਲੀਆਂ ਨੂੰ ਵਧੇਰੇ ਧਾਰਦਾਰ ਕਰਨ ਦੀ ਜ਼ਰੂਰਤ ਹੈ। ਹੁਨਰਮੰਦੀ ਪਹਿਲਕਦਮੀਆਂ ਨੂੰ ਸਫਲ ਬਣਾਉਣ ਲਈ ਇਹ ਕਰਨਾ ਬਹੁਤ ਜ਼ਰੂਰੀ ਹੈ। ਇਸ ਸਾਲ ਸ਼ੁਰੂ ਕੀਤੀ ਗਈ ਯੋਗਤਾ ਅਕਾਦਮੀ ਉਨ੍ਹਾਂ ਭਾਈਚਾਰਿਆਂ ਵਿਚਾਲੇ ਭਾਈਵਾਲੀ ਪੈਦਾ ਕਰਨ ਲਈ ਇੱਕ ਮੰਚ ਹੈ ਜੋ ਅਪੰਗ ਵਿਅਕਤੀਆਂ ਦੀ ਰੋਜ਼ੀ-ਰੋਟੀ ਦਾ ਪ੍ਰਬੰਧ ਕਰਨ ਲਈ ਕੰਮ ਕਰ ਰਹੇ ਹਨ। ਇਹ ਅਜਿਹਾ ਮੰਚ ਹੈ ਜਿਸ ਨੂੰ ਸਾਰੀਆਂ ਧਿਰਾਂ ਇਸਤੇਮਾਲ ਕਰ ਸਕਦੀਆਂ ਹਨ, ਸਰੋਤ ਸਾਂਝੇ ਕਰ ਸਕਦੀਆਂ ਹਨ ਅਤੇ ਅਜਿਹੀਆਂ ਮੁਹਿੰਮਾਂ ਸ਼ੁਰੂ ਕਰ ਸਕਦੀਆਂ ਹਨ ਜੋ ਸੰਗਠਿਤ ਕੋਸ਼ਿਸ਼ਾਂ ਦੀ ਸ਼ਕਤੀ ਨੂੰ ਦਿਖਾ ਸਕਣ ਅਤੇ ਬਹੁਤ ਹੀ ਲੋੜੀਂਦੀ ਸਮੂਹਕ ਸਹਾਇਤਾ ਪ੍ਰਦਾਨ ਕਰਨ। ਨਮਾਵਾਣੀ, ਜੋ ਆਈ ਵੀ ਆਰ ਪ੍ਰਣਾਲੀ ਹੈ ਅਤੇ ਜੋ ਮਿਸ ਕਾਲ ਦੇਣ ਨਾਲ ਉਪਲਬਧ ਹੁੰਦੀ ਹੈ, ਕਰਨਾਟਕ ਦੇ ਦਿਹਾਤੀ ਖੇਤਰਾਂ ਵਿੱਚ ਬਹੁਤ ਸਾਰੇ ਅਪੰਗ ਵਿਅਕਤੀਆਂ ਨੂੰ ਨੈੱਟਵਰਕਿੰਗ ਪ੍ਰਦਾਨ ਕਰਦੀ ਹੈ। ਅਪੰਗਤਾ ਵਾਲੇ ਵਿਅਕਤੀ ਆਪਣੀਆਂ ਕਹਾਣੀਆਂ, ਮੁੱਦੇ ਸਾਂਝੇ ਕਰਦੇ ਹਨ ਅਤੇ ਜਾਗਰੂਕਤਾ ਤੇ ਆਸ ਪ੍ਰਾਪਤ ਕਰਨ, ਰੋਜ਼ਗਾਰ ਦੀਆਂ ਚੁਨੌਤੀਆਂ ਨਾਲ ਸਿੱਝਣ ਅਤੇ ਆਰਥਿਕ ਤੌਰ ਤੇ ਅਜ਼ਾਦ ਹੋਣ ਲਈ ਇੱਕ ਦੂਜੇ ਦੀਆਂ ਸਮੱਸਿਆਵਾਂ ਦਾ ਹੱਲ ਕਰਦੇ ਹਨ। ਤਕਨੀਕ ਅਧਾਰਤ ਇਹ ਮੰਚ ਵੱਡਾ ਬਦਲਾਅ ਲਿਆਉਣ ਦੇ ਸਮਰੱਥ ਹਨ ਜੋ ਅਪੰਗਤਾ ਵਾਲੇ ਵਿਅਕਤੀਆਂ ਦੀ ਹੁਨਰਮੰਦੀ ਲਈ ਸੁਨਹਿਰਾ ਭਵਿੱਖ ਯਕੀਨੀ ਬਣਾਉਣਗੇ।

'ਮੇਕ ਇਨ ਇੰਡੀਆ' ਉਦੋਂ ਹੀ ਸਫਲ ਹੋਵੇਗਾ ਜਦੋਂ 'ਭਾਰਤ ਵਿੱਚ ਬਦਲਾਅ' (ਚੇਂਜ ਇਨ ਇੰਡੀਆ) ਹੋਵੇਗਾ, ਜਿਸ ਵਿੱਚ ਸਮਾਜ ਦੇ ਸਾਰੇ ਵਰਗਾਂ ਦੀ ਸ਼ਮੂਲੀਅਤ ਹੋਵੇਗੀ। ਸਫਲਤਾ ਸਹਿਤ ਕੰਮ ਕਰ ਰਹੇ ਅਪੰਗ ਵਿਅਕਤੀ ਇਸ ਬਦਲਾਅ ਨੂੰ ਲਿਆਉਣ ਵਾਲੇ ਹਨ।

*(ਲੇਖਕ ਮੈਨੇਜਿੰਗ ਟਰੱਸਟੀ ਆਫ ਐਨੇਬਲ ਇੰਡੀਆ ਦੇ ਅਸ਼ੋਕਾ ਫੈਲੋ ਅਤੇ ਫਾਊਂਡਰ ਹਨ)*

*e-mail :shanti@enable-india.org*

# ਵੱਖਰੀ ਤਰ੍ਹਾਂ ਸਮਰੱਥਾਂ ਦੀ ਆਰਥਿਕ ਸ਼ਮੂਲੀਅਤ

ਪੀ ਸੀ ਦਾਸ

ਭਾਰਤ ਦਾ ਸੰਵਿਧਾਨ ਨਿਰਦੇਸ਼ਕ ਸਿਧਾਂਤ ਦੀ ਧਾਰਾ 39 ਅਨੁਸਾਰ ਕੰਮ ਅਤੇ ਰੋਜ਼ਗਾਰ ਦੀ ਮਹੱਤਤਾ ਨੂੰ ਮਾਨਤਾ ਦਿੰਦਾ ਹੈ ਜੋ ਕਿ ਰਾਜਾਂ ਨੂੰ ਇਹ ਯਕੀਨੀ ਬਣਾਉਣ ਦੀ ਹਦਾਇਤ ਕਰਦਾ ਹੈ ਕਿ ਸਾਰੇ ਨਾਗਰਿਕਾਂ, ਮਰਦਾਂ ਅਤੇ ਔਰਤਾਂ ਨੂੰ ਉਪ-ਜੀਵਿਕਾ ਕਮਾਉਣ ਦੇ ਭਰਪੂਰ ਸਾਧਨਾਂ ਦਾ ਅਧਿਕਾਰ ਹੋਣਾ ਚਾਹੀਦਾ ਹੈ। ਧਾਰਾ 41 ਮੰਗ ਕਰਦੀ ਹੈ ਕਿ ਆਪਣੀ ਵਿੱਤੀ ਅਤੇ ਵਿਕਾਸ ਸਮਰੱਥਾ ਦੀ ਹੱਦ ਅੰਦਰ ਰਾਸ਼ਟਰ ਕੰਮ ਦੇ ਅਧਿਕਾਰ ਨੂੰ ਯਕੀਨੀ ਬਣਾਉਣ ਦਾ ਪ੍ਰਬੰਧ ਕਰੇ ਅਤੇ ਧਾਰਾ 42 ਮੁਤਾਬਕ ਰਾਜਾਂ ਨੂੰ ਕੰਮ ਲਈ ਨਿਆਂਪੂਰਨ ਅਤੇ ਮਨੁੱਖੀ ਸਥਿਤੀਆਂ ਵਿੱਚ ਕੰਮ ਕਰਨ ਦਾ ਮਹੌਲ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ। ਇਥੇ ਅਸੀਂ ਮੁੱਢਲੇ ਤੌਰ ਤੇ 'ਅਸਮਰੱਥ' ਵਿਅਕਤੀਆਂ ਦੇ ਬਾਰੇ ਗੱਲ ਕਰਾਂਗੇ।

'ਅਸਮਰੱਥ' ਹੋਣ ਤੋਂ ਭਾਵ ਕਿਸੇ ਵਿਅਕਤੀ ਦਾ ਡਾਕਟਰੀ ਅਥਾਰਟੀ ਤੋਂ ਤਸਦੀਕਸ਼ੁਦਾ ਕਿਸੇ ਪ੍ਰਭਾਸ਼ਿਤ ਅਸਮਰੱਥਾ ਦੇ ਘੱਟੋ-ਘੱਟ 40 ਪ੍ਰਤਿਸ਼ਤ ਦਾ ਸ਼ਿਕਾਰ ਹੋਣਾ ਹੈ। ਭਾਰਤ ਸਰਕਾਰ ਨੇ ਸਮਾਜ ਵਿੱਚ ਸਮਾਜਕ, ਆਰਥਿਕ ਸ਼ਮੂਲੀਅਤ ਸਮੇਤ ਅਸਮਰੱਥ ਵਿਅਕਤੀਆਂ ਨੂੰ ਬਰਾਬਰੀ ਦੇ ਮੌਕੇ ਉਪਲਬਧ ਕਰਾਉਣ ਲਈ ਤਿੰਨ ਵਿਧਾਨਕ ਕਨੂੰਨ ਪਾਸ ਕੀਤੇ ਹਨ, ਜੋ ਕਿ ਭਾਰਤ ਦਾ ਮੁੜ ਵਸੇਬਾ ਕੌਂਸਲ ਕਾਨੂੰਨ 1992, ਅਸਰਮੱਥ ਵਿਅਕਤੀਆਂ ਬਾਰੇ ਕਾਨੂੰਨ 1995 ਅਤੇ ਆਤਮ-ਕੇਂਦਰਤਾ, ਮਾਨਸਿਕ ਅਧਰੰਗ, ਮੰਦਬੁੱਧੀ ਅਤੇ ਬਹੁ-ਪੱਖੀ ਅਸਮਰੱਥਾ ਵਾਲੇ ਵਿਅਕਤੀਆਂ ਦੀ ਭਲਾਈ ਲਈ ਰਾਸ਼ਟਰੀ ਟਰੱਸਟ ਕਾਨੂੰਨ 1995 ਹਨ। ਇਸ ਤੋਂ ਇਲਾਵਾ ਭਾਰਤ ਵਲੋਂ 2008 ਵਿੱਚ ਤਸਦੀਕ ਕੀਤੀ ਗਈ ਅਸਮਰੱਥਾ ਦੇ ਸ਼ਿਕਾਰ ਵਿਅਕਤੀਆਂ ਦੇ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਦੀ ਕਨਵੈਂਨਸ਼ਨ 2006 ਵਿੱਚ ਸਮਾਜ ਦੇ 'ਅਸਮਰੱਥ' ਵਿਅਕਤੀਆਂ ਨੂੰ ਦੂਜਿਆਂ ਦੇ ਮੁਕਾਬਲੇ ਬਰਾਬਰੀ ਦੇ ਅਧਾਰ ਉਪਰ ਅਸਰਦਾਰ ਢੰਗ ਨਾਲ ਅਤੇ ਪੂਰਨ ਭਾਈਵਾਲੀ ਉਤੇ ਜ਼ੋਰ ਦਿੱਤਾ ਗਿਆ। ਇੰਝ ਹੀ 'ਅਸਮਰੱਥ' ਵਿਅਕਤੀ ਬਾਰੇ ਰਾਸ਼ਟਰੀ ਨੀਤੀ 2006 ਵਿੱਚ ਇਹ ਮੰਨਿਆ ਗਿਆ ਕਿ ਇਹ ਅਸਮਰੱਥ ਵਿਅਕਤੀ ਕੀਮਤੀ ਮਨੁੱਖੀ ਵਸੀਲੇ ਹਨ ਅਤੇ ਸਮਾਜ ਵਿੱਚ ਇਨ੍ਹਾਂ ਦੀ ਸਵੈਮਾਨ ਵਾਲੀ ਜ਼ਿੰਦਗੀ ਲਈ ਬਰਾਬਰੀ ਦੇ ਮੌਕੇ ਕਾਇਮ ਕਰਨ ਦੀ ਗੱਲ ਕਹੀ ਗਈ ਅਤੇ ਇਕ ਸਮੁੱਚਤਾ ਵਾਲੇ ਸਮਾਜ ਦਾ ਮਤਾ ਪੇਸ਼ ਕੀਤਾ ਗਿਆ।

2011 ਦੀ ਮਰਦਮਸ਼ੁਮਾਰੀ ਮੁਤਾਬਕ ਭਾਰਤ ਵਿੱਚ 26.8 ਮਿਲੀਅਨ ਅਸਮਰੱਥ ਵਿਅਕਤੀ ਹਨ। ਜਿਨ੍ਹਾਂ ਵਿੱਚੋਂ 14.99 ਮਿਲੀਅਨ ਮਰਦ ਅਤੇ 11.82 ਮਿਲੀਅਨ ਔਰਤਾਂ ਹਨ। ਇਹ ਵੀ ਪਤਾ ਲਗਦਾ ਹੈ ਕਿ 18.63 ਮਿਲੀਅਨ ਅਸਮਰੱਥ ਵਿਅਕਤੀ ਪੇਂਡੂ ਇਲਾਕਿਆਂ ਵਿੱਚ, ਜਦ ਕਿ 8.18 ਮਿਲੀਅਨ ਅਸਮਰੱਥ ਵਿਅਕਤੀ ਸ਼ਹਿਰੀ ਇਲਾਕਿਆਂ ਵਿੱਚ ਵੱਸਦੇ ਹਨ। ਉਪਲਬਧ ਅੰਕੜਿਆਂ ਮੁਤਾਬਕ ਲਗਭਗ 13.4 ਮਿਲੀਅਨ ਅਸਮਰੱਥ ਵਿਅਕਤੀ ਰੋਜ਼ਗਾਰ ਦੀ ਯੋਗਤਾ ਵਾਲੀ ਉਪਰ ਦੀ ਸ਼੍ਰੇਣੀ ਵਿੱਚ ਹਨ ਜਿਨ੍ਹਾਂ ਵਿੱਚੋਂ 8.8 ਮਿਲੀਅਨ ਪੇਂਡੂ ਅਤੇ 4.6 ਮਿਲੀਅਨ ਸ਼ਹਿਰੀ ਭਾਰਤ ਵਿੱਚ ਰਹਿੰਦੇ ਹਨ। 13.4 ਮਿਲੀਅਨ ਇਸ ਰੋਜ਼ਗਾਰ ਯੋਗਤਾ ਵਾਲੀ ਉਮਰ ਸ਼੍ਰੇਣੀ ਵਾਲੇ ਅਸਮਰੱਥ ਵਿਅਕਤੀਆਂ ਵਿੱਚੋਂ 7.8 ਮਿਲੀਅਨ ਮਰਦ ਅਤੇ 5.6 ਮਿਲੀਅਨ ਔਰਤਾਂ ਹਨ। ਕੁੱਲ ਅਸਮਰੱਥ ਵਸੋਂ ਵਿੱਚੋਂ 14.6 ਮਿਲੀਅਨ ਵਿਅਕਤੀ ਸਾਖਰ ਹਨ। ਇਸ ਤੋਂ ਪਤਾ ਲਗਦਾ ਹੈ ਕਿ ਅਸਮਰੱਥ ਵਿਅਕਤੀਆਂ ਦਾ ਮਨੁੱਖੀ ਵਸੀਲੇ ਵਜੋਂ ਵੱਡਾ ਹਿੱਸਾ ਹੈ ਜਿਸ ਦੇ ਦੇਸ਼ ਦੀ ਆਰਥਿਕਤਾ ਵਿੱਚ ਯੋਗਦਾਨ ਦੀ ਸੰਭਾਵਨਾ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ।

ਆਰਥਿਕ ਸ਼ਮੂਲੀਅਤ, ਸਮਾਜ ਦੇ ਇਸ ਮੁਥਾਜ ਵਰਗ ਨੂੰ ਕਫ਼ਾਇਤੀ ਮੁੱਲ 'ਤੇ ਮਾਲੀ ਸੇਵਾਵਾਂ ਤੇ ਵੱਖ-ਵੱਖ ਮਾਲੀ ਉਤਪਾਦਾਂ ਨੂੰ ਉਪਲਬਧ ਕਰਾਉਣਾ ਹੈ। ਇਸ ਵਿੱਚ ਬੀਮਾ, ਪੈਨਸ਼ਨਾਂ ਅਤੇ ਵੱਖ-ਵੱਖ ਉਦੇਸ਼ਾਂ ਲਈ ਕਰਜ਼ੇ ਜਿਹੇ ਬੈਂਕਿੰਗ ਉਤਪਾਦ ਅਤੇ ਆਰਥਿਕ ਸੇਵਾਵਾਂ ਸ਼ਾਮਲ ਹਨ। ਆਰਥਿਕ ਸ਼ਮੂਲੀਅਤ ਅਸਲ ਵਿੱਚ ਅਜਿਹੇ ਸਮੁੱਚੇ ਸਮਾਜ ਦੀ ਉਸਾਰੀ ਦੀ ਯੋਜਨਾਬੰਦੀ ਦੀ ਕੁੰਜੀ ਹੈ ਜਿਥੇ ਸਮਾਜ ਦੀ ਅਜਿਹੀ ਮੁਥਾਜ ਸ਼੍ਰੇਣੀ ਨੂੰ ਆਰਥਿਕ ਅਤੇ ਸਮਾਜਕ ਸੁਰੱਖਿਆ ਦਾ ਭਰੋਸਾ ਦਿੱਤਾ ਜਾਂਦਾ ਹੈ। ਭਾਰਤ ਸਰਕਾਰ ਨੇ ਆਰਥਿਕ ਸ਼ਮੂਲੀਅਤ ਦੀ ਮਹੱਤਤਾ ਨੂੰ ਮੰਨਿਆ ਹੈ ਅਤੇ ਸਮਾਜ ਦੀਆਂ ਸਭ ਸ਼੍ਰੇਣੀਆਂ ਦੀ ਆਰਥਿਕ ਸ਼ਮੂਲੀਅਤ ਦੀ ਗੱਲ ਕਹੀ ਹੈ। ਜਨ ਧੰਨ ਯੋਜਨਾ, ਗਰੀਬਾਂ ਲਈ ਸਿਹਤ-ਬੀਮਾ, ਮੁਦਰਾ ਕਰਜ਼ੇ ਆਦਿ ਰਾਸ਼ਟਰੀ ਤਰਜੀਹੀ ਪ੍ਰੋਗਰਾਮ ਹਨ।

ਆਰਥਿਕ ਸ਼ਮੂਲੀਅਤ ਸਰਕਾਰ ਦੇ ਸਮਾਜਕ ਭਲਾਈ ਪ੍ਰੋਗਰਾਮ ਵਿੱਚ ਵੀ ਮਦਦ ਕਰਦਾ ਹੈ ਕਿਉਂਕਿ ਆਰਥਿਕ ਸ਼ਮੂਲੀਅਤ ਨਾਲ ਭੁਗਤਾਨ ਅਮਲ ਘੱਟ ਦਰਾਂ ਉਤੇ ਵਧੇਰੇ ਸਰਲ ਅਤੇ ਸਹੂਲਤ ਭਰਿਆ ਹੋ ਜਾਵੇਗਾ, ਅਜਿਹੀ ਪਾਰਦਰਸ਼ਤਾ ਨਾਲ ਲਾਭ-ਕਰਤਾਵਾਂ ਵਲੋਂ ਫਰਜ਼ੀਵਾੜਾ ਕੀਤਾ ਜਾਣਾ ਸੰਭਵ ਨਹੀਂ ਹੋਵੇਗਾ।

## ਅਸਮਰੱਥ ਵਿਅਕਤੀਆਂ ਦਾ ਆਰਥਿਕ ਸ਼ਮੂਲੀਅਤ ਤੋਂ ਬਾਹਰ ਹੋਣਾ

ਅਸਮਰੱਥ ਵਿਅਕਤੀਆਂ ਨੂੰ ਅਸਲ ਵਿੱਚ ਗਰੀਬਾਂ ਵਿੱਚੋਂ ਅਤਿ-ਗਰੀਬ ਹੋਣ ਕਾਰਨ ਸਮਾਜ ਦੀ ਸਭ ਤੋਂ ਵੱਧ ਮੁਥਾਜ ਸ਼੍ਰੇਣੀ ਮੰਨਣਾ ਵਧੇਰੇ ਢੁੱਕਵੀਂ ਗੱਲ ਹੋਵੇਗੀ। ਇਹ ਇਕ ਸਚਾਈ ਹੈ

ਕਿ ਅਸਮਰੱਥਾ ਗਰੀਬੀ ਨਾਲ ਅੰਤਰ-ਸਬੰਧਿਤ ਹੈ ਕਿਉਂਕਿ ਗਰੀਬੀ ਦੀ ਹਾਲਤ ਵਿੱਚ ਅਸਮਰੱਥਾ ਵਿਕਸਤ ਹੋਣ ਦੇ ਵਧੇਰੇ ਮੌਕੇ ਬਣਦੇ ਹਨ। ਉਂਝ ਵੀ ਸਮਾਜ ਦੀ ਗਰੀਬ ਸ਼੍ਰੇਣੀ ਦੇ ਅਸਮਰੱਥ ਹੋਣ ਦੀ ਵੱਧ ਸੰਭਾਵਨਾ ਰਹਿੰਦੀ ਹੈ। ਅਸਮਰੱਥਾ ਦੀ ਸ਼ਿਕਾਰ ਔਰਤ ਦੀ ਸਥਿਤੀ ਹੋਰ ਵੀ ਖਰਾਬ ਹੁੰਦੀ ਹੈ। ਇਸ ਲਈ ਅਸਮਰੱਥ ਵਿਅਕਤੀਆਂ ਦੀ ਆਰਥਿਕ ਸ਼ਮੂਲੀਅਤ ਦਾ ਮੁੱਦਾ ਵਧੇਰੇ ਮਹੱਤਤਾ ਵਾਲਾ ਹੈ ਅਤੇ ਇਹ ਇਕ ਤੋਂ ਦੂਜੀ ਥਾਂ ਪਹੁੰਚਣ ਦੀ ਅਸਮਰੱਥਾ, ਸਰੀਰਕ ਰੁਕਾਵਟ, ਆਰਥਿਕ ਉਤਪਾਦਾਂ ਬਾਰੇ ਸਿੱਖਿਆ ਦੇ ਨੀਵੇਂ ਪੱਧਰ ਅਤੇ ਵਿਸ਼ੇਸ਼ ਸਵੈ-ਸਹਾਇਤਾ ਧੜੇ (ਐੱਸ ਐੱਚ ਜੀ) ਕਾਇਮ ਕਰਨ ਵਿੱਚ ਅਸਮਰੱਥ ਵਿਅਕਤੀਆਂ ਦੇ ਦੂਰ-ਦੂਰ ਵਸੇ ਹੋਣ ਕਾਰਨ ਆਉਣ ਵਾਲੀ ਰੁਕਾਵਟ ਦੂਜੀਆਂ ਮੁਥਾਜ ਸ਼੍ਰੇਣੀਆਂ ਨਾਲੋਂ ਵਧੇਰੇ ਚੁਨੌਤੀਪੂਰਨ ਹੈ।

ਅਸਮਰੱਥ ਵਿਅਕਤੀਆਂ ਵਲੋਂ ਆਰਥਿਕ ਸਹਾਇਤਾ, ਸਵੈ-ਰੋਜ਼ਗਾਰ ਲਈ ਕਰਜ਼ੇ ਅਤੇ ਸਿੱਖਿਆ ਤੱਕ ਪਹੁੰਚ ਵਿੱਚ ਮੁਸ਼ਕਲਾਂ ਨੂੰ ਸਾਹਮਣੇ ਰੱਖਦਿਆਂ ਭਾਰਤ ਸਰਕਾਰ ਨੇ 24 ਜਨਵਰੀ 1997 ਨੂੰ 400 ਕਰੋੜ ਰੁਪਏ ਦੀ ਹਿੱਸਾ ਪੂੰਜੀ ਨਾਲ ਅਪਾਹਜਾਂ ਬਾਰੇ ਰਾਸ਼ਟਰੀ ਆਰਥਿਕ ਅਤੇ ਵਿਕਾਸ ਕਾਰਪੋਰੇਸ਼ਨ (ਐੱਨ ਐੱਚ ਐੱਫ ਡੀ ਸੀ) ਦੀ ਸਥਾਪਨਾ ਕੀਤੀ ਸੀ। ਇਹ ਕੰਪਨੀਆਂ ਦੇ ਕਨੂੰਨ 1956 ਦੀ ਧਾਰਾ 25 ਅਧੀਨ ਰਜਿਸਟਰਡ ਹੈ ਅਤੇ ਕੰਪਨੀ ਕਨੂੰਨ 2013 ਦੀ ਧਾਰਾ 8 ਅਧੀਨ ਆਰਥਿਕ ਲਾਭ ਤੋਂ ਬਿਨਾਂ ਕੰਮ ਕਰਦੀ ਹੈ। ਇਹ ਕੰਪਨੀ 18 ਸਾਲਾਂ ਤੋਂ ਉਪਰ ਦੀ ਉਮਰ ਦੇ ਅਤੇ 40 ਪ੍ਰਤਿਸ਼ਤ ਜਾਂ ਇਸ ਤੋਂ ਵੱਧ ਅਸਮਰੱਥਾ ਦੇ ਸ਼ਿਕਾਰ ਭਾਰਤੀ ਨਾਗਰਿਕਾਂ ਨੂੰ ਘੱਟ ਦਰਾਂ ਉਤੇ ਕਰਜ਼ੇ ਦਿੰਦੀ ਹੈ। ਕਾਰਪੋਰੇਸ਼ਨ ਦੀਆਂ ਮੁੱਖ ਸਕੀਮਾਂ ਅਤੇ ਪ੍ਰੋਗਰਾਮ ਇਸ ਤਰ੍ਹਾਂ ਹਨ :

### ਕਰਜ਼ਾ ਅਧਾਰਿਤ

***(ੳ) ਸਵੈ-ਰੋਜ਼ਗਾਰ ਕਰਜ਼ੇ :*** ਇਸ ਅਧੀਨ ਅਸਮਰੱਥ ਵਿਅਕਤੀਆਂ ਨੂੰ ਕਰਜ਼ੇ ਦੀ ਰਕਮ ਮੁਤਾਬਕ 5 ਤੋਂ 8 ਪ੍ਰਤਿਸ਼ਤ ਵਿਆਜ ਦਰ ਉਤੇ ਸਵੈ-ਰੋਜ਼ਗਾਰ ਉੱਦਮ ਸ਼ੁਰੂ ਕਰਨ ਲਈ 25 ਲੱਖ ਰੁਪਏ ਤੱਕ ਦੇ ਕਰਜ਼ੇ ਦਿੱਤੇ ਜਾਂਦੇ ਹਨ। ਕਰਜ਼ੇ ਨੂੰ ਵੱਧ ਤੋਂ ਵੱਧ 10 ਸਾਲਾਂ ਦੇ ਅੰਦਰ ਵਾਪਸ ਕੀਤਾ ਜਾ ਸਕਦਾ ਹੈ।

***(ਅ) ਵਿੱਦਿਅਕ ਕਰਜ਼ਾ :*** ਅਸਮਰੱਥ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਲਈ ਕੇਵਲ 4 ਪ੍ਰਤਿਸ਼ਤ ਵਿਆਜ ਦਰ ਉਤੇ ਕਰਜ਼ੇ ਦਿੱਤੇ ਜਾਂਦੇ ਹਨ। ਉਹ ਭਾਰਤ ਵਿੱਚ ਵਿੱਦਿਆ ਹਾਸਲ ਕਰਨ ਲਈ ਇਹ 10 ਲੱਖ, ਜਦ ਕਿ ਵਿਦੇਸ਼ ਵਿੱਚ ਸਿੱਖਿਆ ਲੈਣ ਲਈ 20 ਲੱਖ ਰੁਪਏ ਦਾ ਕਰਜ਼ਾ ਲੈ ਸਕਦੇ ਹਨ। ਕਰਜ਼ਾ ਮੋੜਨ ਦੀ ਮਿਆਦ 7 ਸਾਲ ਹੈ ਜੋ ਕਿ ਵਿੱਦਿਅਕ ਕੋਰਸ ਖਤਮ ਕਰਨ ਦੇ ਇਕ ਸਾਲ ਤੋਂ ਬਾਅਦ ਜਾਂ ਨੌਕਰੀ ਲੈਣ ਦੇ 6 ਮਹੀਨੇ ਬਾਅਦ (ਜੋ ਵੀ ਪਹਿਲਾਂ ਹੋਵੇ) ਸ਼ੁਰੂ ਹੋਵੇਗੀ।

***(ੲ) ਬਹੁਤ ਛੋਟੇ ਕਰਜ਼ੇ :*** ਇਸ ਕਰਜ਼ੇ ਦਾ ਉਦੇਸ਼ ਅਸਮਰੱਥ ਵਸੋਂ ਦੇ ਕਮਜ਼ੋਰ ਵਰਗ ਨੂੰ ਆਮਦਨ ਪੈਦਾ ਕਰਨ ਵਾਲੀਆਂ ਸਰਗਰਮੀਆਂ ਸ਼ੁਰੂ ਕਰਨ ਜਾਂ ਪਹਿਲਾਂ ਤੋਂ ਕਾਇਮ ਉੱਦਮ ਨੂੰ ਮਜ਼ਬੂਤ ਕਰਨ ਲਈ ਆਰਥਿਕ ਸਹਾਇਦਾ ਦੇਣਾ ਹੈ। ਸਕੀਮ ਨੂੰ ਮੁੱਖ ਕਰਕੇ ਗ਼ੈਰ-ਸਰਕਾਰੀ ਸੰਸਥਾਵਾਂ ਰਾਹੀਂ ਲਾਗੂ ਕੀਤਾ ਜਾਂਦਾ ਹੈ। ਕੋਈ ਵੀ ਗ਼ੈਰ-ਸਰਕਾਰੀ ਸੰਸਥਾ ਅਸਮਰੱਥ ਸ਼੍ਰੇਣੀਆਂ ਨੂੰ 50 ਹਜ਼ਾਰ ਰੁਪਏ ਤੱਕ ਦਾ ਛੋਟਾ ਕਰਜ਼ਾ ਦੇਣ ਲਈ 10 ਲੱਖ ਰੁਪਏ ਤੱਕ ਲੈ ਸਕਦੀ ਹੈ ਅਤੇ ਇੰਝ ਇਕ ਗ਼ੈਰ ਸਰਕਾਰੀ ਸੰਸਥਾ ਅਸਮਰੱਥ ਵਿਅਕਤੀਆਂ ਦੀ ਆਰਥਿਕ ਮਦਦ ਕਰ ਸਕਦੀ ਹੈ। ਤਿੰਨ ਸਾਲ ਦੀ ਮਿਆਦ ਵਿੱਚ ਵਾਪਸ ਮੋੜਨ ਵਾਲੇ ਇਸ ਕਰਜ਼ੇ ਦੀ ਵਿਆਜ ਦਰ ਕੇਵਲ 5 ਪ੍ਰਤਿਸ਼ਤ ਹੈ।

### ਗ਼ੈਰ-ਕਰਜ਼ਾ ਅਧਾਰਿਤ

***(ੳ) ਅਸਮਰੱਥ ਵਿਅਕਤੀਆਂ ਦੀ ਕੌਸ਼ਲਤਾ ਸਿਖਲਾਈ :*** ਇਸ ਸਕੀਮ ਅਧੀਨ ਐੱਨ ਐੱਚ ਐੱਫ ਡੀ ਸੀ ਅਸਮਰੱਥ ਵਿਅਕਤੀਆਂ ਨੂੰ ਕੌਸ਼ਲ ਵਿਕਾਸ ਦੀ ਸਿਖਲਾਈ ਦਿੰਦੀ ਹੈ ਅਤੇ ਇਸ ਦੌਰਾਨ ਹਰ ਵਿਅਕਤੀ ਨੂੰ 2 ਹਜ਼ਾਰ ਰੁਪਏ ਮਹੀਨਾ ਆਰਥਿਕ ਮਦਦ ਦਿੱਤੀ ਜਾਂਦੀ ਹੈ।

***(ਅ) ਵਜ਼ੀਫ਼ਾ ਸਕੀਮਾਂ :*** ਮੰਤਰਾਲੇ ਨੇ ਐੱਨ ਐੱਚ ਐੱਫ ਡੀ ਸੀ ਦੇ ਜ਼ਿੰਮੇ ਅਸਮਰੱਥ ਵਿਅਕਤੀਆਂ ਨੂੰ ਵਜ਼ੀਫ਼ੇ ਜਾਰੀ ਕਰਨ ਦਾ ਕੰਮ ਵੀ ਲਾਇਆ ਹੈ। ਇਸ ਵੇਲੇ ਕਾਰਪੋਰੇਸ਼ਨ 2500 ਵੱਖਰੇ ਢੰਗ ਨਾਲ ਸਮਰੱਥ ਵਿਦਿਆਰਥੀਆਂ ਨੂੰ ਤਕਨੀਕੀ ਅਤੇ ਪੇਸ਼ੇਵਰ ਕੋਰਸਾਂ ਵਿੱਚ ਪੜ੍ਹਾਈ ਲਈ ਵਜ਼ੀਫ਼ੇ ਦੇ ਰਹੀ ਹੈ।

ਐੱਨ ਐੱਚ ਐਫ ਡੀ ਸੀ ਰਾਜ ਸਰਕਾਰ ਦੁਆਰਾ ਨਾਮਜਦ 36 ਪ੍ਰਾਂਤਕ ਸੰਸਥਾਵਾਂ ਰਾਹੀਂ ਕੰਮ ਕਰਦੀ ਹੈ। ਇਸ ਨੇ 5 ਸਰਕਾਰੀ ਖੇਤਰ ਦੇ ਬੈਂਕਾਂ ਤੇ 18 ਖੇਤਰੀ ਦਿਹਾਤੀ ਬੈਂਕਾਂ ਨਾਲ ਅਸਮਰੱਥ ਵਿਅਕਤੀਆਂ ਨੂੰ ਘੱਟ ਵਿਆਜ ਦਰਾਂ ਉਤੇ ਕਰਜ਼ੇ ਦੇਣ ਬਾਰੇ ਸਮਝੌਤਾ ਵੀ ਕੀਤਾ ਹੈ। ਕਾਰਪੋਰੇਸ਼ਨ ਦੀ ਕਾਰਗੁਜ਼ਾਰੀ ਇਸ ਤੱਥ ਤੋਂ ਜਾਣੀ ਜਾ ਸਕਦੀ ਹੈ ਕਿ ਇਹ ਪਿਛਲੇ 4 ਵਿੱਤੀ ਵਰ੍ਹਿਆਂ ਤੋਂ ਉੱਤਮ ਦਰਜਾ ਹਾਸਲ ਕਰ ਰਹੀ ਹੈ ਅਤੇ 2015-16 ਵਿੱਚ ਵੀ ਇਹ ਸਫਲਤਾ ਦੁਹਰਾਏ ਜਾਣ ਦੀ ਆਸ ਹੈ।

***ਕਰਜ਼ਿਆਂ ਦੀ ਵੰਡ :*** ਐੱਨ ਐੱਚ ਐੱਫ ਡੀ ਸੀ ਹੁਣ ਤੱਕ ਆਪਣੀਆਂ ਕਰਜ਼ਾ ਸਕੀਮਾਂ ਅਧੀਨ 1.26 ਲੱਖ ਅਸਮਰੱਥ ਵਿਅਕਤੀਆਂ ਨੂੰ ਲਾਭ ਪਹੁੰਚਾਉਂਦਿਆਂ 694.29 ਕਰੋੜ ਰੁਪਏ ਦੀ ਰਕਮ ਜਾਰੀ ਕਰ ਚੁੱਕੀ ਹੈ।

***ਕੌਸ਼ਲ ਸਿਖਲਾਈ :*** ਸੰਸਥਾ 36616 ਅਸਮਰੱਥ ਵਿਅਕਤੀਆਂ ਦੀ ਸਿਖਲਾਈ ਲਈ ਹੁਣ ਤੱਕ 40.21 ਕਰੋੜ ਦੀ ਰਕਮ ਜਾਰੀ ਕਰ ਚੁੱਕੀ ਹੈ। 2015-16 ਦੇ ਵਿੱਤੀ ਸਾਲ ਦੌਰਾਨ ਇਸ ਨੇ 17,000 ਤੋਂ 20,000 ਅਸਮਰੱਥ ਵਿਅਕਤੀਆਂ ਨੂੰ ਕੌਸ਼ਲ ਸਿਖਲਾਈ ਦੇਣ ਦਾ ਟੀਚਾ ਰਖਿਆ ਹੈ।

***ਵਜ਼ੀਫ਼ੇ :*** ਇਸ ਸਕੀਮ ਅਧੀਨ ਕਾਰਪੋਰੇਸ਼ਨ 2011-12 ਤੋਂ ਹੁਣ ਤੱਕ 7117 ਨਵੇਂ ਅਤੇ 1097 ਪੁਰਾਣੇ ਤੋਂ ਮੁੜ ਨਵਿਆਏ ਮਾਮਲਿਆਂ ਅਧੀਨ ਤਕਨੀਕੀ ਅਤੇ ਪੇਸ਼ੇਵਰ ਕੋਰਸਾਂ ਲਈ 47.94 ਕਰੋੜ ਰੁਪਏ ਦੀ ਰਕਮ ਜਾਰੀ ਕਰ ਚੁੱਕੀ ਹੈ।

ਰਾਸ਼ਟਰੀ ਫੰਡ ਵਜ਼ੀਫ਼ਾ ਸਕੀਮ ਹੇਠ ਐੱਨ ਐੱਚ ਐੱਫ ਡੀ ਸੀ ਨੇ 2009-10 ਤੋਂ ਅੱਜ ਤੱਕ 2827 ਨਵੇਂ ਤੇ 101 ਪੁਰਾਣੇ ਮੁੜ ਨਵਿਆਏ ਮਾਮਲਿਆਂ ਅਧੀਨ ਤਕਨੀਕੀ ਅਤੇ ਪੇਸ਼ੇਵਰ ਕੋਰਸਾਂ ਲਈ 3.51 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਹੈ। ਘੱਟ ਦਰਾਂ ਉਤੇ ਕਰਜ਼ੇ ਦੇਣ ਬਾਰੇ ਸਕੀਮਾਂ ਨੂੰ ਲਾਗੂ ਕਰਨ ਵਿੱਚ ਤੇਜ਼ੀ ਲਿਆਉਣ ਲਈ ਐੱਨ ਐੱਚ ਐੱਫ ਡੀ ਸੀ ਨੇ ਅਸਮਰੱਥ ਸ਼੍ਰੇਣੀ ਵਿੱਚ ਆਰਥਿਕ ਸ਼ਮੂਲੀਅਤ ਨੂੰ ਵਧਾਉਣ ਅਤੇ ਹੋਰ ਵਿਅਕਤੀਆਂ ਨੂੰ ਘੇਰੇ ਵਿੱਚ ਲਿਆਉਣ ਲਈ ਸੰਸਥਾ ਦਾ ਪਾਸਾਰ ਕਰਨ ਲਈ ਹੇਠ ਲਿਖੇ ਵੱਡੇ ਕਦਮ ਚੁੱਕਣ ਦਾ ਫੈਸਲਾ ਲਿਆ ਹੈ :

*ਬਾਕੀ ਸਫ਼ਾ 24 ਉੱਤੇ*

# ਅਪਾਹਜਤਾ ਅਤੇ ਭਲਾਈ ਤੋਂ ਪਾਰ ਪਹੁੰਚ

ਸ਼ਿਵਾਨੀ ਗੁਪਤਾ

ਮੁੱਖ ਬੰਧ

ਅਪਾਹਜ ਵਿਅਕਤੀਆਂ ਦੇ ਸਮਾਵੇਸ਼ ਲਈ ਪਹੁੰਚ ਇੱਕ ਪਹਿਲੀ ਸ਼ਰਤ ਹੈ। ਇਹ ਅਪਾਹਜ ਵਿਅਕਤੀਆਂ ਨੂੰ ਅਜ਼ਾਦੀ ਨਾਲ ਰਹਿਣ ਅਤੇ ਆਪਣੇ ਸਮਾਜ ਵਿੱਚ ਅਰਾਮ ਨਾਲ ਸੁਰੱਖਿਅਤ ਤੌਰ ਤੇ ਸ਼ਾਮਲ ਹੋ ਸਕਣ ਨੂੰ ਯਕੀਨੀ ਬਣਾਉਂਦੀ ਹੈ। ਅਪਾਹਜਤਾ ਅਤੇ ਪਹੁੰਚ ਇਕ ਦੂਜੇ ਦੇ ਉਲਟ ਅਨੁਪਾਤ ਵਿੱਚ ਕਹੇ ਜਾ ਸਕਦੇ ਹਨ ਜਿਥੇ ਪਹੁੰਚ ਵਧ ਜਾਣ ਨਾਲ ਅਪਾਹਜਤਾ ਘਟ ਜਾਂਦੀ ਹੈ। ਪਹੁੰਚ ਨੂੰ ਇਕ ਸੁਭਾਵਕ ਅਧਿਕਾਰ ਕਿਹਾ ਜਾ ਸਕਦਾ ਹੈ ਜਿਸ ਤੋਂ ਸਭ ਨੂੰ ਲਾਭ ਮਿਲਦਾ ਹੈ। ਇਹ ਸਿਰਫ਼ ਕੁੱਝ ਹਾਲਤਾਂ ਵਿੱਚ ਘਿਰੇ, ਜਿਵੇਂ ਕਿ ਅਪਾਹਜ ਵਿਅਕਤੀਆਂ ਨਾਲ ਜਾਂ ਵੱਡੇ ਬਜ਼ੁਰਗਾਂ ਜਿਵੇਂ ਜਨਅੰਕੜਾ ਸਮੂਹ ਨਾਲ ਹੀ ਸਬੰਧਤ ਨਹੀਂ ਹੈ।

ਪਹੁੰਚ ਦੀ ਜੜ੍ਹ ਅਪਾਹਜ ਵਿਅਕਤੀਆਂ ਵਲੋਂ ਅਜ਼ਾਦੀ ਨਾਲ ਰਹਿਣ ਦੀ ਲਹਿਰ ਵਿੱਚ ਮਿਲਦੀ ਹੈ ਅਤੇ ਉਨ੍ਹਾਂ ਵਲੋਂ ਰੋਕ ਮੁਕਤ ਵਾਤਾਵਰਨ ਦੀ ਵਕਾਲਤ ਨਾਲ ਸ਼ੁਰੂ ਹੋਈ। ਸਮੇਂ ਨਾਲ ਇਹ ਸਰਵਵਿਆਪੀ ਹੋ ਗਈ। ਸਰਵਵਿਆਪੀ ਡਿਜ਼ਾਈਨ ਇਸ ਧਾਰਨਾ ਉਪਰ ਅਧਾਰਤ ਹੈ ਕਿ ਡਿਜ਼ਾਈਨ ਪ੍ਰਕਿਰਿਆਵਾਂ ਹਰ ਹੀਲੇ ਸਮਾਵੇਸ਼ੀ, ਬਰਾਬਰ ਦੇ ਲਾਭ ਦੇਣ ਵਾਲੀਆਂ ਅਤੇ ਲਿੰਗ, ਜਨ ਅੰਕੜਾ ਸਮੂਹ ਅਤੇ ਸਮਾਜਕ, ਆਰਥਿਕ ਅਤੇ ਸਭਿਆਚਾਰਕ ਸੈਟਿੰਗ ਉਪਰ ਅਧਾਰਤ ਮਨੁੱਮੀ ਭਿੰਨਤਾਵਾਂ ਦਾ ਢੁਕਵਾਂ ਜਵਾਬ ਹੋਣੀਆਂ ਚਾਹੀਦੀਆਂ ਹਨ। ਸਰਵਵਿਆਪੀ ਡਿਜ਼ਾਈਨ, ਅਪਾਹਜ ਵਿਅਕਤੀਆਂ ਲਈ ਵਿਸ਼ੇਸ਼ ਡਿਜ਼ਾਈਨ ਦੀ ਸੋਚ ਤੋਂ ਪਰ੍ਹੇ ਹਟ ਕੇ, ਸਭ ਲਈ ਇਕ ਆਮ ਡਿਜ਼ਾਈਨ, ਵੱਲ ਬੁਨਿਆਦੀ ਬਦਲਾਓ ਦਾ ਸੰਕੇਤ ਦਿੰਦਾ ਹੈ ਅਤੇ ਇਹ ਇਸ ਧਾਰਨਾ ਉਪਰ ਅਧਾਰਤ ਹੈ ਕਿ ਬਿਲਡਿੰਗਾਂ, ਨੀਤੀਆਂ, ਤਕਨਾਲੋਜੀ ਅਤੇ ਉਤਪਾਦਤ ਵਸਤਾਂ, ਸਭ ਵਰਤੋਂਕਾਰਾਂ ਲਈ ਇਕੋ ਜਿਹੇ ਵਰਤੋਂ ਵਿੱਚ ਆਉਣ ਵਾਲੇ ਹੋਣੇ ਚਾਹੀਦੇ ਹਨ ਅਤੇ ਲਾਜ਼ਮੀ ਤੌਰ ਤੇ ਇਨ੍ਹਾਂ ਦਾ ਇਹੋ ਜਿਹਾ ਡਿਜ਼ਾਈਨ ਹੋਣਾ ਚਾਹੀਦਾ ਹੈ ਜੋ ਸਭ ਵਰਤੋਂਕਾਰਾਂ ਦੀ ਵਰਤੋਂ ਵਿੱਚ ਆ ਸਕੇ ਅਤੇ ਸਭ ਨੂੰ ਵੱਧ ਤੋਂ ਵੱਧ ਅਜ਼ਾਦੀ, ਸੁਰੱਖਿਆ ਅਤੇ ਉਪਯੋਗਤਾ ਉਪਲਬਧ ਕਰੇ ਜੋ ਬਿਨਾਂ ਕਿਸੇ ਵਾਧੂ ਅਨੁਕੂਲਨ ਜਾਂ ਵਿਸ਼ੇਸ਼ ਡਿਜ਼ਾਈਨ ਰਹਿਤ ਹੋਵੇ। ਡਿਜ਼ਾਈਨ ਪਹੁੰਚ ਦੇ ਤੌਰ ਤੇ, ਸਰਵਵਿਆਪੀ ਡਿਜ਼ਾਈਨ ਵੱਡੇ ਪੈਮਾਨੇ ਉਤੇ ਹੋਣ ਕਾਰਨ ਉਸ ਦੇ ਸਸਤੇ ਹੋਣ ਉਪਰ ਬਹੁਤ ਅਸਰ ਪਾਉਂਦਾ ਹੈ ਕਿਉਂਕਿ ਅਪਾਹਜ ਵਿਅਕਤੀਆਂ ਦੀ ਪਹੁੰਚ ਲਈ ਹਰ ਕਿਸੇ ਵਲੋਂ ਹਿੱਸੇ ਆਈ ਲਾਗਤ ਅਦਾ ਕੀਤੀ ਜਾਂਦੀ ਹੈ।

**ਵਿਸ਼ਵ ਪੱਧਰ ਉੱਤੇ, ਅਪਾਹਜ ਵਿਅਕਤੀਆਂ ਲਈ ਮੌਕਿਆਂ ਵਿੱਚ ਬਰਾਬਰੀ ਦੇ ਸੰਯੁਕਤ ਰਾਸ਼ਟਰ ਮਿਆਰੀ ਨਿਯਮ (1983), ਨਿਯਮ 5 (ਪਹੁੰਚ) ਵਿੱਚ ਵਾਤਾਵਰਨ ਪਹੁੰਚ ਬਾਰੇ ਆਦਰਸ਼ ਅਤੇ ਮੌਲਕ ਸੇਧ ਦਿੱਤੀ ਗਈ ਹੈ। ਹਾਲ ਦੀ, ਅਪਾਹਜ ਵਿਅਕਤੀਆਂ ਦੇ ਅਧਿਕਾਰਾਂ ਉਪਰ ਕਨਵੈਨਸ਼ਨ ਪਹੁੰਚ ਨੂੰ ਇਕ ਆਮ ਨਿਯਮ ਅਤੇ ਇੱਕ ਵਿਸ਼ੇਸ਼ ਮਦ ਦੇ ਤੌਰ ਤੇ ਦਰਸਾਉਂਦੀ ਹੈ। ਇਕ ਆਮ ਨਿਯਮ ਦੇ ਤੌਰ ਤੇ, ਇਸ ਵਿੱਚ ਆਸ ਕੀਤੀ ਗਈ ਹੈ ਕਿ ਕਨਵੈਨਸ਼ਨ ਦੀਆਂ ਸਭ ਮਦਾਂ ਜਦੋਂ ਲਾਗੂ ਕੀਤੀਆਂ ਜਾਣ ਤਾਂ ਉਹ ਲਾਜ਼ਮੀ ਤੌਰ ਤੇ ਪਹੁੰਚ ਦਾ ਖ਼ਿਆਲ ਰੱਖਣ।**

ਇੱਕ ਵਿਸ਼ੇਸ਼ ਮਦ ਦੇ ਤੌਰ ਤੇ – ਪਹੁੰਚ ਉਪਰ ਮਦ 9 ਨੂੰ ਮਦ 21 – ਵਿਚਾਰ ਪੇਸ਼ ਕਰਨ ਅਤੇ ਸਲਾਹ ਦੇਣ ਦੀ ਅਜ਼ਾਦੀ ਅਤੇ ਸੂਚਨਾ ਤੱਕ ਪਹੁੰਚ ਅਤੇ ਮਦ 20 – ਵਿਅਕਤੀਗਤ ਚਲਣਸ਼ੀਲਤਾ ਨਾਲ ਦੇਖਿਆ ਜਾਣਾ ਚਾਹੀਦਾ ਹੈ ਤਾਂ ਕਿ ਪਹੁੰਚ ਦੀਆਂ ਲੋੜਾਂ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕੇ। ਕਨਵੈਨਸ਼ਨ ਦੀ ਮਦ 4 – ਆਮ ਕਨੂੰਨੀ ਜਾਂ ਅਖਲਾਕੀ ਬੰਦਸ਼ਾਂ, ਵੱਖ-ਵੱਖ ਦੇਸ਼ਾਂ ਨੂੰ ਆਪਣੇ ਅਪਾਹਜ ਨਾਗਰਿਕਾਂ ਨੂੰ ਪਹੁੰਚ ਦੇਣ ਲਈ ਸੇਧ ਦਿੰਦੀ ਹੈ ਅਤੇ ਪਹੁੰਚ ਨੂੰ ਸਿਲਸਿਲੇਵਾਰ ਤਰੀਕੇ ਹਾਸਲ ਕਰਨ ਦਾ ਵਿਚਾਰ ਪੇਸ਼ ਕਰਦੀ ਹੈ।

ਖੇਤਰੀ ਪੱਧਰ ਉੱਤੇ, ਅਪਾਹਜ ਵਿਅਕਤੀਆਂ ਦਾ ਏਸ਼ੀਆ ਪ੍ਰਸ਼ਾਂਤ ਦਹਾਕਾ (2013-22) ਆਪਣੇ ਉਦੇਸ਼ 3 ਵਿੱਚ ਭੌਤਿਕੀ ਵਾਤਾਵਰਨ, ਜਨਤਕ ਟਰਾਂਸਪੋਰਟ, ਗਿਆਨ ਸੂਚਨਾ ਅਤੇ ਸੰਚਾਰ ਦੀ ਪਹੁੰਚ ਉਪਰ ਜੋਰ ਦਿੰਦਾ ਹੈ। ਭਾਰਤ ਨੇ ਇਸ ਘੋਸ਼ਣਾ ਨੂੰ ਅਪਣਾਇਆ ਹੈ ਅਤੇ ਇਸ ਉਦੇਸ਼ ਨੂੰ ਹਾਸਲ ਕਰਨ ਲਈ ਭਾਰਤ ਨੇ ਪਹੁੰਚ ਮੁਹਿੰਮ ਚਲਾਈ ਹੈ।

## ਭਾਰਤ ਪਹੁੰਚ ਮੁਹਿੰਮ

ਭਾਰਤ ਪਹੁੰਚ ਮੁਹਿੰਮ ਸਰਵਵਿਆਪੀ ਪਹੁੰਚ ਹਾਸਲ ਕਰਨ ਲਈ ਇੱਕ ਦੇਸ਼ਵਿਆਪੀ ਫਲੈਗਸ਼ਿਪ ਮੁਹਿੰਮ ਹੈ ਜੋ ਅਪਾਹਜ ਵਿਅਕਤੀਆਂ ਨੂੰ ਇੱਕ ਸਮਾਵੇਸ਼ੀ ਸਮਾਜ ਵਿੱਚ ਅਜ਼ਾਦੀ ਨਾਲ ਰਹਿਣ ਅਤੇ ਮੌਕਿਆਂ ਤੱਕ ਬਰਾਬਰੀ ਦੀ ਪਹੁੰਚ ਹਾਸਲ ਕਰਨ ਵਿੱਚ ਸਹਾਈ ਹੋਵੇਗੀ, ਇਹ ਮੁਹਿੰਮ ਸਮਾਜਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਦੇ ਅਪਾਹਜ ਵਿਅਕਤੀਆਂ ਦੇ ਸ਼ਕਤੀਕਰਨ ਵਿਭਾਗ ਵਲੋਂ ਚਲਾਈ ਜਾ ਰਹੀ ਹੈ। ਇਹ ਮੁਹਿੰਮ ਭਵਨ, ਵਾਤਾਵਰਨ, ਟਰਾਂਸਪੋਰਟ ਪ੍ਰਣਾਲੀ ਅਤੇ ਸੂਚਨਾ ਅਤੇ ਸੰਚਾਰ ਵਾਤਾਵਰਨ ਪ੍ਰਣਾਲੀ ਵਿੱਚ ਪਹੁੰਚ ਲਿਆਉਣ ਲਈ ਚਲਾਈ ਗਈ ਹੈ। ਇਸ ਮੁਹਿੰਮ ਦੀ ਬਹੁਪੱਖੀ ਕਾਰਜਨੀਤੀ ਹੈ, ਜਿਸ ਦੇ

ਮੁੱਖ ਅੰਗ ਹਨ : (ੳ) ਲੀਡਰਸ਼ਿਪ ਵਲੋਂ ਮੁਹਿੰਮ ਦੀ ਪ੍ਰੋੜ੍ਹਤਾ (ਅ) ਆਮ ਜਾਗਰੂਕਤਾ (ੲ) ਵਰਕਸ਼ਾਪਾਂ ਰਾਹੀਂ ਸਮਰਥਾ ਸਥਾਪਤ ਕਰਨਾ (ਸ) ਦਖ਼ਲਅੰਦਾਜ਼ੀ (ਕਾਨੂੰਨੀ ਢਾਂਚਾ, ਤਕਨਾਲੋਜੀ ਹੱਲ, ਵਸੀਲੇ ਪੈਦਾ ਕਰਨਾ, ਆਦਿ ਅਤੇ (ਹ) ਸਹਿਕਾਰੀ ਖੇਤਰ ਨੂੰ ਜਨਤਕ-ਨਿੱਜੀ ਭਾਈਵਾਲੀ ਵਿੱਚ ਲਗਾਉਣਾ। ਅਪਾਹਜ ਵਿਅਕਤੀਆਂ ਦੇ ਸ਼ਕਤੀਕਰਨ ਦਾ ਵਿਭਾਗ ਵੱਖ-ਵੱਖ ਰਾਜਾਂ ਨਾਲ ਇਸ ਮੁਹਿੰਮ ਨੂੰ ਲਾਗੂ ਕਰਨ ਲਈ ਇਕਰਾਰਨਾਮੇ ਉਤੇ ਦਸਤਖ਼ਤ ਕਰੇਗਾ। ਇਸ ਮੁਹਿੰਮ ਦਾ ਕਾਰਜਨੀਤੀ ਦਸਤਾਵੇਜ਼, ਇੰਚੀਓਨ ਕਾਰਜਨੀਤੀ (2013-22) ਦੇ ਉਦੇਸ਼ 3 ਵਿੱਚ ਉਲੀਕੇ ਟੀਚਿਆਂ ਉਪਰ ਅਧਾਰਤ ਹੈ।

**ਭਾਰਤ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਪਹੁੰਚ ਉਪਰ ਬਹੁਤ ਲੋੜੀਂਦਾ ਜ਼ੋਰ ਦਿੱਤਾ ਗਿਆ ਹੈ ਅਤੇ ਇਸ ਲਈ ਸਮੁੱਚੇ ਦੇਸ਼ ਨੇ ਇਸ ਕਾਰਜਨੀਤੀ ਦਾ ਦਿਲੋਂ ਸੁਆਗਤ ਕੀਤਾ ਹੈ। ਮੈਂ ਇਹ ਕਹਾਂਗੀ ਕਿ ਭਾਰਤ ਪਹੁੰਚ ਮੁਹਿੰਮ ਨੂੰ ਭਵਿੱਖ ਵਿੱਚ ਵਧੇਰੇ ਪਹੁੰਚ ਦੇ ਤੌਰ ਤੇ ਦੇਖਿਆ ਜਾ ਸਕਦਾ ਹੈ। ਇਸ ਕਾਰਜਨੀਤੀ ਅਤੇ ਮੁਹਿੰਮ ਦੇ ਚੰਗੇ ਨੁਕਤੇ ਹਨ ਅਤੇ ਇਹ ਦੇਸ਼ ਵਿੱਚ ਪਹੁੰਚ ਬਾਰੇ ਚੰਗੀ ਜਾਗਰੂਕਤਾ ਪੈਦਾ ਕਰਨਗੇ। ਇਸ ਦੇ ਨਾਲ-ਨਾਲ ਇਹ ਵੀ ਚੰਗੀ ਗੱਲ ਹੈ ਕਿ ਇਹ ਮੁਹਿੰਮ ਸਿਰਫ਼ ਭੌਤਕੀ ਪਹੁੰਚ ਉਪਰ ਜੋਰ ਨਹੀਂ ਦਿੰਦੀ ਪਰ ਇਕ ਸਮੁੱਚੀ ਪਹੁੰਚ ਰਖਦੀ ਹੈ ਜਿਸ ਵਿੱਚ ਸੂਚਨਾ ਅਤੇ ਸੰਚਾਰ ਵਾਤਾਵਰਨ ਪ੍ਰਣਾਲੀ ਦੀ ਪਹੁੰਚ ਵੀ ਸ਼ਾਮਲ ਹੈ।**

## ਪਹਿਲਾਂ ਤੋਂ ਦੇਖੀਆਂ ਜਾ ਸਕਦੀਆਂ ਚੁਨੌਤੀਆਂ ਅਤੇ ਕਮੀਆਂ

- ਘੱਟੋ-ਘੱਟ ਲੋੜਾਂ ਅਤੇ ਪਹੁੰਚ ਡਿਜ਼ਾਈਨ ਮਿਆਰ ਜਿਨ੍ਹਾਂ ਉਪਰ ਪਹੁੰਚ ਲਾਜ਼ਮੀ ਤੌਰ ਤੇ ਅਧਾਰਤ ਹੋਣੀ ਚਾਹੀਦੀ ਹੈ, ਭਾਵੇਂ ਉਹ ਭਵਨ ਵਾਤਾਵਰਨ ਵਿੱਚ ਪਹੁੰਚ ਮਿਆਰ ਹੋਣ, ਟਰਾਂਸਪੋਰਟ ਢਾਂਚੇ ਵਿੱਚ ਜਾਂ ਸੂਚਨਾ ਅਤੇ ਸੰਚਾਰ ਵਾਤਾਵਰਨ ਪ੍ਰਣਾਲੀ ਵਿੱਚ ਹੋਣ, ਹਲੇ ਸਪੱਸ਼ਟ ਨਹੀਂ ਹਨ। ਭਾਰਤ ਇੱਕ ਦੇਸ਼ ਦੇ ਤੌਰ ਤੇ ਕੋਈ ਅਜਿਹੇ ਵੱਖ-ਵੱਖ ਪਹੁੰਚ ਮਾਪਦੰਡ ਨਹੀਂ ਰਖਦਾ ਜੋ ਖ਼ਾਸ ਤੌਰ ਤੇ ਟਰਾਂਸਪੋਰਟ ਢਾਂਚੇ ਨਾਲ ਸਬੰਧਤ ਹੋਣ। ਸੁਰਖੀਆਂ ਅਤੇ ਸੰਕੇਤਕ ਭਾਸ਼ਾ ਲਈ ਮਾਪਦੰਡ ਵਿਕਾਸ ਕਰਨ ਦਾ ਟੀਚਾ ਹੈ ਪਰ ਟਰਾਂਸਪੋਰਟ ਬੁਨਿਆਦੀ ਢਾਂਚੇ ਦੇ ਸਬੰਧ ਵਿੱਚ ਫਰਕ ਹੈ। ਭਵਨ ਵਾਤਾਵਰਨ ਲਈ ਨਾਜ਼ੁਕ ਫਰਕਾਂ ਵਾਲੇ ਕਈ ਕਿਸਮ ਦੇ ਦਿਸ਼ਾ ਨਿਰਦੇਸ਼ ਹਨ ਪਰ ਉਨ੍ਹਾਂ ਵਿੱਚੋਂ ਕੋਈ ਵੀ ਪ੍ਰਮਾਣਤ ਨਹੀਂ ਹੈ ਜਿਸ ਨਾਲ ਭਵਨ ਨਿਰਮਾਤਾਵਾਂ ਅਤੇ ਸੁਵਿਧਾ ਮੈਨੇਜਰਾਂ ਵਿੱਚ ਸੰਦੇਹ ਪੈਦਾ ਹੁੰਦੇ ਹਨ।

- ਇਸ ਮੁਹਿੰਮ ਵਿੱਚ ਪਹੁੰਚ ਆਡਿਟ ਉਪਰ ਬਹੁਤ ਜੋਰ ਦਿੱਤਾ ਗਿਆ ਹੈ ਪਰ ਦੇਸ਼ ਵਿੱਚ ਸਿਖਲਾਈਸ਼ੁਦਾ ਆਡੀਟਰਾਂ ਦੀ ਘਾਟ ਹੈ ਅਤੇ ਦੇਸ਼ ਵਿੱਚ ਪਹੁੰਚ ਆਡੀਟਰ ਬਣਨ ਲਈ ਸਿਖਲਾਈ ਵੀ ਉਪਲਬਧ ਨਹੀਂ ਹੈ।

- ਮੁਹਿੰਮ ਦਾ ਸਮੁੱਚਾ ਜੋਰ ਸ਼ਹਿਰੀ ਖੇਤਰਾਂ ਉਪਰ ਹੈ। ਪੇਂਡੂ ਖੇਤਰਾਂ ਵਿੱਚ ਪਹੁੰਚ ਵਧਾਉਣ ਵੱਲ ਕੋਈ ਟੀਚਾ ਨਹੀਂ ਮਿਥਿਆ ਗਿਆ ਹੈ।

- ਇਸ ਮੁਹਿੰਮ ਵਿੱਚ ਸਰਕਾਰੀ ਬੁਨਿਆਦੀ ਢਾਂਚੇ, ਭਾਵੇਂ ਉਹ ਬਿਲਡਿੰਗਾਂ ਵਿੱਚ ਹੋਵੇ ਜਾਂ ਵੈੱਬਸਾਈਟਾਂ ਜਾਂ ਜਨਤਕ ਟਰਾਂਸਪੋਰਟ ਢਾਂਚੇ ਦੇ ਖੇਤਰ ਵਿੱਚ ਹੋਵੇ, ਉਪਰ ਹੀ ਜੋਰ ਦਿੱਤਾ ਗਿਆ ਹੈ। ਨਿੱਜੀ ਖੇਤਰ ਵਲੋਂ ਉਪਲਬਧ ਕੀਤੀਆਂ ਜਾ ਰਹੀਆਂ ਜਨਤਕ ਸੇਵਾਵਾਂ ਅਤੇ ਸਹੂਲਤਾਂ ਇਸ ਦੇ ਘੇਰੇ ਹੇਠ ਨਹੀਂ ਆਉਂਦੀਆਂ। ਭਾਵੇਂ ਸਰਕਾਰ, ਨਿੱਜੀ ਖੇਤਰ ਵਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਅਤੇ ਸਹੂਲਤਾਂ ਉਪਰ ਪੈਸਾ ਖਰਚ ਕਰਕੇ ਉਨ੍ਹਾਂ ਨੂੰ ਹਰ ਕਿਸੇ ਦੀ ਪਹੁੰਚ ਵਿੱਚ ਲਿਆਉਣ ਲਈ ਜ਼ਿੰਮੇਵਾਰ ਨਹੀਂ ਹੈ ਪਰ ਪਹੁੰਚ ਯਕੀਨੀ ਬਣਾਉਣ ਲਈ ਸਰਕਾਰ ਨੂੰ ਨਿੱਜੀ ਖੇਤਰ ਵਲੋਂ ਜਨਤਾ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਨੂੰ ਜ਼ਰੂਰ ਮਾਨੀਟਰ ਕਰਨਾ ਚਾਹੀਦਾ ਹੈ।

- ਨਾਗਰਿਕਾਂ ਵਲੋਂ ਆਵਾਜਾਈ ਦੀ ਸਭ ਤੋਂ ਸਸਤੀ ਵਰਤੋਂ ਵਿੱਚ ਲਿਆਂਦੀ ਜਾ ਰਹੀ ਕਿਸਮ ਦੋ ਸ਼ਹਿਰਾਂ ਵਿਚਕਾਰ ਅਤੇ ਸ਼ਹਿਰ ਦੇ ਅੰਦਰ, ਬੱਸ ਟਰਾਂਸਪੋਰਟ ਹੈ। ਬੱਸ ਟਰਾਂਸਪੋਰਟ ਨੂੰ ਵਧੇਰੇ ਪਹੁੰਚ ਭਰਪੂਰ ਬਣਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ (ਕਿਉਂਕਿ ਸ਼ਾਇਦ ਇਸ ਦਾ ਵੱਡਾ ਹਿੱਸਾ ਨਿੱਜੀ ਕਾਰੋਬਾਰੀਆਂ ਦੇ ਹੱਥ ਵਿੱਚ ਹੈ)।

- ਸਮੁੱਚੀ ਕਾਰਜਨੀਤੀ ਜਨਤਕ ਖੇਤਰ ਦੇ ਬੁਨਿਆਦੀ ਢਾਂਚੇ ਨੂੰ ਤਿਆਰ ਕਰਨ ਤੋਂ ਬਾਅਦ ਪਹੁੰਚ ਪੱਧਰ ਹਾਸਲ ਕਰਨ ਵੱਲ ਹੈ ਅਤੇ ਇਸ ਵਿੱਚ ਇਸ ਲੋੜ ਉਪਰ ਕੋਈ ਧਿਆਨ ਨਹੀਂ ਦਿੱਤਾ ਗਿਆ ਕਿ ਹਰ ਚੀਜ਼ ਜੋ ਨਵੀਂ ਹੈ, ਭਾਵੇਂ ਉਹ ਬਿਲਡਿੰਗ ਹੋਵੇ ਜਾਂ ਟਰਾਂਸਪੋਰਟ ਢਾਂਚਾ ਅਤੇ ਜਾਂ ਸੂਚਨਾ ਅਤੇ ਸੰਚਾਰ ਬੁਨਿਆਦੀ ਢਾਂਚਾ ਉਸ ਨੂੰ ਸ਼ੁਰੂ ਤੋਂ ਹੀ ਪਹੁੰਚ ਭਰਪੂਰ ਬਣਾਉਣਾ ਯਕੀਨੀ ਬਣਾਉਣਾ ਚਾਹੀਦਾ ਹੈ।

## ਭਾਰਤ ਪਹੁੰਚ ਮੁਹਿੰਮ ਤੋਂ ਪਾਰ

ਇਸ ਵੇਲੇ ਪਹੁੰਚ ਲਾਗੂ ਕਰਨ ਅਤੇ ਮਾਨੀਟਰ ਕਰਨ ਲਈ ਮੁੱਖ ਤੌਰ ਤੇ ਸਮਾਜਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਅਧੀਨ ਆਉਂਦੀ ਹੈ ਕਿਉਂਕਿ ਇਸ ਨੂੰ ਅਪਾਹਜਤਾ ਵਿਸ਼ੇਸ਼ ਮੁੱਦੇ ਦੇ ਤੌਰ ਤੇ ਦੇਖਿਆ ਜਾਂਦਾ ਹੈ। ਪਰ ਪਹੁੰਚ, ਲੋਕਾਂ ਦੇ ਵੱਡੇ ਦਾਇਰੇ ਜੋ ਇਸ ਤੋਂ ਲਾਭ ਉਠਾਉਂਦੇ ਹਨ ਅਤੇ ਮੰਤਰਾਲੇ ਜੋ ਆਪਣੇ ਕੰਮਕਾਜ ਵਿੱਚ ਪਹੁੰਚ ਨੂੰ ਜ਼ਰੂਰ ਜੋੜਨ, ਦੋਹਾਂ ਸੂਰਤਾਂ ਵਿੱਚ ਹੱਦਾਂ ਰਹਿਤ ਮੁੱਦਾ ਹੈ। ਪਹੁੰਚ ਨੂੰ ਢੁਕਵੇਂ ਤੌਰ ਤੇ ਲਾਗੂ ਕਰਨ ਅਤੇ ਮਾਨੀਟਰਿੰਗ ਦੀ ਲੋੜ ਹੈ।

## ਕਨੂੰਨੀ ਸੁਧਾਰ

ਅਪਾਹਜਤਾ ਹੱਕ ਕਾਨੂੰਨ ਤੋਂ ਇਲਾਵਾ, ਵਿਧੀ ਵਿਵਸਥਾ ਅਤੇ ਨੀਤੀ ਢਾਂਚੇ ਦੇ ਦਾਇਰੇ ਵਿੱਚ ਅੰਗਹੀਣ ਵਿਅਕਤੀਆਂ ਲਈ ਪਹੁੰਚ ਉਨ੍ਹਾਂ ਦੇ ਹਿੱਸੇ ਵਜੋਂ ਲਾਜ਼ਮੀ ਤੌਰ ਤੇ ਜੁੜਨੀ ਚਾਹੀਦੀ ਹੈ। ਇਨ੍ਹਾਂ ਕਨੂੰਨਾਂ ਵਿੱਚ ਸ਼ਾਮਲ ਹੋਣੇ ਚਾਹੀਦੇ ਹਨ - ਬਿਲਡਿੰਗ ਨਿਯਮ, ਸ਼ਹਿਰੀ ਅਤੇ ਪੇਂਡੂ ਵਿਕਾਸ ਕਨੂੰਨ, ਸੜਕ ਟਰਾਂਸਪੋਰਟ, ਰੇਲਵੇ, ਹਵਾਈ ਸਫ਼ਰ ਅਤੇ ਸਮੁੰਦਰੀ ਸਫ਼ਰ ਸਮੇਤ ਸਭ ਕਿਸਮ ਦੀ ਆਮ ਟਰਾਂਸਪੋਰਟ, ਇੰਟਰਨੈੱਟ ਨਿਯਮ, ਪਰਸਾਰਨ ਅਤੇ ਦੂਰਸੰਚਾਰ ਨਿਯਮ, ਹੰਗਾਮੀ ਅਤੇ ਆਫ਼ਤ ਪ੍ਰਬੰਧਨ ਕਾਨੂੰਨ, ਮਕਾਨ ਉਸਾਰੀ ਕਨੂੰਨ, ਖ਼੍ਰੀਦ ਕਨੂੰਨ ਅਤੇ ਵੱਖ-ਵੱਖ ਜਨਤਕ ਸੇਵਾਵਾਂ ਅਤੇ ਸਹੂਲਤਾਂ ਨਾਲ ਸਬੰਧਤ ਕਨੂੰਨ ਜਿਵੇਂ ਕਿ ਸਿੱਖਿਆ, ਸਿਹਤ, ਸੈਰਸਪਾਟਾ, ਪੁਲਿਸ, ਕਚਹਿਰੀਆਂ, ਖੇਡਾਂ ਅਤੇ ਸਭਿਆਚਾਰ ਆਦਿ।

ਕੁੱਝ ਦੇਸ਼ਾਂ ਨੇ ਆਪਣੀਆਂ ਕੋਸ਼ਿਸ਼ਾਂ ਦਾ ਤਾਲਮੇਲ ਅਪਾਹਜ ਵਿਅਕਤੀਆਂ ਦੇ ਅਧਿਕਾਰਾਂ ਦੀ ਕਨਵੈਨਸ਼ਨ ਨਾਲ ਬਿਠਾਉਣ ਲਈ ਪਹੁੰਚ ਕਨੂੰਨ ਬਣਾਏ ਹਨ ਜਾਂ ਬਣਾਉਣ ਦੀ ਸੋਚ ਰਹੇ ਹਨ। ਇਨ੍ਹਾਂ ਵਿੱਚ ਕਨੇਡਾ ਅਤੇ ਯੂਰਪੀਨ ਯੂਨੀਅਨ ਸ਼ਾਮਲ ਹੈ। ਫਿਲੀਪੀਨਜ਼ ਵਿੱਚ ਪਹੁੰਚ ਵਧਾਉਣ

ਸਬੰਧੀ ਕਨੂੰਨ 1983 ਤੋਂ ਹੋਂਦ ਵਿੱਚ ਹੈ ਜਿਸ ਦਾ ਉਦੇਸ਼ ਕੁੱਝ ਖ਼ਾਸ ਬਿਲਡਿੰਗ, ਸੰਸਥਾਨਾਂ, ਵਪਾਰਕ ਫਰਮਾਂ ਅਤੇ ਆਮ ਜਨਤਾ ਲਈ ਉਪਯੋਗੀ ਸਥਾਨਾਂ ਵਿੱਚ ਸਹੂਲਤਾਂ ਅਤੇ ਹੋਰ ਉਪਾਅ ਸਥਾਪਤ ਕਰਨਾ ਹੈ ਜਿਨ੍ਹਾਂ ਨਾਲ ਅਪਾਹਜ ਵਿਅਕਤੀਆਂ ਦੀ ਗਤੀਸ਼ੀਲਤਾ ਵਿੱਚ ਵਾਧਾ ਹੋ ਸਕੇ।

## ਇੱਕ ਅਨੁਕੂਲ ਵਾਤਾਵਰਨ ਪ੍ਰਣਾਲੀ ਤਿਆਰ ਕਰਨਾ

• ਭਾਰਤੀ ਸੰਕੇਤਕ ਭਾਸ਼ਾ ਸੰਸਥਾਨ ਅਤੇ ਸਮਾਵੇਸ਼ੀ ਅਤੇ ਸਰਵਵਿਆਪੀ ਡਿਜ਼ਾਈਨ ਸੰਸਥਾਨ ਦੋ ਅਜਿਹੇ ਤਜਵੀਜ਼ਸ਼ੁਦਾ ਸਿਖਲਾਈ ਅਤੇ ਸਿੱਖਿਆ ਸੰਸਥਾਨ ਹਨ ਜਿਨ੍ਹਾਂ ਨੂੰ ਲਾਜ਼ਮੀ ਤੌਰ ਤੇ ਛੇਤੀ ਤੋਂ ਛੇਤੀ ਸ਼ੁਰੂ ਹੋ ਜਾਣਾ ਚਾਹੀਦਾ ਹੈ।

• ਪਹੁੰਚ ਦੇ ਵੱਖ-ਵੱਖ ਪਹਿਲੂਆਂ ਬਿਲਡਿੰਗ ਮਾਪਦੰਡ, ਆਵਾਜਾਈ ਦੇ ਸਾਧਨਾਂ ਦਾ ਡਿਜ਼ਾਈਨ ਅਤੇ ਟਰਾਂਸਪੋਰਟ ਦੇ ਅੰਤਲੇ ਅਤੇ ਸ਼ੁਰੂ ਦੇ ਸਟੇਸ਼ਨ ਦਾ ਡਿਜ਼ਾਈਨ, ਸਭ ਕਿਸਮ ਦੀਆਂ ਜਨਤਕ ਸੇਵਾਵਾਂ ਅਤੇ ਸਹੂਲਤਾਂ ਲਈ ਸੇਵਾ ਡਿਜ਼ਾਈਨ ਅਤੇ ਪਰਸਾਰਨ ਡਿਜ਼ਾਈਨ ਆਦਿ ਲਈ ਘੱਟੋ-ਘੱਟ ਲੋੜਾਂ ਅਤੇ ਡਿਜ਼ਾਈਨ ਮਿਆਰ ਵਿਕਾਸ ਕਰਨੇ ਅਤੇ ਲਾਗੂ ਕਰਨੇ ਚਾਹੀਦੇ ਹਨ।

• ਜਿਸ ਤਰ੍ਹਾਂ ਕਿਸੇ ਨਵੀਂ ਬਿਲਡਿੰਗ ਵਿੱਚ ਰਿਹਾਇਸ਼ ਤੋਂ ਪਹਿਲਾਂ ਅੱਗ ਬੁਝਾਉਣ ਅਤੇ ਨਿਕਾਸ ਬਾਰੇ ਸਰਟੀਫਿਕੇਟ ਲੈਣਾ ਲਾਜ਼ਮੀ ਹੈ ਇਸੇ ਤਰ੍ਹਾਂ ਪਹੁੰਚ ਬਾਰੇ ਨਿਰੀਖਣ ਵੀ ਉਸੇ ਤਰ੍ਹਾਂ ਦੀ ਸੰਜੀਦਗੀ ਨਾਲ ਲੈਣਾ ਚਾਹੀਦਾ ਹੈ। ਇਸ ਵੇਲੇ ਅੱਗ ਦੀ ਸੂਰਤ ਵਿੱਚ ਪਹੁੰਚ ਨਾਲ ਨਿਕਾਸ ਨੂੰ ਮਾਨੀਟਰ ਕਰਨ ਦੀ ਸ਼ਰਤ ਨਹੀਂ ਹੈ।

## ਜਨਤਕ ਖ੍ਰੀਦ

ਕਿਸੇ ਵੀ ਦੇਸ਼ ਵਿੱਚ ਸਰਕਾਰ ਸਭ ਤੋਂ ਵੱਡੀ ਖਰੀਦਾਰ ਹੁੰਦੀ ਹੈ। ਭਾਰਤ ਲਈ ਆਰਥਿਕ ਸਹਿਯੋਗ ਅਤੇ ਵਿਕਾਸ ਸੰਸਥਾਨ ਦੀ ਰਿਪੋਰਟ ਅਨੁਸਾਰ, ਜਨਤਕ ਖ੍ਰੀਦ ਅੰਦਾਜ਼ਨ ਸਮੁੱਚੇ ਘਰੇਲੂ ਉਤਪਾਦਨ ਦਾ 20 ਪ੍ਰਤਿਸ਼ਤ ਤੋਂ 30 ਪ੍ਰਤਿਸ਼ਤ ਹੈ। ਅਮਰੀਕਾ ਅਤੇ ਯੂਰਪੀਨ ਯੂਨੀਅਨ ਸਮੇਤ ਕਈ ਦੇਸ਼ਾਂ ਵਿੱਚ ਜਨਤਕ ਵਸੂਲੀ ਨੂੰ ਪਹੁੰਚ ਵਧਾਉਣ ਲਈ ਅਸਰਦਾਰ ਤਰੀਕੇ ਵਜੋਂ ਇਸਤੇਮਾਲ ਕੀਤਾ ਜਾ ਰਿਹਾ ਹੈ। ਇਸ ਵੇਲੇ ਦੇਸ਼ ਵਿੱਚ ਜਨਤਕ ਖ੍ਰੀਦ ਵਿਧੀ ਵਿਵਸਥਾ ਅਤੇ ਰਵਾਇਤਾਂ ਵਿੱਚ ਪਹੁੰਚ ਦਾ ਖ਼ਿਆਲ ਨਹੀਂ ਰੱਖਿਆ ਜਾ ਰਿਹਾ। ਜਨਤਕ ਖ੍ਰੀਦ ਪ੍ਰਣਾਲੀ ਰਾਹੀਂ ਖਰੀਦੀਆਂ ਜਾਣ ਵਾਲੀਆਂ ਵੱਡੀ ਗਿਣਤੀ ਵਿੱਚ ਵਸਤਾਂ ਅਤੇ ਉਨ੍ਹਾਂ ਉਪਰ ਖਰਚੀ ਜਾ ਰਹੀ ਸਰਕਾਰੀ ਰਕਮ ਨੂੰ ਦੇਖਦੇ ਹੋਏ ਇਹ ਮਹੱਤਵਪੂਰਨ ਹੈ ਕਿ ਸਰਕਾਰ ਇਹ ਯਕੀਨੀ ਬਣਾਏ ਕਿ ਜੋ ਕੁਝ ਵੀ ਖਰੀਦਿਆ ਜਾ ਰਿਹਾ ਹੈ, ਉਹ ਅਪਾਹਜ ਵਿਅਕਤੀਆਂ ਲਈ ਪਹੁੰਚ ਭਰਪੂਰ ਹੈ। ਜੇਕਰ ਖ੍ਰੀਦ ਨੀਤੀਆਂ ਵਿੱਚ ਪਹੁੰਚ ਨੂੰ ਪਹਿਲੀ ਸ਼ਰਤ ਦੇ ਤੌਰ ਤੇ ਸ਼ਾਮਲ ਕਰ ਲਿਆ ਜਾਵੇ ਤਾਂ ਇਹ ਨਾ ਸਿਰਫ਼ ਵਸੂਲੀ ਦੇ ਸਿੱਟਿਆਂ ਉਪਰ ਸਗੋਂ ਨਿੱਜੀ ਖੇਤਰ ਅਤੇ ਵਸਤਾਂ ਉਤਪਾਦਨ ਕਰਨ ਵਾਲੀਆਂ ਕੰਪਨੀਆਂ ਉਪਰ ਵੀ ਚੰਗਾ ਮਾਰਕੀਟ ਅਸਰ ਸਕਾਰਾਤਮਕ ਤਰੀਕੇ ਨਾਲ ਪਾ ਸਕਣਗੀਆਂ।

## ਨਿੱਜੀ ਖੇਤਰ ਦੀਆਂ ਸੇਵਾਵਾਂ ਅਤੇ ਸਹੂਲਤਾਂ ਵਿੱਚ ਪਹੁੰਚ

ਸਰਕਾਰ ਵਲੋਂ ਸੇਵਾਵਾਂ ਅਤੇ ਸਹੂਲਤਾਂ ਦੇ ਖੇਤਰ ਨੂੰ ਵਧੇਰੇ ਨਿੱਜੀ ਕਰਨ ਨਾਲ ਇਹ ਮਹੱਤਵਪੂਰਨ ਹੋ ਗਿਆ ਹੈ ਕਿ ਪਹੁੰਚ ਉਨ੍ਹਾਂ ਉਪਰ ਵੀ ਬਰਾਬਰ ਤੌਰ ਤੇ ਲਾਗੂ ਹੋਵੇ। ਇਸ ਵੇਲੇ ਭਾਰਤ ਵਿੱਚ ਨਿੱਜੀ ਖੇਤਰ ਵਲੋਂ ਪਹੁੰਚ ਯਕੀਨੀ ਬਣਾਉਣ ਲਈ ਕੋਈ ਵੀ ਵਿਧਾਨਕ ਢਾਂਚਾ ਨਹੀਂ ਹੈ, ਪਰ ਨਿੱਜੀ ਤੌਰ ਤੇ ਸੇਵਾਵਾਂ ਅਤੇ ਸਹੂਲਤਾਂ ਦੇਣ ਵਾਲਿਆਂ ਉਪਰ ਅਪਾਹਜ ਵਿਅਕਤੀਆਂ ਲਈ ਪਹੁੰਚ ਦੇਣ ਦੀ ਬਰਾਬਰ ਦੀ ਜ਼ਿੰਮੇਵਾਰੀ ਬਣਦੀ ਹੈ। ਇੰਟਰਨੈੱਟ ਰਾਹੀਂ ਦਿੱਤੀਆਂ ਜਾਣ ਵਾਲੀਆਂ ਸਭ ਜਨਤਕ ਸੇਵਾਵਾਂ ਅਤੇ ਸਹੂਲਤਾਂ ਤੱਕ ਅਪਾਹਜ ਵਿਅਕਤੀਆਂ ਦੀ ਵੀ ਪਹੁੰਚ ਹੋਣੀ ਚਾਹੀਦੀ ਹੈ। ਸਰਕਾਰ ਵਲੋਂ ਇਸ ਕਾਰਜ ਨੂੰ ਯਕਨੀ ਬਣਾਉਣ ਲਈ ਕੁੱਝ ਸਫਾਰਸ਼ਾਂ ਹਨ :

• ਜਨਤਕ ਖ੍ਰੀਦ ਮਸ਼ੀਨਰੀ ਵਿੱਚ ਨਿੱਜੀ ਖੇਤਰ ਵਲੋਂ ਪਹੁੰਚ ਯਕੀਨੀ ਬਣਾਉਣ ਲਈ ਵੀ ਰਸਤਾ ਪੱਧਰਾ ਹੋਣਾ ਚਾਹੀਦਾ ਹੈ। ਉਦਾਹਰਨ ਦੇ ਤੌਰ ਤੇ, ਜੇਕਰ ਸਰਕਾਰ ਇਹ ਫੈਸਲਾ ਕਰ ਲਵੇ ਕਿ ਸਰਕਾਰੀ ਪੂੰਜੀ ਨਾਲ ਦੇਸ਼ ਵਿੱਚ ਜਿੰਨੀਆਂ ਵੀ ਲਿਫਟਾਂ ਖਰੀਦੀਆਂ ਜਾਂਦੀਆਂ ਹਨ, ਉਹ ਪਹੁੰਚ ਮਾਪਦੰਡਾਂ ਉਪਰ ਖਰੀਆਂ ਉਤਰਨੀਆਂ ਚਾਹੀਦੀਆਂ ਹਨ ਤਾਂ ਖਰੀਦ ਦੀ ਭਾਰੀ ਮਾਤਰਾ ਨੂੰ ਦੇਖਦੇ ਹੋਏ ਨਿੱਜੀ ਖੇਤਰ ਵਿੱਚ ਲਿਫਟ ਬਣਾਉਣ ਵਾਲਿਆਂ ਨੂੰ ਪਹੁੰਚ ਭਰਪੂਰ ਲਿਫਟਾਂ ਬਣਾਉਣ ਲਈ ਉਤਸ਼ਾਹ ਮਿਲੇਗਾ।

• ਨਿੱਜੀ ਖੇਤਰ ਵਲੋਂ ਦਿੱਤੀਆਂ ਜਾਣ ਵਾਲੀਆਂ ਸਭ ਆਮ ਸੇਵਾਵਾਂ ਅਤੇ ਸਹੂਲਤਾਂ ਲਈ ਸਭ ਤੋਂ ਪਹਿਲਾਂ ਸਰਕਾਰ ਤੋਂ ਲਸੰਸ ਲੈਣਾ ਪੈਂਦਾ ਹੈ। ਲਸੰਸ ਦੇਣ ਵੇਲੇ ਹੀ ਪਹੁੰਚ ਯਕੀਨੀ ਬਣਾਉਣ ਨਾਲ ਲਾਗੂਕਰਨ ਵਿੱਚ ਮਦਦ ਮਿਲ ਸਕਦੀ ਹੈ। ਉਦਾਹਰਣ ਦੇ ਤੌਰ ਤੇ, ਜੇਕਰ ਇਕ ਨਿੱਜੀ ਟਰਾਂਸਪੋਰਟ ਨੂੰ ਬਕਾਇਦਾ ਬਸ ਚਲਾਉਣ ਲਈ ਲਸੰਸ ਦਿੱਤਾ ਜਾਂਦਾ ਹੈ ਅਤੇ ਇਸ ਵਿੱਚ ਬਸ ਪਹੁੰਚ ਭਰਪੂਰ ਹੋਣ ਅਤੇ ਬਸ ਦੇ ਅਮਲੇ ਨੂੰ ਅਪਾਹਜ ਵਿਅਕਤੀਆਂ ਵੱਲ ਸੰਵੇਦਨਸ਼ੀਲ ਹੋਣ ਦੀ ਸਿਖਲਾਈ ਦੇਣ ਦੀ ਮਦ ਪਹਿਲਾਂ ਤੋਂ ਨਿਰਧਾਰਤ ਸ਼ਰਤ ਦੇ ਤੌਰ ਤੇ ਰੱਖੀ ਜਾਂਦੀ ਹੈ ਤਾਂ ਆਪਣੇ ਆਪ ਨਿੱਜੀ ਮਾਲਕਾਂ ਵਲੋਂ ਚਲਾਈਆਂ ਜਾਣ ਵਾਲੀਆਂ ਬਸਾਂ ਪਹੁੰਚ ਭਰੂਪਰ ਹੋ ਜਾਣਗੀਆਂ। ਇਸ ਦਾ ਬਸ ਬਣਾਉਣ ਵਾਲੀਆਂ ਕੰਪਨੀਆਂ ਉਪਰ ਵੀ ਅਸਰ ਪਵੇਗਾ ਜਿਨ੍ਹਾਂ ਨੂੰ ਪਹੁੰਚ ਭਰਪੂਰ ਡਿਜ਼ਾਈਨ ਵਾਲੀਆਂ ਬੱਸਾਂ ਬਣਾਉਣ ਲਈ ਉਤਸ਼ਾਹ ਮਿਲੇਗਾ।

• ਸਰਟੀਫਿਕੇਟ ਦੇਣ ਨੂੰ ਵੀ ਪਹੁੰਚ ਲਈ ਵਰਤਿਆ ਜਾ ਸਕਦਾ ਹੈ। ਇਹ ਸਰਟੀਫਿਕੇਟ ਸਰਕਾਰ ਵਲੋਂ ਦਿੱਤਾ ਜਾਂਦਾ ਹੈ ਜਿਵੇਂ ਕਿ ਸੈਰਸਪਾਟਾ ਮੰਤਰਾਲੇ ਵਲੋਂ ਹੋਟਲਾਂ ਨੂੰ ਸਟਾਰ ਦਾ ਦਰਜਾ ਦਿੱਤਾ ਜਾਣ ਵਾਲਾ ਸਰਟੀਫਿਕੇਟ ਜਾਂ ਟੇਰੀ ਗਰੀਨ ਰੇਟਿੰਗ ਪ੍ਰਣਾਲੀ ਵਲੋਂ ਨਿੱਜੀ ਖੇਤਰ ਵਿੱਚ ਦਿੱਤਾ ਜਾਣ ਵਾਲਾ ਸਰਟੀਫਿਕੇਟ, ਅਜਿਹੀ ਰੇਟਿੰਗ ਜਾਂ ਸਰਟੀਫਿਕੇਟ ਪ੍ਰਣਾਲੀ ਵਿੱਚ ਪਹੁੰਚ ਸ਼ਾਮਲ ਕਰਨਾ ਇਕ ਸਕਾਰਾਤਮਕ ਤਬਦੀਲੀ ਲਿਆ ਸਕਦਾ ਹੈ। ਪਹੁੰਚ ਭਰਪੂਰ ਬਣਾਉਣ ਨੂੰ ਉੱਚ ਰੇਟਿੰਗ ਦੇ ਕੇ, ਪਹੁੰਚ ਦਾ ਮਹੱਤਵ ਜਾਂ ਉਸ ਨੂੰ ਦਿੱਤਾ ਜਾਣ ਵਾਲਾ ਦਰਜ਼ਾ ਕਾਫ਼ੀ ਹੋਣਾ ਚਾਹੀਦਾ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ, ਨਿੱਜੀ ਖੇਤਰ ਵਲੋਂ ਇਸ ਨੂੰ ਨਜ਼ਰਅੰਦਾਜ਼ ਕਰਨਾ ਅਸਾਨ ਹੋਵੇਗਾ।

• ਕੁਸ਼ਲਤਾ ਯਕੀਨੀ ਬਣਾਉਣ ਵਾਲੀ ਚੈਕਿੰਗ ਅਤੇ ਪ੍ਰਣਾਲੀ ਵਿੱਚ ਪਹੁੰਚ ਸ਼ਾਮਲ ਹੋਣੀ ਚਾਹੀਦੀ ਹੈ ਅਤੇ ਇਹ ਲਾਜ਼ਮੀ ਤੌਰ ਤੇ ਹੀ ਹੋਣੀ ਚਾਹੀਦੀ ਹੈ।

*(ਲੇਖਕ ਅਸੈੱਸ ਅਬਿਲਟੀ ਦੇ ਸੰਸਥਾਪਕ ਹਨ, ਉਹ ਭਾਰਤ ਦੇ ਇੱਕ ਮਹਸ਼ਹੂਰ ਪਹੁੰਚ ਮਸ਼ਵਰਾਕਾਰ ਵੀ ਹਨ)*

*e-mail :shewany@gmail.com*

# ਪਹੁੰਚ : ਵਿਕਸਤ ਭਾਰਤ ਲਈ ਅੱਗੇ ਦਾ ਰਾਹ

ਡਾ. ਗੌਰਵ ਰਹੇਜਾ

ਜਾਣ ਪਛਾਣ

ਕਿਸੇ ਵੀ ਦੇਸ਼ ਦਾ ਵਿਕਾਸ ਇਸ ਗੱਲ ਤੋਂ ਪਰਖਿਆ ਜਾਂਦਾ ਹੈ ਕਿ ਉਹ ਕਮਜ਼ੋਰ ਤੇ ਲਿਤੜੀ ਜਨਸੰਖਿਆ, ਜਿਸ ਵਿੱਚ ਅਪੰਗ ਵਿਅਕਤੀ ਵੀ ਸ਼ਾਮਲ ਹੁੰਦੇ ਹਨ, ਦੀ ਸਾਂਭ-ਸੰਭਾਲ ਤੇ ਸਹਾਇਤਾ ਕਿਵੇਂ ਕਰਦਾ ਹੈ। ਭਾਰਤ, ਜਿੱਥੇ ਵਿਸ਼ਵ ਦੀ ਇੱਕ ਤਿਹਾਈ ਅਪੰਗਤਾ ਵਾਲੀ ਜਨਸੰਖਿਆ ਵਸਦੀ ਹੈ ਅਤੇ ਦੁਨੀਆਂ ਦੇ ਅੱਧੇ ਦ੍ਰਿਸ਼ਟੀਹੀਣ ਵਿਅਕਤੀ ਜਿੱਥੇ ਰਹਿੰਦੇ ਹਨ (ਬਾਲਾਰਾਮ, 2011), ਨੂੰ ਅਪੰਗਤਾ ਪ੍ਰਤਿ ਦਇਆ ਤੋਂ ਸਮਾਜਕ ਮਾਡਲ ਵੱਲ ਮੋੜ ਪਾਉਣ ਵਾਸਤੇ ਕਈ ਸਾਰੀਆਂ ਹਾਂ-ਪੱਖੀ ਕਾਰਜ ਯੋਜਨਾਵਾਂ ਦੀ ਜ਼ਰੂਰਤ ਹੈ। ਇੱਕ ਅਜਿਹਾ ਭਾਰਤ ਜੋ ਇੱਕ ਵਿਕਸਤ ਭਵਿੱਖ ਲਈ ਯਤਨ ਕਰਦਾ ਹੈ ਅਤੇ ਕਾਮਨਾ ਕਰਦਾ ਹੈ, ਵਿੱਚ ਬੁਨਿਆਦੀ ਢਾਂਚੇ ਅਤੇ ਜਾਣਕਾਰੀ ਦੀ ਪਹੁੰਚ ਰਾਹੀਂ ਮਨੁੱਖੀ ਬਰਾਬਰੀ ਦੀਆਂ ਚਿੰਤਾਵਾਂ ਦਾ ਹੱਲ ਇੱਕ ਅਹਿਮ ਭੂਮਿਕਾ ਨਿਭਾਵੇਗਾ।

ਭਾਰਤ ਵਿੱਚ ਪਹੁੰਚ ਬਾਰੇ ਚਰਚਾ ਆਮ ਤੌਰ ਤੇ ਸ਼ੁਰੂ ਹੋ ਜਾਂਦੀ ਹੈ ਅਤੇ ਫਿਰ ਇਸ ਦਾ ਵੇਰਵਾ ਅਪੰਗਤਾ ਵਾਲੇ ਵਿਅਕਤੀਆਂ ਦੀਆਂ ਲੋੜਾਂ ਮੁਤਾਬਕ ਹੁੰਦਾ ਹੈ, ਬਜਾਏ ਇਸ ਦੇ ਕਿ ਇਸ ਦਾ ਦਾਇਰਾ ਮਨੁੱਖੀ ਭਿੰਨਤਾ ਦੇ ਸੱਭਿਆਚਾਰਕ, ਆਰਥਿਕ ਅਤੇ ਸਮਾਜਕ ਰੂਪਾਂ ਨੂੰ ਧਿਆਨ ਵਿੱਚ ਰੱਖ ਕੇ ਵਧਾਇਆ ਜਾਵੇ। ਜ਼ਿੰਦਗੀ ਦੇ ਸਾਰੇ ਖੇਤਰਾਂ ਵਿੱਚ ਅਪੰਗ ਵਿਅਕਤੀਆਂ ਨੂੰ ਸ਼ਾਮਲ ਕਰਨ ਲਈ ਪਹੁੰਚ ਦੀ ਯਾਤਰਾ ਦੇ ਮਾਰਗ ਵਿੱਚ ਦਇਆ ਜਾਂ ਤਰਸ ਦਾ ਸੱਭਿਆਚਾਰ ਇੱਕ ਹੋਰ ਵੱਡਾ ਅੜਿੱਕਾ ਹੈ। ਸਿੱਖਿਆ, ਮੀਡੀਆ ਅਤੇ ਮਨੁੱਖੀ ਸੰਪਰਕ ਦੇ ਦੂਜੇ ਸੰਭਵ ਤਰੀਕਿਆਂ ਰਾਹੀਂ ਨਿਰੰਤਰ ਨਵੀਆਂ ਖੋਜਾਂ ਕਰਨ ਦੀ ਲੋੜ ਹੈ ਤਾਂ ਕਿ ਜਾਗਰੂਕਤਾ ਫੈਲਾਈ ਜਾ ਸਕੇ ਅਤੇ ਅਪੰਗਤਾ ਨੂੰ ਸਮਝਣ ਦੇ ਸਵਾਲ ਨੂੰ ਪ੍ਰਮੁੱਖਤਾ ਦਿੱਤੀ ਜਾ ਸਕੇ। ਅਪੰਗਤਾ ਦਾ ਮਤਲਬ ਸਿਰਫ਼ ਇੱਕ ਫਰਕ ਨੂੰ ਉਜਾਗਰ ਕਰਨਾ ਹੀ ਨਹੀਂ ਸਗੋਂ ਮਨੁੱਖੀ ਜ਼ਿੰਦਗੀ ਵਿੱਚ ਭਿੰਨਤਾ ਦੀ ਇੱਕ ਪਰਤ ਨੂੰ ਸਵੀਕਾਰ ਕਰਨਾ ਹੈ ਜਿਸ ਨੂੰ ਸਾਡੇ ਜੀਵਨ ਦੇ ਵਾਤਾਵਰਨ ਨੂੰ ਅਪਨਾਉਣਾ ਹੋਵੇਗਾ ਅਤੇ ਬਿਨਾਂ ਕਿਸੇ ਵਿਤਕਰੇ ਦੇ ਢੁੱਕਵੇ ਪ੍ਰਬੰਧ ਕਰਨੇ ਹੋਣਗੇ। ਗੁਰੂਦੇਵ ਰਬਿੰਦਰਨਾਥ ਟੈਗੋਰ ਦੇ ਸ਼ਬਦਾਂ ਵਿੱਚ, "ਸਮੱਸਿਆ ਇਹ ਨਹੀਂ ਕਿ ਸਾਰੇ ਫਰਕਾਂ ਨੂੰ ਕਿਵੇਂ ਮਿਟਾਉਣਾ ਹੈ, ਸਗੋਂ ਸਾਰੇ ਫਰਕਾਂ ਦੇ ਹੁੰਦਿਆਂ ਵੀ ਕਿਵੇਂ ਇਕੱਠੇ ਹੋਣਾ ਹੈ।" ਪਹੁੰਚ, ਸੰਭਵ ਤੌਰ ਤੇ ਪ੍ਰਸੰਗਿਕ ਅਤੇ ਸ਼ਕਤੀਸ਼ਾਲੀ ਮਾਧਿਅਮ ਹੈ ਜੋ ਉਪਰਲੀ ਭਾਵਨਾ ਨੂੰ ਜ਼ਮੀਨੀ ਹਕੀਕਤ ਵਿੱਚ ਬਦਲ ਸਕਦਾ ਹੈ। ਇਸ ਵਿੱਚ ਮਨੁੱਖੀ ਭਿੰਨਤਾ ਨੂੰ ਯੋਗ ਕਰਨ ਅਤੇ ਇਕੱਠੇ ਕਰਨ ਦੀ ਸਮਰੱਥਾ ਹੈ। ਅਜਿਹਾ ਕਰਨ ਲਈ ਇਹ ਕਿਸੇ ਵੀ ਯੋਗਤਾ ਨੂੰ ਚੁਨੌਤੀ ਨਹੀਂ ਦੇਵੇਗਾ ਸਗੋਂ ਭਿੰਨ ਸਮਰੱਥਾ ਵਾਲੇ ਵਿਅਕਤੀਆਂ ਦੀ ਸਹਾਇਤਾ ਕਰੇਗਾ। ਇਸ ਨੂੰ ਖੋਜ ਅਧਾਰਤ ਅਮਲ ਅਤੇ ਨਿਰੰਤਰ ਮੁੱਲਾਂਕਣ ਕਰਨ ਦੀ ਲੋੜ ਹੈ ਤਾਂ ਕਿ ਪਹੁੰਚ ਦੁਆਰਾ ਸਾਡੀ ਜ਼ਿੰਦਗੀ ਦੇ ਵਾਤਾਵਰਨ (ਸ਼ਹਿਰੀ ਤੇ ਦਿਹਾਤੀ) ਉਤੇ ਪੈਣ ਵਾਲੇ ਪ੍ਰਭਾਵਾਂ ਦਾ ਜਾਇਜ਼ਾ ਲੈਣ ਦੇ ਯੋਗ ਹੋਇਆ ਜਾ ਸਕੇ। ਸਮਕਾਲੀ ਭਾਰਤ ਵਿੱਚ ਦਿੱਲੀ ਮੈਟਰੋ ਪਹੁੰਚ ਦੀ ਇੱਕ ਹਾਂ-ਪੱਖੀ ਉਦਾਹਰਣ ਹੈ ਜਿੱਥੇ ਪਹੁੰਚ ਨਾ ਸਿਰਫ਼ ਉਸਰੇ ਬੁਨਿਆਦੀ ਢਾਂਚੇ ਦੇ ਭਾਗ ਵਜੋਂ ਨਿਰੰਤਰ ਏਕੀਕ੍ਰਿਤ ਹੈ, ਸਗੋਂ ਅਜਿਹਾ ਸੂਚਨਾ ਤੇ ਸੇਵਾਵਾਂ ਦੇ ਖੇਤਰ ਵਿੱਚ ਵੀ ਹੈ ਜੋ ਇਨ੍ਹਾਂ ਨੂੰ ਚਲਾਉਣ ਲਈ ਜ਼ਰੂਰੀ ਹਨ। ਵੱਡੇ ਸੰਦਰਭ ਵਿੱਚ, ਇਸ ਨੇ ਆਰਥਿਕ, ਸੱਭਿਆਚਾਰਕ ਅਤੇ ਸਮਾਜਕ ਭਿੰਨਤਾ ਨੂੰ ਵੀ ਆਪਣੇ ਦਾਇਰੇ ਵਿੱਚ ਲਿਆਂਦਾ ਹੈ ਤਾਂ ਕਿ ਸਰੀਰਕ ਫਰਕ ਨੂੰ ਮਨੁੱਖੀ ਭਿੰਨਤਾ ਦੇ ਤੌਰ ਤੇ ਵੇਖਿਆ ਜਾਵੇ। ਪਰ ਇਸ ਦੇ ਲਈ ਹਲੇ ਵੀ ਦੁਬਾਰਾ ਸਿੱਖਿਆ ਲੈਣ ਦੀ ਲੋੜ ਹੈ ਤਾਂ ਕਿ ਪਹੁੰਚ ਨੂੰ ਸਮਝ ਕੇ ਇਸ ਦੀ ਢੁੱਕਵੇਂ ਤਰੀਕਿਆਂ ਨਾਲ ਵਿਆਖਿਆ ਕੀਤੀ ਜਾ ਸਕੇ।

## ਪਹੁੰਚ ਨੂੰ ਸਮਝਣਾ ਤੇ ਇਸ ਦੀ ਮਹੱਤਤਾ


ਇੱਕ ਸ਼ਬਦ ਵਜੋਂ 'ਪਹੁੰਚ' ਨੂੰ ਸਰਲ ਕਰਨ ਅਤੇ ਵਿਆਖਿਆ ਲਈ ਵਿਸ਼ੇਸ਼ ਕਦਮਾਂ ਦੀ ਲੋੜ ਨਹੀਂ ਸਗੋਂ ਸਾਡੇ ਦਿਮਾਗਾਂ, ਸਭਿਆਚਾਰਾਂ, ਸਮਾਜਕ ਪਹਿਲਕਦਮੀਆਂ ਅਤੇ ਮਨੁੱਖੀ ਹੁੰਗਾਰੇ ਨੂੰ ਸੰਵੇਦਨਸ਼ੀਲ ਬਣਾਉਣ ਦੀ ਜ਼ਰੂਰਤ ਹੈ। ਪਹੁੰਚ ਸਿਰਫ਼ ਸਰੀਰਕ ਨਹੀਂ ਸਗੋਂ ਬੌਧਿਕ ਸਮਾਜਕ ਅਤੇ ਸੰਸਥਾਗਤ ਵੀ ਹੁੰਦੀ ਹੈ। ਸੌਖੇ ਸ਼ਬਦਾਂ ਵਿੱਚ, ਇਹ ਜੀਵਨ ਦਾ ਇੱਕ ਅਨੁਭਵ ਹੈ ਜਿਸ ਵਿੱਚ ਕੋਈ ਵੀ ਵਿਅਕਤੀ ਘੱਟ ਤੋਂ ਘੱਟ ਮਨੁੱਖੀ ਨਿਰਭਰਤਾ ਦੇ ਨਾਲ ਜਾਂ ਬਿਨਾਂ ਅਤੇ ਮਨੁੱਖੀ ਸਨਮਾਨ ਗੁਆਏ ਬਿਨਾਂ ਅੱਗੇ ਵਧਣ, ਗੱਲਬਾਤ, ਕੰਮ ਕਰਨ, ਭਾਗ ਲੈਣ ਅਤੇ ਰੋਜ਼ਾਨਾ ਦੀਆਂ ਸਰਗਰਮੀਆਂ ਕਰਨ ਦੇ ਯੋਗ ਹੁੰਦਾ ਹੈ। 'ਕੀ ਅਸੀਂ ਮੌਜੂਦਾ ਵਾਤਾਵਰਨ ਵਿੱਚ ਤੁਰਨ, ਗੱਲਬਾਤ ਕਰਨ ਅਤੇ ਆਪਣੀਆਂ ਸਰਗਰਮੀਆਂ ਅਜ਼ਾਦੀ, ਸਨਮਾਨ ਅਤੇ ਬਰਾਬਰੀ ਨਾਲ ਕਰਨ ਦੇ ਯੋਗ ਹਾਂ?' ਜੇ ਇਸ ਦਾ ਉੱਤਰ ਹਾਂ ਵਿੱਚ ਹੈ ਤਾਂ ਸਚਮੁੱਚ ਹੀ ਅਸੀਂ ਜ਼ਿੰਦਗੀ ਵਿੱਚ ਪਹੁੰਚ ਦਾ ਅਨੁਭਵ ਕੀਤਾ ਹੈ, ਜੇ ਜਵਾਬ ਨਹੀਂ ਹੈ ਤਾਂ ਸਾਨੂੰ ਮੁੱਖ ਤੱਥਾਂ ਅਤੇ ਉਨ੍ਹਾਂ ਦੇ ਆਪਸੀ ਸਬੰਧਾਂ ਦੀ ਪੜਚੋਲ ਕਰਨ ਦੀ ਲੋੜ ਹੈ ਜਿਨ੍ਹਾਂ ਕਰਕੇ ਪਹੁੰਚ ਵਾਲੀ ਸਥਿਤੀ ਨਹੀਂ ਬਣ ਸਕੀ। ਫਿਰ ਅਸੀਂ ਮਹਿਸੂਸ ਕਰਾਂਗੇ ਕਿ ਪਹੁੰਚ ਮਨੁੱਖੀ ਕਾਰਜਾਂ ਅਤੇ ਸਥਾਨ ਦਰਮਿਆਨ ਜਟਿਲ ਸੰਵਾਦ ਦਾ ਨਤੀਜਾ ਹੈ। ਜੋ ਸਥਾਨ ਸਾਰਿਆਂ ਵਾਸਤੇ ਮਨੁੱਖੀ ਕਾਰਜਾਂ

ਦੀ ਸਹਾਇਤਾ ਕਰਦਾ ਹੈ ਤਾਂ ਇਸ ਨੂੰ ਪੂਰਨ ਤੌਰ ਤੇ ਪਹੁੰਚ ਵਿੱਚ ਕਿਹਾ ਜਾ ਸਕਦਾ ਹੈ ਅਤੇ ਜੇ ਇਹ ਮਨੁੱਖੀ ਕਾਰਜਾਂ ਦੀ ਸਹਾਇਤਾ ਸ਼ਰਤਾਂ ਸਹਿਤ ਕਰਦਾ ਹੈ ਤਾਂ ਇਹ ਆਸ਼ਿੰਕ ਰੂਪ ਵਿੱਚ ਪਹੁੰਚ ਵਿੱਚ ਹੋਵੇਗਾ। ਇਸੇ ਤਰ੍ਹਾਂ ਹੀ, ਜੇ ਇਹ ਪ੍ਰਮੁੱਖ ਮਨੁੱਖੀ ਕਾਰਜਾਂ ਦੀ ਸਹਾਇਤਾ ਨਹੀਂ ਕਰਦਾ ਤਾਂ ਇਹ ਪਹੁੰਚ ਤੋਂ ਬਾਹਰ ਵੀ ਹੋ ਸਕਦਾ ਹੈ। ਸਾਡੇ ਸਜੀਵ ਵਾਤਾਵਰਨਾਂ ਨੂੰ ਸਮਾਜਕ, ਰਾਜਨੀਤਕ, ਆਰਥਿਕ ਅਤੇ ਸਭਿਆਚਾਰਕ ਦਰਜੇ ਦੇ ਨਿਰੰਤਰ ਪ੍ਰਤੀਬਿੰਬ ਵਜੋਂ ਅਨੁਭਵ ਕਰਨਾ ਵੀ ਅਹਿਮ ਹੈ। ਪਹੁੰਚ ਦੇ ਮਾਰਗ ਵਿੱਚ ਅੜਿੱਕੇ ਨਾ ਕੇਵਲ ਬੁਨਿਆਦੀ ਢਾਂਚੇ ਦੀ ਅਣਹੋਂਦ ਕਰਕੇ ਵੀ ਪੈਦਾ ਹੁੰਦੇ ਹਨ ਪਰ ਇਹ ਸੱਭਿਆਚਾਰ ਦੀ ਅਣਹੋਂਦ ਕਰਕੇ ਪੈਦਾ ਹੁੰਦੇ ਹਨ ਪਰ ਇਹ ਸੱਭਿਆਚਾਰ ਦੀ ਅਣਹੋਂਦ ਕਾਰਨ ਵੀ ਉਪਜਾਏ ਗਏ ਹਨ ਜਿਥੇ ਪਹੁੰਚ ਦੀ ਗਲਤ ਵਿਆਖਿਆ ਕੀਤੀ ਜਾਂਦੀ ਹੈ। ਸਿਰਫ਼ ਅਪੰਗ ਵਿਅਕਤੀਆਂ ਵਾਸਤੇ ਹੀ ਪਹੁੰਚ ਨੂੰ ਇੱਕ ਸਿਧਾਂਤ ਵਜੋਂ ਸਮਝਣਾ ਇਕ ਲੰਮੇ ਸਮੇਂ ਤੋਂ ਅਨੁਭਵ ਕੀਤੀ ਜਾ ਰਹੀ ਮਿਥ ਹੈ ਜੋ ਹਾਲੇ ਵੀ ਜਾਰੀ ਹੈ। ਜਦਕਿ ਇੱਕ ਫਾਇਦੇ ਵਾਲੇ ਅਨੁਭਵ ਅਤੇ ਨਿਵੇਸ਼ ਵਜੋਂ ਪਹੁੰਚ ਨੂੰ ਪਿਛਲੇ ਦਹਾਕਿਆਂ ਦੇ ਮੁਕਾਬਲੇ ਵੱਧ ਰਫ਼ਤਾਰ ਨਾਲ ਵਿਕਸਤ ਹੋਣ ਦੀ ਜ਼ਰੂਰਤ ਹੈ। 1995 ਦਾ ਅਪੰਗਤਾ ਵਾਲੇ ਵਿਅਕਤੀਆਂ ਬਾਰੇ ਐਕਟ, ਅਮਲ ਵਾਸਤੇ ਇੱਕ ਮਜਬੂਤ ਮੰਚ ਪ੍ਰਦਾਨ ਕਰਨ ਤੋਂ ਇਲਾਵਾ ਜ਼ਮੀਨੀ ਤੌਰ ਤੇ ਪਹੁੰਚ ਦੇ ਅਨੁਵਾਦ ਨੂੰ ਇਹ ਕਹਿ ਕੇ ਕਮਜ਼ੋਰ ਵੀ ਕਰਦਾ ਹੈ, 'ਢੁੱਕਵੀਆਂ ਸਰਕਾਰਾਂ ਅਤੇ ਸਥਾਨਕ ਸਰਕਾਰਾਂ, ਆਪਣੀ ਆਰਥਿਕ ਸਮਰੱਥਾ ਅਤੇ ਵਿਕਾਸ ਦੀਆਂ ਸੀਮਾਵਾਂ ਦੇ ਅੰਦਰ, ਢਲਾਨ ਆਦਿ ਪ੍ਰਦਾਨ ਕਰ ਸਕਦੀਆਂ ਹਨ ....।'

ਪਹੁੰਚ ਦਾ ਮਹੱਤਵ ਤੇ ਅਪੰਗ ਵਿਅਕਤੀਆਂ ਬਾਰੇ ਐਕਟ ਦੇ ਨਿਯਮਾਂ ਦੇ ਪਸਾਰ ਰਾਹੀਂ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ ਜੋ ਅਪੰਗ ਵਿਅਕਤੀਆਂ ਨੂੰ ਸਿੱਖਿਆ ਅਤੇ ਰੋਜ਼ਗਾਰ ਦੇ ਖੇਤਰ ਵਿੱਚ 3 ਪ੍ਰਤਿਸ਼ਤ ਰਾਖਵਾਂਕਰਨ ਪ੍ਰਦਾਨ ਕਰਦਾ ਹੈ। ਕੋਈ ਸਿੱਖਿਆ ਕਿਵੇਂ ਪ੍ਰਾਪਤ ਕਰ ਸਕਦਾ ਹੈ ਜੇ ਸਿੱਖਿਆ ਦਾ ਬੁਨਿਆਦੀ ਢਾਂਚਾ ਅਤੇ ਪ੍ਰਕਿਰਿਆਵਾਂ ਪੂਰੀ ਤਰ੍ਹਾਂ ਪਹੁੰਚ ਅੰਦਰ ਨਹੀਂ ਹਨ? ਕੋਈ ਬਰਾਬਰੀ ਅਤੇ ਸ਼ਮੂਲੀਅਤ ਨਾਲ ਕਿਵੇਂ ਕੰਮ ਕਰ ਸਕਦਾ ਹੈ ਜਦੋਂ ਕੰਮ ਵਾਲੇ ਸਥਾਨ ਹਲੇ ਵੀ ਪਹੁੰਚ ਤੋਂ ਬਾਹਰਲੇ ਬੁਨਿਆਦੀ ਢਾਂਚੇ ਅਤੇ ਕਾਰਜਾਂ ਦੇ ਸ਼ਿਕਾਰ ਹਨ?

ਅਪੰਗਤਾ ਵਾਲੇ ਵਿਅਕਤੀਆਂ ਬਾਰੇ 1995 ਦੇ ਐਕਟ ਦੇ ਪਾਸ ਹੋਣ ਤੋਂ 20 ਸਾਲ ਬਾਅਦ ਸਾਨੂੰ ਮੁੱਲੰਕਣ ਕਰਨਾ ਹੋਵੇਗਾ ਕਿ ਕੀ ਅਸੀਂ ਸ਼ਮੂਲੀਅਤ ਵਾਲੇ ਭਵਿੱਖ ਵੱਲ ਵਰਨਣਯੋਗ ਕਦਮ ਵਧਾਏ ਹਨ। ਪਹੁੰਚ ਦੀ ਸੂਚੀ ਨੂੰ ਵਿਕਸਤ ਕਰਨ ਨਾਲ ਸੰਭਵ ਤੌਰ ਤੇ ਅਸੀਂ ਆਪਣੇ ਰੁਤਬੇ ਦਾ ਅਨੁਮਾਨ ਲਾਉਣ ਦੇ ਕਾਬਲ ਹੋਵਾਂਗੇ। ਆਮ ਤੌਰ ਤੇ ਕਿਹਾ ਜਾਂਦਾ ਹੈ, ''ਜੋ ਮਿਣਿਆ ਜਾਂਦਾ ਹੈ, ਉਹ ਹੋ ਜਾਂਦਾ ਹੈ?" ਹੁਣ ਸਮਾਂ ਹੈ ਕਿ ਪਹੁੰਚ ਨੂੰ ਮਿਣਿਆ ਜਾਵੇ ਅਤੇ ਆਪਣੇ ਬੁਨਿਆਦੀ ਢਾਂਚੇ ਦਾ ਮੁਲਾਂਕਣ ਕੀਤਾ ਜਾਵੇ (ਜਨਤਕ ਇਮਾਰਤਾਂ, ਗਲੀਆਂ, ਸੰਸਥਾਵਾਂ, ਆਵਾਜਾਈ ਟਰਮੀਨਲ ਅਤੇ ਮੌਜੂਦ ਦੂਜਾ ਉੱਸਰਿਆ ਵਾਤਾਵਰਨ) ਤਾਂ ਜੋ ਸਪੱਸ਼ਟ ਪੜਚੋਲ ਵਾਲੇ ਮਾਪਣਯੋਗ ਮਾਪਦੰਡ ਅਪਣਾ ਕੇ, ਸਾਡੇ ਉੱਸਰੇ ਹੋਏ ਵਾਤਾਵਰਨ ਦੀ ਸਮੇਂ-ਸਮੇਂ ਸਮੀਖਿਆ ਕੀਤੀ ਜਾ ਸਕੇ। ਪਰ, ਇਸ ਦੇ ਵਿਕਾਸ ਅਤੇ ਨਤੀਜਿਆਂ ਦੀ ਸਹਾਇਤਾ ਲਈ ਅਗਾਂਹਵਧੂ ਖੋਜ ਦੀ ਲੋੜ ਹੈ।

ਚਿੱਤਰ-1 ਵਿੱਚ ਵਿਖਾਇਆ ਗਿਆ ਡਬਲਿਯੂ ਆਈ ਐੱਨ ਆਈ ਟੀ ਮਾਡਲ ਇਹ ਸਮਝਣ ਅਤੇ ਮਾਰਗ ਦਰਸ਼ਨ ਦਾ ਇਕ ਦਿਲਚਸਪ ਜ਼ਰੀਆ ਹੈ ਕਿ ਇੱਛਤ ਉਤਪਾਦ, ਬੁਨਿਆਦੀ ਢਾਂਚੇ ਜਾਂ ਪ੍ਰਣਾਲੀ ਵਿੱਚ ਕਿਸ ਪ੍ਰਕਾਰ ਦੀ ਜਨਸੰਖਿਆ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਮੁਲੰਕਣ ਵਾਸਤੇ ਇਕ ਦਿਲਚਸਪ ਦ੍ਰਿਸ਼ਟੀਕੋਨ ਪੇਸ਼ ਕਰਦਾ ਹੈ ਕਿ ਕੀ ਉਤਪਾਦ, ਬੁਨਿਆਦੀ ਢਾਂਚਾ, ਸਥਾਨ ਜਾਂ ਪ੍ਰਣਾਲੀ ਕਿਸ ਪ੍ਰਕਾਰ ਦੀ ਜਨਸੰਖਿਆ ਦੀਆਂ ਲੋੜਾਂ ਦੀ ਪੂਰਤੀ ਕਰਦੀ ਹੈ। ਕਿਸਨੂੰ ਸ਼ਾਮਲ ਕੀਤਾ ਗਿਆ ਅਤੇ ਕਿਸਨੂੰ ਬਾਹਰ ਰੱਖਿਆ ਗਿਆ, ਅਸਲ ਵਿੱਚ ਇਹ ਯੋਜਨਾਬੰਦੀ ਦੀਆਂ ਉੱਤੋਂ ਹੇਠਾਂ ਅਤੇ ਹੇਠੋਂ ਉਤਲੀਆਂ ਪਹੁੰਚਾਂ ਦੇ ਸੁਮੇਲ ਤੋਂ ਨਿਰਧਾਰਤ ਕੀਤਾ ਜਾ ਸਕਦਾ ਹੈ। ਪਹੁੰਚ, ਜੋ ਮੌਜੂਦਾ ਸਮੇਂ ਇੱਕ ਆਮ ਸਮਝ ਬਣੀ ਹੋਈ ਹੈ, ਨੂੰ ਮੁਲਾਂਕਣ ਅਤੇ ਤਰੱਕੀ ਲਈ ਸਪੱਸ਼ਟਤਾ ਦੀ ਲੋੜ ਹੈ। ਡਬਲਿਯੂ ਆਈ ਐੱਨ ਆਈ ਟੀ ਮਾਡਲ ਪਹੁੰਚ ਨੂੰ ਮਾਪਣ ਲਈ ਇੱਕ ਦਿਲਚਸਪ ਰਸਤਾ ਦਿਖਾਉਂਦਾ ਹੈ। ਅਸੀਂ ਇਹ ਉਦਾਹਰਣ ਭਾਰਤ ਵਿੱਚ ਕਲਪਨਾ ਕੀਤੇ ਜਾ ਰਹੇ ਸਮਾਰਟ ਸ਼ਹਿਰਾਂ ਲਈ ਵੀ ਵਰਤ ਸਕਦੇ ਹਾਂ। ਇੱਕ ਸਮਾਨ ਪਹੁੰਚ ਸਾਡੇ ਮੌਜੂਦਾ ਸ਼ਹਿਰੀ ਵਾਤਾਵਰਨ ਵਿੱਚ ਚੁਸਤੀ ਦੀ ਇੱਕ ਵੱਡੀ ਤਹਿ ਜੋੜ ਦਿੰਦੀ ਹੈ ਅਤੇ ਸਾਂਝੇ ਜੀਵਨ ਦੇ ਵਾਤਾਵਰਨਨੂੰ ਸਮਾਜਕ ਤੌਰ ਤੇ ਸਥਿਰਤਾ ਪ੍ਰਦਾਨ ਕਰਦੀ ਹੈ। ਕੋਈ ਵੀ ਸਵਾਲ ਪੁੱਛ ਸਕਦਾ ਹੈ, ''ਸਮਾਰਟ ਸ਼ਹਿਰਾਂ ਦੇ ਵਿਕਾਸ ਦਾ ਜਨਸੰਖਿਆ ਦੇ ਕਿਹੜੇ ਵਰਗ ਨੂੰ ਫਾਇਦਾ ਹੋਵੇਗਾ? ਆਖਰ ਨੂੰ ਕੌਣ ਫਾਇਦੇ ਵਿੱਚ ਰਹੇਗਾ ਤੇ ਕਿਵੇਂ? ਅਤੇ ਇਸ ਵਿੱਚ ਕਿਹੜੀਆਂ ਤਜਵੀਜ਼ਾਂ ਅਧੀਨ ਅਪੰਗਤਾ ਵਾਲੇ ਵਿਅਕਤੀਆਂ ਨੂੰ ਸ਼ਾਮਲ ਕੀਤਾ ਜਾਵੇਗਾ?' ਨਵੀਂ ਸ਼ਹਿਰੀ ਵਿਕਾਸ ਪ੍ਰਕਿਰਿਆ ਵਿੱਚ ਜਨਸੰਖਿਆ ਦੀ ਸ਼ਮੂਲੀਅਤ ਲਈ ਪਹੁੰਚ ਵਾਲਾ ਮਾਸਟਰ ਪਲਾਨ, ਬਹੁਤ ਹੀ ਲੋੜੀਂਦਾ ਹੈ।




ਚਿੱਤਰ-1 : ਡਬਲਿਯੂ ਆਈ ਐੱਨ ਆਈ ਟੀ ਮਾਡਲ *(ਸਰੋਤ : ਕੀਟਸ ਐੱਸ ਅਤੇ ਕਲਾਰਕਸਨ, ਜੇ; 2004)*

2050 ਈਸਵੀ ਲਈ ਜਨਸੰਖਿਆ ਦੇ ਅਨੁਮਾਨਾਂ ਤੋਂ ਸੇਧ ਲੈਂਦਿਆਂ ਅਸੀਂ ਉਮਰ ਦਰਾਜ ਹੋ ਰਹੀ ਜਨਸੰਖਿਆ, ਆਰਜ਼ੀ ਅਪੰਗਤਾ, ਵਧੀ ਹੋਈ ਜੀਵਨ ਦਰ, ਦਿਲ, ਸਾਹ, ਅਤੇ ਦੂਜੀਆਂ ਡਾਕਟਰੀ ਬਿਮਾਰੀਆਂ ਆਦਿ ਦੇ ਅਨੁਪਾਤ ਵਿੱਚ ਲਗਾਤਾਰ ਮਹਿਸੂਸ ਕਰਦੇ ਹਾਂ। ਇਥੇ ਜਿਹੜਾ ਪ੍ਰਮੁੱਖ ਸਵਾਲ ਖੜ੍ਹਾ ਹੁੰਦਾ ਹੈ, ਉਹ ਹੈ, ''ਕੀ ਅਸੀਂ ਯੋਜਨਾਬੰਦੀ ਕਰਨ ਸਮੇਂ, ਡਿਜ਼ਾਈਨ ਕਰਨ ਸਮੇਂ, ਬੁਨਿਆਦੀ ਢਾਂਚੇ ਦੀ ਉਸਾਰੀ ਅਤੇ ਸੰਚਾਲਨ ਸਮੇਂ ਉਨ੍ਹਾਂ ਸਾਰਿਆਂ ਨੂੰ ਸ਼ਾਮਲ ਕਰਦੇ ਹਾਂ?" ਜੇ ਨਹੀਂ ਤਾਂ ਸਾਨੂੰ ਉਨ੍ਹਾਂ ਨੂੰ ਬਾਹਰ ਰੱਖਣ ਅਤੇ ਪਹੁੰਚ ਨਾ ਪ੍ਰਦਾਨ ਕਰਨ ਦੀ ਕੀਮਤ ਦੀ ਪੜਚੋਲ ਕਰਨੀ ਚਾਹੀਦੀ ਹੈ। ਸਮੂਹਕ ਸਮਝ ਦੇ ਤੌਰ ਤੇ, ਕੋਈ ਵੀ ਦੇਸ਼ ਜਾਂ ਸਮਾਜ ਵਧੀ ਹੋਈ ਨਿਰਭਰਤਾ, ਕਲੰਕ ਅਤੇ ਆਰਥਿਕ ਗ਼ੈਰ-ਬਰਾਬਰੀ ਦੇ ਰੂਪ ਵਿੱਚ ਇਸ ਵਰਗ ਨੂੰ ਬਾਹਰ ਰੱਖਣ ਦੀ ਕੀਮਤ ਤਾਰਦਾ ਹੈ। ਪਹੁੰਚ ਅਜਿਹੀ ਲਾਗਤ ਨੂੰ

ਘੱਟ ਕਰਨ ਅਤੇ ਅਜ਼ਾਦੀ ਵਿੱਚ ਸੁਧਾਰ ਕਰਨ ਲਈ ਸਹਾਈ ਹੁੰਦੀ ਹੈ।

## ਅੱਗੇ ਦਾ ਰਾਹ

ਅੱਗੇ ਵਧਣ ਦੇ ਰਸਤੇ ਵਜੋਂ ਪਹੁੰਚ ਪ੍ਰਤਿ ਸਾਰੀਆਂ ਧਿਰਾਂ ਵਲੋਂ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਹੈ। ਇਸ ਵਿੱਚ ਨਾਗਰਿਕਾਂ ਦਾ ਜਾਗਰੂਕਤਾ ਵਾਲਾ ਦ੍ਰਿਸ਼ਟੀਕੋਨ ਵੀ ਸ਼ਾਮਲ ਹੈ। ਸ਼ਮੂਲੀਅਤ ਵਾਲੀ ਯੋਜਨਾਬੰਦੀ, ਸਰਕਾਰੀ ਸਹਾਇਤਾ ਦੇ ਨਾਲ-ਨਾਲ ਨਿੱਜੀ ਪਹਿਲਕਦਮੀਆਂ ਦਾ ਗਠਜੋੜ ਕਰਕੇ ਭਾਈਚਾਰਕ ਥਾਵਾਂ, ਆਂਢ-ਗੁਆਂਢ, ਜਨਤਕ ਇਮਾਰਤਾਂ, ਆਵਾਜਾਈ ਅਤੇ ਸਿੱਖਿਆ ਵਿੱਚ ਪਹੁੰਚ ਯੋਗ ਭਵਿੱਖ ਸਾਂਝਾ ਕਰਨ ਦੀ ਲੋੜ ਹੈ। ਇਹ ਬਹੁਤ ਹੀ ਫਿਕਰਮੰਦੀ ਵਾਲੀ ਗੱਲ ਹੈ ਕਿ ਪਹੁੰਚ ਨੂੰ ਮਿਆਰਾਂ ਦੇ ਘੱਟ ਤੋਂ ਘੱਟ ਅਮਲ ਨਾਲ ਸੀਮਤ ਨਹੀ ਕੀਤਾ ਜਾਂਦਾ ਪਰ ਬੇਹਤਰ ਪ੍ਰਕਿਰਿਆਵਾਂ ਦੇ ਨਿਰਮਾਣ ਲਈ ਸੀਮਾਵਾਂ ਨੂੰ ਵਧਾਇਆ ਜਾਂਦਾ ਹੈ। ਹੋਰ, ਵਿਕਾਸ ਅਥਾਰਟੀਆਂ, ਨਿਗਮ ਸਭਾਵਾਂ ਅਤੇ ਪਹੁੰਚ ਆਡੀਟਰਾਂ ਦੀ ਸਮਰੱਥਾ ਦੇ ਵਿਕਾਸ ਲਈ ਲੰਮੇ ਸਮੇਂ ਦੀ ਰਣਨੀਤੀ ਦੀ ਜ਼ਰੂਰਤ ਹੈ ਜੋ ਇਹ ਯਕੀਨੀ ਬਣਾਵੇ ਕਿ ਪਹੁੰਚ ਡਿਜ਼ਾਈਨ, ਯੋਜਨਾਬੰਦੀ ਅਤੇ ਮੁਲਾਂਕਣ ਪ੍ਰਕਿਰਿਆ ਦਾ ਅਨਿੱਖੜਵਾਂ ਅੰਗ ਰਹੇ। ਪਹੁੰਚ ਵਾਲਾ ਭਾਰਤ ਮੁਹਿੰਮ, ਜੋ ਮਾਣਯੋਗ ਪ੍ਰਧਾਨ ਮੰਤਰੀ ਵਲੋਂ ਦਸੰਬਰ 2015 ਵਿੱਚ ਜਾਰੀ ਕੀਤੀ ਗਈ ਸੀ, ਨਾ ਸਿਰਫ਼ ਅਪੰਗਤਾ ਵਾਲੇ ਵਿਅਕਤੀਆਂ ਲਈ ਨਵੀਆਂ ਆਸਾਂ ਜਗਾਉਂਦੀ ਹੈ ਸਗੋਂ ਪਹੁੰਚ ਵਾਲੇ ਭਾਰਤ ਲਈ ਟੀਚੇ ਵਾਲੀ ਦ੍ਰਿਸ਼ਟੀ ਦੀ ਉਮੀਦ ਵੀ ਪੈਦਾ ਕਰਦੀ ਹੈ ਜਿਸ ਵਿੱਚ ਸਾਰੇ ਹੀ ਸ਼ਾਮਲ ਹਨ।

ਇੱਕ ਵਿਕਸਤ ਭਵਿੱਖ ਭਾਰਤ ਦੇ ਹੁੰਗਾਰੇ ਦੀ ਆਸ ਵਿੱਚ ਬੈਠਾ ਹੈ ਅਤੇ ਅੱਗੇ ਵਧਣ ਦਾ ਹੁੰਗਾਰਾ ਭਰਪੂਰ ਰਸਤਾ, ਪਹੁੰਚ ਰਾਹੀਂ ਸਾਰੇ ਹੀ ਮਨੁੱਖਾਂ ਵਾਸਤੇ ਬਰਾਬਰੀ ਦੇ ਮੌਕਿਆਂ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਬਿਨਾਂ ਕਿਸੇ ਵਿਤਕਰੇ ਦੇ ਅਪੰਗਤਾ ਵਾਲੇ ਵਿਅਕਤੀ ਵੀ ਸ਼ਾਮਲ ਹੋਣਗੇ। ਇਸ ਲਈ, ਇਕ ਸਮਾਨ ਡਿਜ਼ਾਈਨ ਧਾਰਣਾ ਰਾਹੀਂ ਪਹੁੰਚ ਯੋਗ ਵਾਤਾਵਰਨ ਦੇ ਨਿਰਮਾਣ ਨੂੰ, ਦੂਜੀਆਂ ਰਾਸ਼ਟਰੀ ਚੁਨੌਤੀਆਂ ਦੇ ਨਾਲ-ਨਾਲ ਉੱਚ ਪਹਿਲ ਪ੍ਰਾਪਤ ਹੋਣੀ ਚਾਹੀਦੀ ਹੈ ਤਾਂ ਕਿ ਭਾਰਤ ਦੇ ਜਨਸੰਖਿਅਕ ਭਵਿੱਖ ਦੀਆਂ ਨਵੀਆਂ ਚੁਨੌਤੀਆਂ ਦੀ ਸਹਾਇਤਾ ਕੀਤੀ ਜਾ ਸਕੇ। ਪਹੁੰਚ ਸੂਚੀ ਵਿਕਸਤ ਕਰਨਾ ਅਤੇ ਇਸ ਦਾ ਆਧੁਨਿਕ ਅਮਲ ਜਲਦੀ ਹੀ ਭਾਰਤੀ ਸ਼ਹਿਰੀ ਸੰਦਰਭ ਵਿੱਚ ਇਕ ਮਾਪਣਯੋਗ ਧਾਰਨਾ ਬਣ ਜਾਵੇਗਾ। ਇਸ ਵਿੱਚ ਅਰਧ ਸ਼ਹਿਰੀ ਅਤੇ ਦਿਹਾਤੀ ਸੰਦਰਭਾਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ ਤਾਂ ਕਿ ਪਹੁੰਚ ਨੂੰ ਸੰਕਲਪ ਵਿੱਚ ਤਬਦੀਲ ਕੀਤਾ ਜਾ ਸਕੇ ਜਿਥੇ ਬਹੁ ਗਿਣਤੀ ਭਾਰਤ ਮੌਜੂਦ ਹੈ। ਆਓ, ਵਾਤਾਵਰਨਾਂ, ਸੂਚਨਾ ਪ੍ਰਣਾਲੀਆਂ ਅਤੇ ਬੁਨਿਆਦੀ ਢਾਂਚਿਆਂ ਨੂੰ ਵੱਖ-ਵੱਖ ਸਰੀਰਕ ਅਪੰਗਤਾ ਵਾਲੇ ਲੋਕਾਂ ਦੀ ਬਜਾਇ ਗ਼ੈਰ-ਸਹਾਇਕ ਅਤੇ ਸਹਾਇਕ ਕਾਰਕਾਂ ਦੇ ਰੂਪ ਵਿੱਚ ਦੇਖੀਏ। ਫਿਰ ਹੀ ਅਸੀਂ ਉਨ੍ਹਾਂ ਉਤੇ, ਨਾ ਕਿ ਅਪੰਗਤਾ ਵਾਲੇ ਵਿਅਕਤੀਆਂ ਉਤੇ, ਧਿਆਨ ਕੇਂਦਰਿਤ ਕਰਕੇ ਪਹੁੰਚ ਯੋਗਤਾ ਦਾ ਨਿਰਮਾਣ ਕਰ ਸਕਾਂਗੇ। ਇਹ ਇਕ ਨਿਵੇਸ਼ ਸਾਬਤ ਹੋਵੇਗਾ ਜਿਸ ਦੇ ਸ਼ਮੂਲੀਅਤ ਦੇ ਰੂਪ ਵਿੱਚ ਵੱਡੇ ਲਾਭ ਪ੍ਰਾਪਤ ਹੋਣਗੇ, ਬਜਾਇ ਕਿ ਖਰਚੇ ਦੇ ਜਿਸ ਦੀ ਕੋਈ ਕੀਮਤ ਨਹੀਂ ਹੁੰਦੀ। ਆਓ, ਇੱਕ ਪਹੁੰਚ ਵਾਲੇ, ਸ਼ਮੂਲੀਅਤ ਵਾਲੇ ਭਾਰਤਨੂੰ ਸਾਡੇ ਸਾਂਝੇ ਭਵਿੱਖ ਦੀ ਸਾਂਝੀ ਹਕੀਕਤ ਬਣਾਈਏ।

*(ਲੇਖਕ ਆਈ ਆਈ ਟੀ ਰੁੜਕੀ ਵਿਖੇ ਟਰਾਂਸਪੋਰਟ ਪ੍ਰਣਾਲੀਆਂ ਦੇ ਆਰਕੀਟੈਕਚਰ ਤੇ ਪਲਾਨਿੰਗ ਅਤੇ ਉੱਤਮਤਾ ਕੇਂਦਰ ਵਿਭਾਗ ਵਿੱਚ ਐਸੋਸ਼ੀਏਟ ਪ੍ਰੋਫੈਸਰ ਹਨ)*
*e-mail :gr.iitroorkee@gmail.com*

ਸਫ਼ਾ 6 ਦਾ ਬਾਕੀ

ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਦੀ ਸ਼ਮੂਲੀਅਤ ਲਈ ਸਕਾਰਾਤਮਕ ਰਵੱਈਆ ਰੱਖਣ ਲਈ ਹਰ ਪੱਧਰ ਉਤੇ ਸਿੱਖਿਆ ਪ੍ਰਬੰਧਕਾਂ ਨੂੰ ਸਿਖਲਾਈ ਦੇਣ ਦੀ ਲੋੜ ਸਮਝੀ ਗਈ ਹੈ।

ਰਾਸ਼ਟਰੀ ਸਿੱਖਿਆ ਨੀਤੀ 2015 ਉਪਰ ਆਨਲਾਈਨ ਬਹਿਸ ਵਿੱਚ ਅਪਾਹਜ ਵਿਅਕਤੀਆਂ, ਪਰਿਵਾਰਾਂ ਅਤੇ ਅਪਾਹਜਤਾ ਖੇਤਰ ਵਿੱਚ ਕੰਮ ਕਰ ਰਹੇ ਗ਼ੈਰ-ਸਰਕਾਰੀ ਸੰਗਠਨਾਂ ਵਲੋਂ ਸਕੂਲਾਂ ਨੂੰ ਢੁਕਵੀਂ ਈ-ਸਿੱਖਿਆ ਸਹਾਇਤਾ ਅਤੇ ਸਭ ਅਧਿਆਪਕਾਂ ਨੂੰ ਸੂਚਨਾ ਅਤੇ ਸੰਚਾਰ ਤਕਨੀਕਾਂ ਦੀ ਸਿਖਲਾਈ ਦੇਣ ਦੀ ਲੋੜ ਜਾਹਰ ਕੀਤੀ ਗਈ ਹੈ। ਇਨ੍ਹਾਂ ਬਹਿਸਾਂ ਵਿੱਚ ਅਪਾਹਜ ਬੱਚਿਆਂ/ਨੌਜਵਾਨਾਂ ਜਿਨ੍ਹਾਂ ਤੱਕ ਸ਼ਹਿਰੀ ਪੇਂਡੂ ਪਾੜੇ ਕਾਰਨ ਪਹੁੰਚ ਨਹੀਂ ਕੀਤੀ ਜਾ ਸਕੀ, ਇਸ ਪਾੜੇ ਨੂੰ ਮੁੱਖ ਚੁਨੌਤੀ ਦੇ ਤੌਰ ਤੇ ਸਮਝਿਆ ਗਿਆ ਸੀ। ਰਾਸ਼ਟਰੀ ਸਿੱਖਿਆ ਨੀਤੀ 2015 ਵਿੱਚ, ਸਿੱਖਿਆ ਪ੍ਰਣਾਲੀ ਦੇ ਹਰ ਖੇਤਰ ਵਿੱਚ ਅਪਾਹਜਤਾ ਬਾਰੇ ਚੇਤਨਾ ਭਾਵੇਂ ਉਹ ਸਿੱਖਿਆ 'ਚ ਦਾਖ਼ਲੇ, ਸਿੱਖਿਆ ਨੀਤੀਆਂ, ਅਧਿਆਪਕਾਂ ਦੀ ਸਿਖਲਾਈ ਪਾਠਕ੍ਰਮ ਵਿਕਾਸ, ਪੜ੍ਹਾਈ ਲਈ ਤਿਆਰੀ, ਸਿੱਖਿਆ ਲਈ ਜ਼ਰੂਰੀ ਸਮੱਗਰੀ, ਜਾਂਚ ਪ੍ਰਣਾਲੀ, ਅਮਲੀ ਸਿੱਖਿਆ ਪਲੇਟਫਾਰਮ, ਆਦਿ ਸ਼ਾਮਲ ਕੀਤੇ ਗਏ ਹਨ।

ਰਾਸ਼ਟਰੀ ਸਿੱਖਿਆ ਨੀਤੀ 2015 ਵਿੱਚ ਅਪਾਹਜਤਾ ਬਾਰੇ ਸੋਚ ਦੀ ਬਜਾਇ ਸਮਾਵੇਸ਼ੀ ਸਿੱਖਿਆ ਉੱਪਰ ਇੱਕ ਸਿੱਖਿਆ ਸੋਚ ਬਣਾਈ ਗਈ ਹੈ। ਰਾਸ਼ਟਰੀ ਸਿੱਖਿਆ ਨੀਤੀ 2015 ਅਪਾਹਜ ਬੱਚਿਆਂ ਨੂੰ ਵੱਖ ਕਰਕੇ ਵੱਖਰੇ ਵਾਤਾਵਰਨ ਵਿੱਚ ਰੱਖਣ ਦੀ ਸੋਚ ਤੋਂ ਪਰੇ ਹੈ। ਇਹ ਸਮੁੱਚੀ ਕਲਪਨਾ ਅਤੇ ਟੀਚਿਆਂ ਦਾ ਤਾਲਮੇਲ ਵਿਸ਼ੇਸ਼, ਪਛਾਣ ਕੀਤੇ ਅਤੇ ਮਾਪੇ ਜਾਣ ਵਾਲੇ ਅਤੇ ਹਾਸਲ ਕਰਨ ਯੋਗ ਕਦਮਾਂ ਨਾਲ ਬਿਠਾਉਂਦੀ ਹੈ ਤਾਂ ਕਿ ਹਰ ਬੱਚੇ ਨੂੰ ਅਪਾਹਜਤਾ ਜਾਂ ਲਿੰਗ ਭੇਦ-ਭਾਵ ਬਿਨਾਂ ਸਿੱਖਿਆ ਦਾ ਅਧਿਕਾਰ ਯਕੀਨੀ ਬਣਾਇਆ ਜਾ ਸਕੇ। ਰਾਸ਼ਟਰੀ ਸਿੱਖਿਆ ਨੀਤੀ 2015 ਵਿੱਚ ਜਦੋਂ ਇਹ ਜ਼ਮੀਨੀ ਪੱਧਰ ਉਤੇ ਲਾਗੂ ਕੀਤੀ ਜਾਵੇਗੀ ਤਾਂ ਕਾਇਆ ਪਲਟ ਦੀ ਬਹੁਤ ਸਮਰੱਥਾ ਹੈ।

ਆਓ ਅਸੀ ਇਕ ਅਜਿਹੀ ਸਿੱਖਿਆ ਪ੍ਰਣਾਲੀ ਦੀ ਉਮੀਦ ਕਰੀਏ ਅਤੇ ਉਸ ਲਈ ਕੰਮ ਕਰੀਏ ਜੋ ਹਰ ਸਿੱਖਿਆਰਥੀ ਲਈ ਜਿਸ ਨੂੰ ਵਿਸ਼ੇਸ਼ ਲੋੜਾਂ ਦੀ ਜ਼ਰੂਰਤ ਹੋਵੇ ਇਕ ਸੁਖਾਵੇਂ ਵਾਤਾਵਰਨ ਵਿੱਚ ਦਰਵਾਜ਼ੇ ਖੁੱਲ੍ਹੇ ਰੱਖੇ। ਲਚੀਲੀ ਸਿੱਖਿਆ ਪ੍ਰਣਾਲੀ, ਈ-ਸਿੱਖਿਆ ਸਹੂਲਤਾਂ, ਤਜਵੀਜ਼ਸ਼ੁਦਾ ਖੁਦ ਆਨ ਲਾਈਨ ਸਿੱਖਿਆ, ਅਧਿਆਪਕਾਂ ਲਈ ਸਮਾਵੇਸ਼ੀ ਸਿਖਲਾਈ ਪ੍ਰੋਗਰਾਮ, ਰਾਸ਼ਟਰੀ ਮਹਾਰਤ ਵਿਕਾਸ ਪ੍ਰੋਗਰਾਮ, ਸਭ ਅਧਿਆਪਕਾਂ ਦਾ ਸਮਰਥਾ ਵਿਕਾਸ ਅਤੇ ਅਜਿਹੇ ਹੋਰ ਪ੍ਰੋਗਰਾਮ ਭਾਰਤ ਵਿੱਚ ਸਭ ਲਈ ਸਿੱਖਿਆ ਨੂੰ ਇਕ ਅਮਲੀ ਜਾਮਾ ਪਹਿਨਾਉਣਗੇ।

*(ਲੇਖਕ ਸੀ ਬੀ ਆਰ ਨੈੱਟਵਰਕ (ਦੱਖਣੀ ਏਸ਼ੀਆ) ਦੇ ਖੇਤਰੀ ਸਲਾਹਕਾਰ ਹਨ ਇਸ ਨੈੱਟਵਰਕ ਦਾ ਸੰਯੁਕਤ ਰਾਸ਼ਟਰ ਆਰਥਿਕ ਅਤੇ ਸਮਾਜਕ ਕੌਂਸਲ ਫੋਰਮ ਵਿੱਚ ਵਿਸ਼ੇਸ਼ ਸਲਾਹਕਾਰ ਦਰਜਾ ਹੈ)*
*e-mail - :ideasianetwork2013@gmail.com*

**ਯੋਜਨਾ** ਦਾ ਅਗਲਾ ਅੰਕ
**ਜੂਨ 2016 : ਇਹ ਅੰਕ *ਭਾਰਤ ਵਾਧੇ ਵੱਲ* ਉੱਤੇ ਕੇਂਦਰਿਤ ਹੋਵੇਗਾ**

# ਵਿੱਦਿਅਕ ਮਹੌਲ ਦੇ ਨਮੂਨੇ ਰਾਹੀਂ ਸਮਾਜਕ ਬਰਾਬਰੀ ਅਤੇ ਸ਼ਮੂਲੀਅਤ

ਰਚਨਾ ਖਰੇ

ਸੰਯੁਕਤ ਰਾਸ਼ਟਰ ਕਨਵੈਂਸ਼ਨ ਦਾ ਅਪੰਗ ਵਿਅਕਤੀਆਂ ਬਾਰੇ ਐਕਟ ਜਿਸ ਉਤੇ ਭਾਰਤ ਨੇ 2007 ਵਿੱਚ ਦਸਤਖ਼ਤ ਕੀਤੇ, ਦਾ ਆਰਟੀਕਲ 24 ਸਪੱਸ਼ਟ ਤੌਰ ਤੇ ਸ਼ਮੂਲੀਅਤ ਵਾਲੀ ਸਿੱਖਿਆ ਦੇ ਅਧਿਕਾਰ ਬਾਰੇ ਕਹਿੰਦਾ ਹੈ ਜਿਸ ਅਧੀਨ ਸਾਰੇ ਹੀ ਅਪੰਗ ਸਿਖਿਆਰਥੀਆਂ ਨੂੰ ਢੁੱਕਵੀਂ ਸਹਾਇਤਾ ਨਾਲ ਮੁੱਖਧਾਰਾ ਦੀ ਹਰ ਕਿਸਮ ਦੀ ਸਿੱਖਿਆ ਵਿੱਚ ਭਾਗ ਲੈਣ ਦੀ ਗਰੰਟੀ ਮਿਲਦੀ ਹੈ। ਅੱਜ ਸ਼ਮੂਲੀਅਤ ਵਾਲੇ ਵਾਤਾਵਰਨ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਿੱਖਿਆ ਬਾਰੇ ਇੱਕ ਵਿਆਪਕ ਰਣਨੀਤੀ ਵਿਕਸਤ ਕਰਨ ਦੀ ਲੋੜ ਹੈ। ਵਿਸ਼ੇਸ਼ ਸਕੂਲ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਬੰਦ ਗਲੀਆਂ ਵਾਂਗ ਹਨ ਜੋ ਇਕੱਲੇਪਨ, ਵੱਖਰੇਪਨ ਅਤੇ ਸਮਾਜਕ ਨਿਖੇੜੇ ਨੂੰ ਉਤਸਾਹਿਤ ਕਰਦੇ ਹਨ। ਇਸ ਨੂੰ ਬਦਲਣ ਦੀ ਜ਼ਰੂਰਤ ਹੈ ਤਾਂ ਕਿ ਬਰਾਬਰੀ ਅਤੇ ਹਮਦਰਦੀ ਵਾਲੇ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਸ਼ਮੂਲੀਅਤ ਪ੍ਰਯੋਗਿਕ ਬਦਲਾਅ ਹਨ ਜੋ ਅਸੀਂ ਕਰਦੇ ਹਾਂ ਤਾਂ ਕਿ ਭਿੰਨ-ਭਿੰਨ ਪਿੱਠਭੂਮੀਆਂ ਅਤੇ ਯੋਗਤਾਵਾਂ ਵਾਲੇ ਬੱਚੇ ਇੱਕ ਹੀ ਜਮਾਤ ਅਤੇ ਸਕੂਲ ਵਿੱਚ ਇਕੱਠੇ ਸਫਲਤਾ ਪ੍ਰਾਪਤ ਕਰ ਸਕਣ। ਇਹ ਬਦਲਾਅ ਸਿਰਫ਼ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਹੀ ਫਾਇਦਾ ਨਹੀਂ ਪਹੁੰਚਾਉਂਦੇ ਸਗੋਂ ਸਾਰੇ ਹੀ ਬੱਚਿਆਂ, ਉਨ੍ਹਾਂ ਦੇ ਮਾਪਿਆਂ, ਅਧਿਆਪਕਾਂ, ਪ੍ਰਬੰਧਕਾਂ ਅਤੇ ਭਾਈਚਾਰੇ ਵਿੱਚ ਹਰੇਕ ਲਈ ਲਾਹੇਵੰਦ ਸਾਬਤ ਹੁੰਦੇ ਹਨ। ਮੌਜੂਦਾ ਪਰਚਾ, ਸਹਾਈ, ਪਹੁੰਚ ਵਿਚਲੇ ਅਤੇ ਏਕੀਕ੍ਰਿਤ ਵਾਤਾਵਰਨ ਨੂੰ ਧਿਆਨ ਵਿੱਚ ਰੱਖਦਿਆਂ ਸਿੱਖਿਆ ਸੰਸਥਾਵਾਂ ਦੇ ਨਿਰਮਾਣ ਦੀ ਰੂਪਰੇਖਾ ਬਣਾਉਣ ਲਈ ਤਾਜ਼ਾ ਸੋਚ ਦੀ ਲੋੜ ਉਤੇ ਜ਼ੋਰ ਦਿੰਦਾ ਹੈ ਜਿਥੇ ਬੱਚਿਆਂ ਨੂੰ ਇਹ ਸਿਖਾਇਆ ਜਾਂਦਾ ਹੈ ਕਿ ਉਹ ਸਾਮਜ ਦੇ ਵਡਮੁੱਲੇ ਮੈਂਬਰ ਹਨ ਅਤੇ ਉਨ੍ਹਾਂ ਦਾ ਯੋਗਦਾਨ ਮਹੱਤਵਪੂਰਨ ਹੈ। ਇਹ ਪਰਚਾ ਬਿਹਤਰੀਨ ਤਰੀਕਿਆਂ ਲਈ ਸਫਾਰਸ਼ਾਂ ਵੀ ਕਰਦਾ ਹੈ ਅਤੇ ਉਨ੍ਹਾਂ ਸਫਾਰਸ਼ਾਂ ਦੇ ਪਿਛਲੇ ਤਰਕ ਉਤੇ ਵੀ ਚਾਨਣਾ ਪਾਉਂਦਾ ਹੈ ਜੋ ਸ਼ਮੂਲੀਅਤ ਵਾਲੀ ਸਿੱਖਿਆ ਦੇ ਨਿਰਮਾਣ ਲਈ ਅਹਿਮ ਹੁੰਦੀਆਂ ਹਨ।

## ਪਿੱਠਭੂਮੀ

ਇਸ ਸਮੁੱਚੀ ਸਿਖਲਾਈ ਵਾਲੇ ਇਹ ਨਿਯਮਿਤ ਸਕੂਲ ਵਿਤਕਰੇ ਵਾਲੇ ਵਤੀਰੇ ਨਾਲ ਲੜਨ, ਖੁੱਲ੍ਹੀਆਂ ਬਾਹਾਂ ਵਾਲੇ ਸਮਾਜ ਉਸਾਰਨ, ਸਮਾਵੇਸ਼ੀ ਸਮਾਜ ਦੇ ਨਿਰਮਾਣ ਅਤੇ ਸਾਰਿਆਂ ਲਈ ਸਿੱਖਿਆ ਦੇ ਟੀਚੇ ਨੂੰ ਹਾਸਲ ਕਰਨ ਦਾ ਸਭ ਤੋਂ ਪ੍ਰਭਾਵੀ ਜ਼ਰੀਆ  ਹਨ। ਉਹ ਬਹੁ-ਸੰਖਿਅਕ ਬੱਚਿਆਂ ਨੂੰ ਪ੍ਰਭਾਵੀ ਸਿੱਖਿਆ ਪ੍ਰਦਾਨ ਕਰਦੇ ਹਨ ਅਤੇ ਉਨ੍ਹਾਂ ਦੀ ਯੋਗਤਾ ਵਿੱਚ ਸੁਧਾਰ ਕਰਦੇ ਹਨ, ਜਿਸ ਨਾਲ ਆਖਰ ਨੂੰ ਸਾਰੀ ਸਿੱਖਿਆ ਪ੍ਰਣਾਲੀ ਦੇ ਲਾਗਤ ਪ੍ਰਭਾਵ ਵਿੱਚ ਸੁਧਾਰ ਆਉਂਦਾ ਹੈ। (ਦਿ ਸਾਲਾਮਾਨਕਾ ਸਟੇਟਮੈਂਟ ਐਂਡ ਫਰੇਮਵਰਕ ਆਫ ਐਕਸ਼ਨ ਆਨ ਸਪੈਸ਼ਲ ਨੀਡਜ਼ ਐਜੂਕੇਸ਼ਨ, 2011)।

1947 ਵਿੱਚ ਦੇਸ਼ ਦੀ ਅਜ਼ਾਦੀ ਤੋਂ ਲੈ ਕੇ ਭਾਰਤ ਸਰਕਾਰ ਨੇ ਵਿਸ਼ੇਸ਼ ਸਿੱਖਿਆ ਲਈ ਅਨੇਕ ਨੀਤੀਆਂ ਦਾ ਨਿਰਮਾਣ ਕੀਤਾ ਹੈ। ਭਾਵੇਂ ਕਿ ਭਾਰਤ ਸਰਕਾਰ ਨੇ ਅਜਿਹੀਆਂ ਨੀਤੀਆਂ ਬਣਾਉਣ ਦਾ ਯਤਨ ਕੀਤਾ ਹੈ ਜੋ ਅਪੰਗਤਾ ਵਾਲੇ ਲੋਕਾਂ ਲਈ ਸਮਾਵੇਸ਼ੀ ਹਨ, ਪਰ ਉਨ੍ਹਾਂ ਉਤੇ ਅਮਲ ਦੇ ਯਤਨਾਂ ਦਾ ਸਿੱਟਾ ਸਿੱਖਿਆ ਦੀ ਸਮਾਵੇਸ਼ੀ ਪ੍ਰਣਾਲੀ ਦੇ ਰੂਪ ਵਿੱਚ ਨਹੀਂ ਨਿਕਲਿਆ ਨਾ ਹੀ ਇਸ ਨੇ ਦੇਸ਼ ਭਰ ਵਿੱਚ 'ਸਾਰਿਆਂ ਲਈ ਸਿੱਖਿਆ' ਦਾ ਟੀਚਾ ਹਾਸਲ ਕੀਤਾ ਹੈ। ਅਪੰਗ ਵਿਅਕਤੀਆਂ ਬਾਰੇ ਐਕਟ ਅਤੇ ਸੰਸਦ ਵਲੋਂ 28 ਨਵੰਬਰ, 2001 ਨੂੰ ਸੰਵਿਧਾਨ ਵਿੱਚ ਕੀਤੀ ਸੋਧ, ਸਰਕਾਰ ਲਈ ਛੇ ਤੋਂ ਚੌਦਾਂ ਸਾਲਾਂ ਦੀ ਉਮਰ ਦੇ ਸਾਰੇ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨਾ ਲਾਜ਼ਮੀ ਬਣਾ ਦਿੰਦੀ ਹੈ। ਇਸ ਦੀ ਤਜਵੀਜ਼ ਵਿੱਚ ਸ਼ਬਦ 'ਸਾਰੇ' ਸਪੱਸ਼ਟ ਕੀਤਾ ਗਿਆ ਹੈ ਜਿਸ ਵਿੱਚ ਅਪੰਗਤਾ ਵਾਲੇ ਬੱਚੇ ਵੀ ਸ਼ਾਮਲ ਹਨ। ਇਹ ਇਕ ਕਨੂੰਨੀ ਜ਼ਿੰਮੇਵਾਰੀ ਹੈ ਜੋ ਸਾਰੀਆਂ ਸਰਕਾਰਾਂ ਉਤੇ ਲਾਗੂ ਹੁੰਦੀ ਹੈ। ਭਾਰਤ ਸਰਕਾਰ ਨੂੰ ਸਿੱਖਿਆ ਪ੍ਰਣਾਲੀ ਵਿਚਲੇ ਪਾੜਿਆਂ ਨੂੰ ਭਰਨ ਦੀ ਜ਼ਰੂਰਤ ਹੈ ਤਾਂ ਕਿ ਭਾਰਤ ਵਿੱਚ ਸਮਾਵੇਸ਼ੀ ਸਿੱਖਿਆ ਦੀ ਮਜਬੂਤ ਪ੍ਰਣਾਲੀ ਉਸਾਰੀ ਜਾ ਸਕੇ। ਇਕ ਮੌਜੂਦਾ ਸਰਵੇਖਣ ਮੁਤਾਬਕ ਕਿਸੇ ਵੀ ਨਿਯਮਿਤ ਸਕੂਲ ਦੇ ਕੁੱਲ ਬੱਚਿਆਂ ਵਿੱਚੋਂ 10 ਪ੍ਰਤਿਸ਼ਤ ਬੱਚੇ ਸਿੱਖਣ ਦੇ ਮਾਮਲੇ ਵਿੱਚ ਅਪੰਗ ਹਨ ਜਿਨ੍ਹਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਜੇ ਸਹੀ ਉਮਰ ਵਿੱਚ ਇਸ ਦੀ ਪਛਾਣ ਕਰ ਲਈ ਜਾਵੇ ਤਾਂ ਇਹ ਸਾਰੇ ਬੱਚਿਆਂ ਦੀ ਸਿੱਖਿਆ ਵਿੱਚ ਨਾਟਕੀ ਸੁਧਾਰ ਕਰ ਸਕਦਾ ਹੈ। ਅਪਾਹਜ ਬੱਚਿਆਂ ਦੀ ਪੜ੍ਹਾਈ ਨੂੰ ਮਹੱਤਵ ਮਿਲਣ ਦੇ ਅਰੰਭ ਹੋਣ ਦੇ ਨਾਲ, ਪੂਰੀ ਦੁਨੀਆਂ ਵਿੱਚ ਵੱਖ-ਵੱਖ ਸਿੱਖਿਆ ਢਾਂਚਿਆਂ ਉਤੇ ਤਜਰਬੇ ਕੀਤੇ ਜਾ ਰਹੇ ਹਨ। ਸਭ ਤੋਂ ਵਧੀਆ ਸੁਝਾਇਆ ਗਿਆ ਵਿਕਲਪ ਸਮਾਵੇਸ਼ੀ ਸਿੱਖਿਆ ਦਾ ਹੈ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਦੇਸ਼ ਵਿੱਚ 40 ਮਿਲੀਅਨ ਅਪੰਗ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨ ਦਾ ਹੋਰ ਕੋਈ ਤਰੀਕਾ ਨਹੀਂ। ਸਾਡੀ 78 ਪ੍ਰਤਿਸ਼ਤ ਜਨਸੰਖਿਆ ਪੇਂਡੂ ਖੇਤਰਾਂ ਵਿੱਚ ਰਹਿੰਦੀ ਹੈ ਅਤੇ ਉਥੇ ਵਿਸ਼ੇਸ਼ ਸਕੂਲਾਂ ਵਾਸਤੇ ਕੋਈ ਪੈਸਾ ਨਹੀਂ। ਸਮਾਵੇਸ਼ੀ ਸਿੱਖਿਆ ਦੇ ਬਹੁਤ ਸਾਰੇ ਫਾਇਦੇ ਹਨ :

- ਇਹ ਅਪੰਗ ਬੱਚਿਆਂ ਵਿੱਚ ਸਮਾਜਕ ਯੋਗਤਾ ਦਾ ਵਿਕਾਸ ਕਰਦੀ ਹੈ।

• ਇਹ ਭਾਈਚਾਰਾ ਏਕੀਕਰਨ ਲਈ ਵਿਸ਼ੇਸ਼ ਵਿਵਸਥਾਵਾਂ ਨੂੰ ਘੱਟ ਤੋਂ ਘੱਟ ਕਰਦੀ ਹੈ।

• ਇਹ ਕਿਫਾਇਤੀ ਹੈ ਅਤੇ ਵਿਸ਼ੇਸ਼ ਕਰਕੇ ਤੀਜੀ ਦੁਨੀਆਂ ਦੇ ਸੰਦਰਭ ਵਿੱਚ ਇਸ ਦੀ ਦੂਰ ਤੱਕ ਪਹੁੰਚ ਹੈ।


## ਭਿੰਨ ਲੋੜਾਂ ਦੀ ਪਛਾਣ

ਇੱਕ ਪ੍ਰਭਾਵੀ ਸਮਾਵੇਸ਼ੀ ਵਾਤਾਵਰਨ ਲਈ ਜ਼ਰੂਰੀ ਹੈ ਕਿ ਅਸੀਂ ਸਕੂਲੀ ਵਾਤਾਵਰਨ ਦਾ ਇਸਤੇਮਾਲ ਕਰਕੇ ਭਿੰਨਤਾ ਵਾਲੀ ਜਨਸੰਖਿਆ ਦੀਆਂ ਸੰਚਾਲਨ ਸੀਮਾਵਾਂ ਦੀ ਪਛਾਣ ਕਰੀਏ। ਇਹ ਸੀਮਾਵਾਂ ਜਾਂ ਕਮੀਆਂ ਜਨਮ ਸਮੇਂ ਤੋਂ ਹੀ ਹੋ ਸਕਦੀਆਂ ਹਨ ਜਾਂ ਦੁਰਘਟਨਾ ਜਾਂ ਬਿਮਾਰੀ ਤੋਂ ਵੀ ਪੈਦਾ ਹੋਈਆਂ ਹੋ ਸਕਦੀਆਂ ਹਨ। ਭਾਵੇਂ ਕਿ ਵਿਸ਼ੇਸ਼ ਕਾਰਨਾਂ, ਸੁਮੇਲ ਅਤੇ ਅਪੰਗਤਾ ਦੀ ਗੰਭੀਰਤਾ ਦੀਆਂ ਅਨੇਕ ਕਿਸਮਾਂ ਹਨ, ਅਸੀਂ ਚਾਰ ਮੁੱਖ ਖੇਤਰਾਂ ਉਤੇ ਨਜ਼ਰ ਮਾਰ ਕੇ ਉਨ੍ਹਾਂ ਦੇ ਬੁਨਿਆਦੀ ਪ੍ਰਭਾਵ ਨੂੰ ਸੌਖਿਆਂ ਹੀ ਸਮਝ ਸਕਦੇ ਹਾਂ। ਇਹ ਖੇਤਰ ਹਨ - ਦੇਖ ਨਾ ਸਕਣਾ, ਸੁਣ ਨਾ ਸਕਣਾ, ਸਰੀਰਕ ਅਪੰਗਤਾ ਅਤੇ ਬੌਧਿਕ ਅਪੰਗਤਾ।

ਬੱਚਿਆਂ ਵਿੱਚ ਦੇਖ ਨਾ ਸਕਣ ਵਾਲਿਆਂ ਦੇ ਦੋ ਵੱਡੇ ਸੂਮਹ ਹੁੰਦੇ ਹਨ। ਉਹ ਵਿਦਿਆਰਥੀਆਂ ਜਿਨ੍ਹਾਂ ਦੀ ਨਜ਼ਰ ਕਮਜ਼ੋਰ ਹੁੰਦੀ ਹੈ ਅਤੇ ਦੂਜੇ ਜਿਹੜੇ ਬਿਲਕੁੱਲ ਨੇਤਰਹੀਣ ਹੁੰਦੇ ਹਨ। ਕਮਜ਼ੋਰ ਨਜ਼ਰ ਵਿੱਚ ਇਹ ਸਮੱਸਿਆਵਾਂ ਹੁੰਦੀਆਂ ਹਨ - ਧੁੰਦਲਾ ਦਿਸਣਾ, ਸਾਫ ਨਾ ਦਿਸਣਾ, ਧੁੰਦਲੀ ਨਜ਼ਰ, ਬਿਲਕੁਲ ਨੇੜੇ ਜਾਂ ਦੂਰ ਨਜ਼ਰ ਆਉਣਾ, ਨਜ਼ਰ ਭਟਕਣਾ, ਅੱਖਾਂ ਸਾਹਮਣੇ ਧੱਬੇ, ਰੰਗ ਦੀ ਭਟਕਣਾ, ਦ੍ਰਿਸ਼ਟੀ ਨੁਕਸ, ਚਾਨਣ ਜਾਂ ਚਮਕਾਰ ਪ੍ਰਤਿ ਅਨਿਯਮਿਤ ਸੰਵੇਦਨਸ਼ੀਲਤਾ, ਰਾਤ ਨੂੰ ਨਜ਼ਰ ਨਾ ਆਉਣਾ ਆਦਿ। ਜਿਹੜੇ ਅੰਸ਼ਕ ਤੌਰ ਤੇ ਨੇਤਰਹੀਣ ਹਨ, ਉਨ੍ਹਾਂ ਨੂੰ ਚਾਨਣ, ਅਕਾਰ ਅਤੇ ਵਿਰੋਧਾਭਾਸ ਦੀ ਧਾਰਨਾ ਰਹਿੰਦੀ ਹੈ। ਨਜ਼ਰ ਵਿੱਚ ਨੁਕਸ ਵਾਲੇ ਵਿਦਿਆਰਥੀਆਂ ਨੂੰ ਦ੍ਰਿਸ਼ਟੀ ਆਦੇਸ਼, ਦ੍ਰਿਸ਼ਟੀ ਪ੍ਰਦਰਸ਼ਨ ਅਤੇ ਦੂਸਰੇ ਦ੍ਰਿਸ਼ਟੀ ਆਊਟਪੁੱਟ ਵਿੱਚ ਮੁਸ਼ਕਲ ਪੇਸ਼ ਆ ਸਕਦੀ ਹੈ। ਨਾਲ ਹੀ ਉਹ ਕੰਟਰੋਲ ਇਸਤੇਮਾਲ ਕਰਨ ਵਿੱਚ ਔਖ ਆਉਂਦੀ ਹੈ ਜਿਥੇ ਅੱਖ-ਹੱਥ ਦਾ ਤਾਲਮੇਲ ਲੋੜੀਂਦਾ ਹੁੰਦਾ ਹੈ। ਕਿਉਂਕਿ ਕਮਜ਼ੋਰ ਨਜ਼ਰ ਵਾਲੇ ਬਹੁਤ ਸਾਰੇ ਬੱਚਿਆਂ ਕੋਲ ਕੁੱਝ ਦ੍ਰਿਸ਼ਟੀ ਯੋਗਤਾ ਹੋ ਸਕਦੀ ਹੈ, ਉਨ੍ਹਾਂ ਵਿੱਚੋਂ ਬਹੁਤ ਸਾਰੇ ਵਡਦਰਸ਼ੀ ਉਪਕਰਨ, ਤੇਜ਼ ਰੋਸ਼ਨੀ ਅਤੇ ਚਮਕਾਰ ਘੱਟ ਕਰਨ ਵਾਲੇ ਉਪਕਰਨਾਂ ਦੀ ਮਦਦ ਨਾਲ ਪੜ੍ਹ ਸਕਦੇ ਹਨ। ਕਮਜ਼ੋਰ ਨਜ਼ਰ ਵਾਲੇ ਅਜਿਹੇ ਬਹੁਤ ਸਾਰੇ ਬੱਚਿਆਂ ਦੀ ਵੱਡੇ ਅੱਖਰਾਂ ਅਤੇ ਉੱਚ ਵਿਰੋਧਾਭਾਸੀ ਰੰਗਾਂ ਦੁਆਰਾ ਬਹੁਤ ਮਦਦ ਹੋ ਜਾਂਦੀ ਹੈ। ਰੰਗ ਦ੍ਰਿਸ਼ਟੀਹੀਣਤਾ ਵਾਲਿਆਂ ਨੂੰ ਰੰਗ ਕੋਡ ਜਾਣਕਾਰੀ ਵਰਤਣ ਵਿੱਚ ਮੁਸ਼ਕਲ ਆ ਸਕਦੀ ਹੈ। ਬੱਚਿਆਂ ਵਿੱਚ ਸੁਣਨ ਦੀ ਕਮਜ਼ੋਰੀ ਦਾ ਮਤਲਬ ਹੈ ਕਿਸੇ ਵੀ ਹੱਦ ਅਤੇ ਕਿਸੇ ਵੀ ਪ੍ਰਕਾਰ ਦਾ ਸੁਣਨ ਦਾ ਨੁਕਸ ਜਦ ਕਿ ਬੋਲੇਪਨ ਦਾ ਮਤਲਬ ਹੈ ਬਿਲਕੁਲ ਵੀ ਸੁਣਾਈ ਨਾ ਦੇਣਾ। ਇਨ੍ਹਾਂ ਨੁਕਸਾਂ ਦੇ ਕਾਰਨ ਜੱਦੀ ਪੁਸ਼ਤੀ, ਇਨਫੈਕਸ਼ਨ, ਰਸੌਲੀ ਅਤੇ ਦੁਰਘਟਨਾਵਾਂ ਹੋ ਸਕਦੀਆਂ ਹਨ। ਸੁਣਨ ਦੇ ਨੁਕਸ ਵਾਲੇ ਵਿਅਕਤੀਆਂ ਨੂੰ ਮੁੱਖ ਮੁਸ਼ਕਲ ਸੁਣਨ ਵਾਲੀ ਜਾਣਕਾਰੀ ਹਾਸਲ ਕਰਨ ਵਿੱਚ ਆਉਂਦੀ ਹੈ। ਇਸ ਸਮੱਸਿਆ ਨੂੰ ਦੇਖਣ ਵਾਲੀ ਸ਼ਕਲ ਵਿੱਚ ਸੁਣਨ ਵਾਲੀ ਜਾਣਕਾਰੀ ਪੇਸ਼ ਕਰਕੇ ਹੱਲ ਕੀਤਾ ਜਾ ਸਕਦਾ ਹੈ। ਇਸ ਸਮੱਸਿਆ ਦਾ ਇਕ ਹੋਰ ਹੱਲ ਅਜਿਹਾ ਤੰਤਰ ਮੁਹੱਈਆ ਕਰਵਾਉਣਾ ਹੈ ਜੋ ਵਰਤੋਂਕਾਰ ਨੂੰ ਬਦਲਵੇਂ ਆਊਟਪੁਟ ਯੰਤਰ ਨਾਲ ਜੋੜੇਗਾ ਜੋ ਘੱਟ ਨੁਕਸ ਵਾਲੇ ਵਿਅਕਤੀਆਂ ਲਈ ਲਾਹੇਵੰਦ ਹੋਣਗੇ। ਜਿਹੜੇ ਜਨਮ ਤੋਂ ਹੀ ਬੋਲੇ ਹਨ ਜਾਂ ਪਹਿਲੀ ਉਮਰ ਤੋਂ ਹੀ ਨੁਕਸ ਦਾ ਸ਼ਿਕਾਰ ਹਨ, ਉਹ ਅਕਸਰ ਬੋਲਦੇ ਨਹੀਂ ਜਾਂ ਅਜਿਹਾ ਬੋਲਦੇ ਹਨ ਜੋ ਸਮਝ ਨਹੀਂ ਆਉਂਦਾ। ਇਸ ਕਰਕੇ ਅਜਿਹੇ ਵਿਅਕਤੀਆਂ ਨੂੰ ਸ਼ਬਦ ਸੰਚਾਰ ਦੇ ਬਦਲ ਪ੍ਰਦਾਨ ਕਰਨਾ ਜ਼ਰੂਰੀ ਹੈ।

ਸਰੀਰਕ ਨੁਕਸ ਦੇ ਕਾਰਨਾਂ ਵਿੱਚ ਪੋਲੀਓ, ਅਧਰੰਗ, ਕਮਜ਼ੋਰੀ, ਦੁਰਘਟਨਾਵਾਂ ਜਿਵੇਂ ਰੀੜ੍ਹ ਦੀ ਹੱਡੀ ਦੀ ਸੱਟ, ਦਿਮਾਗੀ ਸੱਟ, ਦਿਮਾਗੀ ਲਕਵਾ, ਗਠੀਆ, ਹੱਡੀਆਂ ਵਿੱਚ ਨੁਕਸ, ਮਾਸਪੇਸ਼ੀਆਂ ਦਾ ਕੁਪੋਸ਼ਣ ਆਦਿ ਸ਼ਾਮਲ ਹਨ। ਸਰੀਰਕ ਨੁਕਸ ਵਾਲੇ ਬੱਚਿਆਂ ਨੂੰ ਮਾਸਪੇਸ਼ੀਆਂ ਉਤੇ ਮਾੜਾ ਕੰਟਰੋਲ, ਥਕਾਵਟ, ਤੁਰਨ, ਬੋਲਣ, ਵੇਖਣ, ਸੁੰਘਣ ਜਾਂ ਸਮਝਣ, ਚੀਜ਼ਾਂ ਤੱਕ ਪੁੱਜਣ, ਜਟਿਲ ਜਾਂ ਮਿਸ਼ਰਤ ਜਮ੍ਹਾਂ ਘਟਾਅ ਅਤੇ ਗਤੀਸ਼ੀਲ ਕਿਰਿਆਵਾਂ ਆਦਿ ਕਰਨ ਵਿੱਚ ਮੁਸ਼ਕਲਾਂ ਆਉਂਦੀਆਂ ਹਨ। ਅਜਿਹੇ ਵਿਅਕਤੀ ਆਮ ਤੌਰ ਤੇ ਸਹਾਇਕ ਉਪਕਰਨਾਂ ਉਤੇ ਨਿਰਭਰ ਕਰਦੇ ਹਨ। ਆਮ ਵਰਤੋਂ ਵਿੱਚ ਆਉਂਦੇ ਸਹਾਇਕ ਉਪਕਰਨਾਂ, ਜਿਨ੍ਹਾਂ ਵਿੱਚ ਤੁਰਨ ਦੀ ਸਹਾਇਤਾ ਵਾਲੇ ਯੰਤਰ ਵੀ ਹਨ, ਉਹ ਹਨ - (ਫੌਹੜੀਆਂ, ਪਹੀਆਂ ਵਾਲੀ ਕੁਰਸੀ), ਜੋੜ ਤੋੜ ਦੀ ਸਹਾਇਤਾ ਦੇ ਉਪਕਰਨ (ਜਿਵੇਂ - ਨਕਲੀ ਅੰਗ, ਨਕਲੀ ਉਪਰਕਨ), ਸੰਚਾਰ ਸਹਾਇਤਾ ਵਾਲੇ ਉਪਕਰਨ (ਜਿਵੇਂ ਸੰਚਾਰ ਬੋਰਡ ਆਦਿ)।

ਬੱਚਿਆਂ ਵਿੱਚ ਬੌਧਿਕ ਅਪੰਗਤਾ ਗੰਭੀਰ ਨੁਕਸ ਤੋਂ ਲੈ ਕੇ ਕਿਸੇ ਖ਼ਾਸ ਬੌਧਿਕ ਕੰਮ ਦੀ ਹੋ ਸਕਦੀ ਹੈ, ਖ਼ਾਸ ਕਰਕੇ ਭਾਸ਼ਾ ਦੀ। ਇਨ੍ਹਾਂ ਦੀਆਂ ਕਿਸਮਾਂ ਤੇ ਕਾਰਨ ਘੱਟ, ਦਰਮਿਆਨੇ ਜਾਂ ਗੰਭੀਰ ਨੁਕਸ, ਹੇਠਲੇ ਲੱਛਣ, ਬੌਧਿਕ ਅਪੰਗਤਾ, ਦਿਮਾਗ਼ੀ ਲਕਵਾ, ਸਮੇਂ ਤੋਂ ਪਹਿਲਾਂ ਜਨਮ, ਜਨਮ ਸਮੇਂ ਦਾ ਸਦਮਾ, ਭਾਸ਼ਾ ਅਤੇ ਸਿੱਖਣ ਦੇ ਨੁਕਸ, ਦੌਰੇ ਦੇ ਨੁਕਸ, ਦਿਮਾਗ਼ੀ ਬਿਮਾਰੀਆਂ ਆਦਿ ਹੋ ਸਕਦੇ ਹਨ। ਸੰਚਾਲਨ ਸੀਮਾਵਾਂ ਨੂੰ ਯਾਦਾਸ਼ਤ, ਸੁਝਬੂਝ, ਸਮੱਸਿਆਵਾਂ ਦਾ ਹੱਲ ਕਰਨ ਅਤੇ ਅਪੰਗਤਾ ਬਾਰੇ ਧਾਰਨਾਵਾਂ ਨੂੰ ਅਕਾਰ ਦੇਣ ਆਦਿ ਵਿੱਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ।



*ਐਲੀਮੈਂਟਰੀ ਬੱਚਿਆਂ ਵਾਸਤੇ ਇੱਕ ਸਮਾਵੇਸ਼ੀ ਖੇਡ ਦਾ ਮੈਦਾਨ ਜਿਸ ਦੇ ਕੋਲ ਢਲਾਨ ਵੀ ਹੈ।*



*ਬੱਚਿਆਂ ਲਈ ਖੇਡਣ ਵਾਲੇ ਖੇਤਰ ਵਿੱਚ ਪਹੀਆਂ ਵਾਲੀ ਕੁਰਸੀ ਫਿੱਟ ਕਰਨ ਦੀ ਸੰਭਾਵਨਾ*

ਯਾਦਾਸ਼ਤ ਦੀਆਂ ਸਮੱਸਿਆਵਾਂ ਵਿੱਚ ਅਲਪਕਾਲੀ, ਦੀਰਘਕਾਲੀ ਅਤੇ ਦੂਰ ਦੇ ਯਾਦਾਸ਼ਤ ਭੰਡਾਰ ਤੋਂ ਜਾਣਕਾਰੀ ਹਾਸਲ ਕਰਨਾ ਸ਼ਾਮਲ ਹੈ। ਸਪੱਸ਼ਟਤਾ ਦੀਆਂ ਸਮੱਸਿਆਵਾਂ ਵਿੱਚ ਗ੍ਰਹਿਣ ਕਰਨਾ, ਧਿਆਨ ਦੇਣਾ ਅਤੇ ਸਪਰਸ਼ ਵਾਲੀ ਜਾਣਕਾਰੀ ਵਿੱਚ ਫਰਕ ਕਰਨਾ ਸ਼ਾਮਲ ਹੈ। ਸਮੱਸਿਆਵਾਂ ਹੱਲ ਕਰਨ ਦੀਆਂ ਮੁਸ਼ਕਲਾਂ ਵਿੱਚ ਸਮੱਸਿਆ ਨੂੰ ਪਛਾਨਣਾ, ਚਿੰਨ੍ਹਤ ਕਰਨਾ, ਚੁਣਨਾ ਅਤੇ ਹੱਲ ਅਮਲ ਵਿੱਚ ਲਿਆਉਣਾ ਸ਼ਾਮਲ ਹੈ। ਵਿਚਾਰਕ ਕਠਿਨਾਈਆਂ ਵਿੱਚ ਸੂਚੀਬਧ ਕਰਨ, ਸਰਲੀਕਰਨ, ਸਮਝ, ਕਾਰਨ ਤੇ ਪ੍ਰਭਾਵ ਦੇ ਰਿਸ਼ਤੇ ਨੂੰ ਸਮਝਣ, ਵੱਖਰੀ ਧਾਰਨਾ ਅਤੇ ਹੁਨਰ ਦਾ ਵਿਕਾਸ ਸ਼ਾਮਲ ਹਨ। ਭਾਸ਼ਾਈ ਅਪੰਗਤਾ ਕਾਰਨ ਸਮਝਣ ਜਾਂ ਲਿਖੀ ਅਤੇ ਬੋਲੀ ਜਾਣ ਵਾਲੀ ਭਾਸ਼ਾ ਨੂੰ ਪੇਸ਼ ਕਰਨ ਵਿੱਚ ਮੁਸ਼ਕਲ ਆ ਸਕਦੀ ਹੈ।

## ਸਿੱਖਿਆ ਵਿੱਚ ਸਮਾਜਕ ਬਰਾਬਰੀ ਅਤੇ ਸ਼ਮੂਲੀਅਤ ਲਈ ਨਮੂਨਾ

ਇਹ ਸਮਝ ਲੈਣਾ ਚਾਹੀਦਾ ਹੈ ਕਿ ਸਮਾਵੇਸ਼ੀ ਸਿੱਖਿਆ ਵਾਤਾਵਰਨ ਨਿਯਮਿਤ ਸਿੱਖਿਆ ਢਾਂਚੇ ਤੋਂ ਨਾ ਵਿਸ਼ੇਸ਼ ਹੈ ਅਤੇ ਨਾ ਹੀ ਇਸ ਵਿੱਚ ਕੋਈ ਬਦਲਾਅ ਹੈ। ਇਹ ਅਲੱਗ ਹੈ ਅਤੇ ਸਾਰੇ ਹੀ ਬੱਚਿਆਂ ਲਈ ਲਾਹੇਵੰਦ ਹੈ, ਭਾਵੇਂ ਉਹ ਅਪੰਗ ਹੋਣ ਜਾਂ ਨਹੀਂ। ਇਸ ਦਾ ਮਤਲਬ ਇਹ ਵੀ ਨਹੀਂ ਕਿ ਹਰੇਕ ਬੱਚੇ ਨੂੰ ਇੱਕ ਵਾਤਾਵਰਨ ਵਿੱਚ ਫਿੱਟ ਕਰਨ ਲਈ ਜਕੜਿਆ ਜਾਵੇ ਸਗੋਂ ਇਹ ਵਿਅਕਤੀਗਤ ਸਿੱਖਿਆ ਪਹੁੰਚ ਉਤੇ ਅਧਾਰਤ ਹੈ ਜਿਸ ਵਿੱਚ ਵਿਅਕਤੀਗਤ ਤਾਕਤਾਂ ਅਤੇ ਕਮਜ਼ੋਰੀਆਂ ਉਤੇ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ। ਅਧਿਆਪਕ ਹਰੇਕ ਬੱਚੇ ਵਾਸਤੇ ਵਿਅਕਤੀਗਤ ਟੀਚੇ ਤਿਆਰ ਕਰਦਾ ਹੈ ਅਤੇ ਇੱਕ ਹੀ ਵਾਤਾਵਰਨ ਵਿੱਚ ਉਨ੍ਹਾਂ ਨੂੰ ਇਕੱਠਿਆਂ ਪੜ੍ਹਾਉਂਦਾ ਹੈ।

ਇਹ ਪਰਚਾ ਭਾਰਤ ਵਿੱਚ ਸਮਾਵੇਸ਼ੀ ਸਿੱਖਿਆ ਵਾਤਾਵਰਨ ਲਈ ਕੁੱਝ ਸਫਾਰਸ਼ਾਂ ਦਾ ਖਾਕਾ ਪੇਸ਼ ਕਰਦਾ ਹੈ ਜਿਹੜੇ ਸਰਲ, ਆਰਥਿਕ ਅਤੇ ਅੰਤਰ-ਸਭਿਆਚਾਰਕ ਹਨ। ਇਹ ਸਫਾਰਸ਼ਾਂ ਸਾਹਿਤਕ ਅਧਿਐਨ ਅਤੇ ਅਮਰੀਕਾ ਵਿੱਚ 17 ਸਮਾਵੇਸ਼ੀ ਸਿੱਖਿਆ ਢਾਂਚਿਆਂ ਦੇ ਜ਼ਮੀਨੀ ਸਰਵੇਖਣ ਤੋਂ ਬਾਅਦ ਤਿਆਰ ਕੀਤੀਆਂ ਗਈਆਂ ਹਨ ਜੋ ਸੰਯੁਕਤ ਰਾਜ ਅਮਰੀਕਾ ਦੇ ਸਿੱਖਿਆ ਬਿਊਰੋ ਅਤੇ ਸਭਿਆਚਾਰਕ ਮਾਮਲਿਆਂ ਵਲੋਂ ਪ੍ਰਾਯੋਜਿਤ ਫੁੱਲਬ੍ਰਾਈਟ ਪ੍ਰੋਗਰਾਮ ਦੌਰਾਨ ਕੀਤੇ ਗਏ। ਇਸ ਤੋਂ ਸੇਧ ਲੈ ਕੇ ਭਵਨ ਨਿਰਮਾਤਾ ਅਤੇ ਰੂਪਰੇਖਾ ਬਣਾਉਣ ਵਾਲੇ ਅਪੰਗ ਬੱਚਿਆਂ ਲਈ ਇੱਕ ਸਮਾਵੇਸ਼ੀ ਵਾਤਾਵਰਨ ਤਿਆਰ ਕਰ ਸਕਦੇ ਹਨ ਜਿਸ ਵਿੱਚ ਉਨ੍ਹਾਂ ਦੀ ਸਿਰਜਣਾ ਤੇ ਸਖਤ ਦਿਸ਼ਾ ਨਿਰਦੇਸ਼ ਨਹੀਂ ਥੋਪੇ ਜਾਣਗੇ।


- ਵਿਅਕਤੀਗਤ ਬੱਚੇ ਦੀਆਂ ਲੋੜਾਂ ਮੁਤਾਬਕ, ਪੜ੍ਹਾਉਣ ਸਮੇਂ ਸਹਾਇਤਾ ਤੇ ਮਦਦ ਲਈ ਸਿੱਖਿਆ ਵਾਤਾਵਰਨ ਵਿੱਚ ਢੁੱਕਵਾਂ ਪੱਧਰ ਪ੍ਰਦਾਨ ਕਰਨਾ ਚਾਹੀਦਾ ਹੈ। ਇਹ ਬੱਚੇ ਨੂੰ ਹੋਰ ਸਫਲ ਬਣਾਏਗਾ ਅਤੇ ਸੰਭਵ ਹੈ ਕਿ ਜੇ ਬੱਚਾ ਜ਼ਿਆਦਾ ਸਫਲ ਹੋਵੇਗਾ ਤਾਂ ਉਸ ਨੂੰ ਸਿੱਖਣ ਲਈ ਹੋਰ ਪ੍ਰੇਰਨਾ ਹਾਸਲ ਹੋਵੇਗੀ।

- ਭਵਨ ਨਿਰਮਾਤਾਵਾਂ ਅਤੇ ਅਧਿਆਪਕਾਂ ਨੂੰ ਵਿਦਿਆਰਥੀ ਦੀਆਂ ਦੇਖਣ, ਸੁਣਨ, ਸਪਰਸ਼ ਅਤੇ ਸਰੀਰਕ ਕਿਰਿਆਵਾਂ ਜਿਹੀਆਂ ਇੰਦਰੀਆਂ ਦੀ ਵਰਤੋਂ ਕਰਕੇ ਸਹੀ ਵਾਤਾਵਰਨ ਸਿਰਜਣਾ ਚਾਹੀਦਾ ਹੈ। ਅਜਿਹਾ ਵਾਤਾਵਰਨ ਕਈ ਤਰ੍ਹਾਂ ਦੇ ਅਨੁਭਵ ਦੇ ਸਕਦਾ ਹੈ, ਜਿਵੇਂ ਦ੍ਰਿਸ਼, ਸੁਣਨਾ, ਸੁੰਘਣਾ ਅਤੇ ਸਪਰਸ਼ ਕਰਨਾ, ਜੋ ਅਪੰਗਤਾ ਵਾਲੇ ਵਿਦਿਆਰਥੀਆਂ ਲਈ ਬਹੁਤ ਅਹਿਮੀਅਤ ਰੱਖਦੇ ਹਨ। ਬਹੁ-ਸੰਵੇਦੀ ਥਾਵਾਂ ਉਤੇ ਅਨੁਭਵ ਕਰਕੇ, ਛੂਹ ਕੇ, ਸੁੰਘਣ, ਚੱਖਣ, ਰਿੜ੍ਹਨ, ਕੁੱਦਣ, ਲੋਟਣੀਆਂ ਖਾਣ, ਕੰਪਨ, ਸੰਗੀਤ ਅਤੇ ਵੱਖ-ਵੱਖ ਪ੍ਰਕਾਰ ਦੇ ਵੇਖਣ ਵਾਲੇ ਅਨੁਭਵਾਂ ਰਾਹੀਂ ਸੰਵੇਦੀ ਅਤੇ ਅਨੁਭਵੀ ਹੁਨਰਾਂ ਦੇ ਵਿਕਾਸ ਉਤੇ ਜ਼ੋਰ ਦਿੱਤਾ ਜਾਂਦਾ ਹੈ ਇਸ ਨਾਲ ਬੱਚਿਆਂ ਨੂੰ ਬੇਹਤਰ ਸਮਝ ਲਈ ਇਹ ਸੰਵੇਦੀ ਹੁਨਰ ਏਕੀਕ੍ਰਿਤ ਕਰਨ ਵਿੱਚ ਮਦਦ ਮਿਲਦੀ ਹੈ।

- ਵਾਤਾਵਰਨਕ ਵਿਸ਼ੇਸ਼ਤਾਈਆਂ ਜੋ ਦ੍ਰਿਸ਼ਟੀ ਦੇ ਨੁਕਸ ਵਾਲੇ ਵਿਦਿਆਰਥੀਆਂ ਲਈ ਸਹਾਈ ਹੁੰਦੀਆਂ ਹਨ, ਉਨ੍ਹਾਂ ਵਿੱਚ ਗਾਈਡ ਬਲਾਕ, ਚੇਤਾਵਨੀ ਬਲਾਕ, ਵੱਖ-ਵੱਖ ਬਣਤਰਾਂ ਦੀ ਵਰਤੋਂ, ਵੱਡੇ ਅਤੇ ਉੱਭਰੇ ਹੋਏ ਅੱਖਰ, ਬਰੇਲ ਦੀ ਵਰਤੋਂ, ਵਿਰੋਧਾਭਾਸੀ ਰੰਗ, ਸਥਿਤੀ ਸੰਕੇਤ, ਜ਼ਿਆਦਾ ਰੋਸ਼ਨੀ, ਸਪੱਸ਼ਟ ਤੁਰਨ ਦਾ ਰਸਤਾ, ਸੁਣਾਈ ਦੇਣ ਵਾਲੀ ਜਾਣਕਾਰੀ ਅਤੇ ਉੱਭਰੀਆਂ ਹੋਈਆਂ



*ਪਹੁੰਚ ਵਾਲਾ ਪਖ਼ਾਨਾ ਜਿਥੇ ਫੜਨ ਵਾਲੇ ਡੰਡੇ, ਸਹਾਇਤਾ ਲਈ ਸਥਾਨ, ਨਾ ਤਿਲਕਣ ਵਾਲੀ ਸਤਹਿ, ਸੁਰੱਖਿਆ ਅਲਾਰਮ ਅਤੇ ਤਸਵੀਰਾਂ ਵਿੱਚ ਹਦਾਇਤਾਂ ਹਨ ਜੋ ਸਾਰੇ ਬੱਚਿਆਂ ਦੀ ਮਦਦ ਕਰਦੇ ਹਨ।*



ਬਿਨਾਂ ਵਾਤਾਵਰਨ ਵਿੱਚ ਦਖ਼ਲਅੰਦਾਜ਼ੀ ਕੀਤਿਆਂ ਨਿਗਰਾਨੀ ਦੀ ਸੰਭਾਵਨਾ

ਚੀਜ਼ਾਂ ਨੂੰ ਹਟਾਉਣਾ ਸ਼ਾਮਲ ਹੈ।

● ਸੁਣਨ ਦੇ ਨੁਕਸ ਵਾਲੇ ਵਿਦਿਆਰਥੀਆਂ ਨੂੰ ਸੁਣਨ ਵਾਲੇ ਉਪਕਰਨਾਂ, ਚਿੰਨ੍ਹਾਂ ਦੀ ਭਾਸ਼ਾ, ਫਰਕਦੇ ਬੁੱਲ੍ਹਾਂ ਨੂੰ ਪੜ੍ਹਨਾ, ਬੋਲਿਆਂ ਲਈ ਸੰਚਾਰ ਉਪਕਰਨਾਂ, ਰੰਗ ਕੋਡ ਜਾਣਕਾਰੀ, ਜਗਮਗ ਕਰਦੇ ਚਿੰਨ੍ਹਾਂ, ਬਣਾਏ ਰੇਖਾ ਚਿੱਤਰਾਂ ਅਤੇ ਸੁਣਨ ਵਾਲੀ ਜਾਣਕਾਰੀ ਨੂੰ ਵੇਖਣ ਵਾਲੇ ਰੂਪ ਵਿੱਚ ਪੇਸ਼ ਕਰਨ ਜਿਹੀਆਂ ਵਾਤਾਵਰਨਕ ਵਿਸ਼ੇਸ਼ਤਾਈਆਂ ਤੋਂ ਫਾਇਦਾ ਮਿਲਦਾ ਹੈ।

● ਸਰੀਰਕ ਅਪੰਗਤਾ ਵਾਲੇ ਵਿਦਿਆਰਥੀਆਂ ਨੂੰ ਪਹੀਆਂ ਵਾਲੀ ਕੁਰਸੀ, ਫੌਹੜੀਆਂ, ਢੁੱਕਵੀਂ ਪਹੁੰਚ, ਪਹੀਆਂ ਵਾਲੀ ਕੁਰਸੀ ਤੋਂ ਉੱਤਰਨ, ਢਲਾਨ, ਸਹਾਇਤਾ ਲਈ ਥਾਂ, ਨਾ ਤਿਲਕਣ ਵਾਲਾ ਫਰਸ਼, ਸੌਖੀ ਸਮਝ ਅਤੇ ਜੋੜਤੋੜ ਅਤੇ ਸੰਚਾਰ ਉਪਕਰਨਾ ਨੂੰ ਵਰਤਨ ਦੀ ਸੰਭਾਵਨਾ ਲਈ ਥਾਂ ਦੀ ਲੋੜ ਹੁੰਦੀ ਹੈ।

● ਉਹ ਵਾਤਾਵਰਣਿਕ ਵਿਸ਼ੇਸ਼ਤਾਈਆਂ ਜੋ ਬੌਧਿਕ ਅਪੰਗਤਾ ਵਾਲੇ ਵਿਦਿਆਥੀਆਂ ਦੀ ਸਹਾਇਤਾ ਕਰਦੀਆਂ ਹਨ, ਉਨ੍ਹਾਂ ਵਿੱਚ ਸਾਦਾ ਪ੍ਰਦਰਸ਼ਨ, ਸਧਾਰਨ ਭਾਸ਼ਾ, ਪੈਟਰਨ ਦੀ ਵਰਤੋਂ, ਸਾਦਾ ਅਤੇ ਵਾਸਤਵਿਕ ਦ੍ਰਿਸ਼ ਅਤੇ ਸੰਕੇਤਾਂ ਵਾਲੇ ਦ੍ਰਿਸ਼ ਸ਼ਾਮਲ ਹਨ।

● ਸਮਾਨਾਂਤਰ ਸਿੱਖਿਆ ਸੈਸ਼ਨ, ਭਿੰਨ ਹੁਨਰਾਂ ਦੀ ਸਿੱਖਿਆ, ਬਹੁ-ਸੰਵੇਦੀ ਸੰਚਾਰ ਦੀ ਵਰਤੋਂ, ਨਵੇਂ ਵਿਚਾਰ ਸ਼ਾਮਲ ਕਰਕੇ, ਨਿਯਮਿਤ ਅਧਿਆਪਕਾਂ ਦੇ ਨਾਲ ਵੱਖ-ਵੱਖ ਮਾਹਰਾਂ ਜਿਵੇਂ ਬੋਲਣ ਅਤੇ ਕਿੱਤਾਮੁਖੀ ਇਲਾਜ ਕਰਨ ਵਾਲਿਆਂ ਲਈ ਰੂਪਰੇਖਾ ਵਿੱਚ ਲਚਕਤਾ ਪ੍ਰਦਾਨ ਕਰਨੀ ਚਾਹੀਦੀ ਹੈ।

● ਜੇ ਇਮਾਰਤਾਂ ਦੀ ਯੋਜਨਾਬੰਦੀ ਸਰਲ ਅਤੇ ਸਪੱਸ਼ਟ ਤਰੀਕੇ ਨਾਲ ਕੀਤੀ ਗਈ ਹੋਵੇਗੀ ਤਾਂ ਬੱਚਿਆਂ ਨੂੰ ਸਮਝਣ, ਵਰਤਣ ਅਤੇ ਮਨਪ੍ਰਚਾਵਾ ਕਰਨ ਲਈ ਘੱਟ ਯਤਨ ਕਰਨੇ ਪੈਣਗੇ। ਸਪੱਸ਼ਟ ਖਾਕਾ, ਸਥਾਨ ਦੀ ਵਿਵਸਥਾ, ਸਪੱਸ਼ਟ ਜ਼ੋਨ ਜਾਂ ਇਲਾਕੇ, ਸਾਦਾ ਫਾਰਮ ਅਤੇ ਵੇਖਣ ਵਾਲੇ ਘੜਮੱਸ ਨੂੰ ਅਸਾਨੀ ਨਾਲ ਸਮਝਣ ਵਿੱਚ ਮਦਦ ਕਰਦੇ ਹਨ।

● ਸਿੱਖਿਆ ਵਾਤਾਵਰਨ ਵਿੱਚ ਅਪੰਗ ਬੱਚਿਆਂ ਨੂੰ ਤੰਦਰੁਸਤ ਸਾਥੀਆਂ ਨਾਲ ਘੁਲਣ ਮਿਲਣ ਦੇ ਮੌਕੇ ਦੇਣੇ ਚਾਹੀਦੇ ਹਨ। ਸੁਰੱਖਿਅਤ, ਪਹੁੰਚ ਵਾਲੇ ਅਤੇ ਖੇਡਣ ਦੇ ਵਿਧੀਵਤ ਖੇਤਰ ਅਤੇ ਸਾਂਝੀਆਂ ਥਾਵਾਂ ਜਿਥੇ ਸੌਖੀ ਨਿਗਰਾਨੀ ਹੋਵੇ, ਇਹ ਬੱਚਿਆਂ ਨੂੰ ਸਾਥੀਆਂ ਨਾਲ ਰਚਣ ਮਿਚਣ ਵਿੱਚ ਸਹਾਈ ਹੁੰਦੇ ਹਨ। ਇਥੋਂ ਤੱਕ ਕਿ ਗੰਭੀਰ ਅਪੰਗਤਾ ਵਾਲੇ ਬੱਚਿਆਂ ਨੂੰ ਵੀ ਸਿਹਤਮੰਦ ਸਾਥੀਆਂ ਨਾਲ ਵਿਚਾਰਨ ਦੇ ਮੌਕੇ ਦੇਣੇ ਚਾਹੀਦੇ ਹਨ।

● ਸਿੱਖਿਆ ਦਾ ਅਜਿਹਾ ਵਾਤਾਵਰਨ, ਜੋ ਸਵੈ-ਸਹਾਇਤਾ ਹੁਨਰਾਂ, ਘਰੇਲੂ ਹੁਨਰ ਅਤੇ ਕਿੱਤਾਮੁਖੀ ਹੁਨਰ ਸਿਖਲਾਈ ਦੇ ਵਿਕਾਸ ਵਿੱਚ ਸਹਾਇਤਾ ਕਰਦਾ ਹੈ, ਇਹ ਅਪੰਗਤਾ ਵਾਲੇ ਬੱਚਿਆਂ ਨੂੰ ਅਜ਼ਾਦ ਜ਼ਿੰਦਗੀ ਜਿਉਣ ਅਤੇ ਭਵਿੱਖ ਵਿੱਚ ਆਤਮ ਸਨਮਾਨ ਨਾਲ ਜਿਉਣ ਲਈ ਸਹਾਈ ਹੁੰਦਾ ਹੈ। ਸਵੈ-ਸਹਾਇਤਾ ਹੁਨਰ ਵਿੱਚ ਪਖ਼ਾਨਾ ਸਿਖਲਾਈ, ਖਾਣਾ, ਪੀਣਾ, ਕੱਪੜੇ ਪਹਿਨਣਾ, ਬੁਰਸ਼ ਕਰਨਾ, ਨਹਾਉਣਾ, ਸ਼ੇਵ ਕਰਨਾ ਆਦਿ ਸ਼ਾਮਲ ਹਨ। ਕਿੱਤਾ ਮੁਖੀ ਸਿਖਲਾਈ ਵਿੱਚ ਭਵਿੱਖੀ ਰੋਜ਼ਗਾਰ ਲਈ ਹੁਨਰ ਦਾ ਵਿਕਾਸ ਜਿਵੇਂ ਛਾਂਟਣਾ, ਪੈਕ ਕਰਨਾ, ਬੁਣਨਾ, ਲੱਕੜ ਦਾ ਕੰਮ, ਜੋੜਨਾ ਅਤੇ ਹੋਰ ਬਹੁਤ ਸਾਰੇ ਹੁਨਰ ਸ਼ਾਮਲ ਹਨ। ਬੱਚਿਆਂ ਨੂੰ ਘਰੇਲੂ ਹੁਨਰ ਦੀ ਸਿਖਲਾਈ ਵੀ ਦੇਣੀ ਚਾਹੀਦੀ ਹੈ ਤਾਂ ਕਿ ਉਹ ਆਪਣੇ ਪਰਿਵਾਰਾਂ ਦੀ ਮਦਦ ਕਰ ਸਕਣ ਅਤੇ ਭਵਿੱਖ ਵਿੱਚ ਆਪਣੀ ਮਦਦ ਆਪ ਕਰ ਸਕਣ। ਅਜਿਹੀ ਸਿਖਲਾਈ ਵਿੱਚ ਖਾਣਾ ਬਣਾਉਣਾ, ਕੱਪੜੇ ਧੋਣਾ, ਬਿਸਤਰ ਵਿਛਾਉਣਾ, ਸਾਫ਼-ਸਫ਼ਾਈ ਆਦਿ ਕਰਨਾ ਸ਼ਾਮਲ ਹੈ।

● ਦੀਰਘਕਾਲੀ ਸਫਲਤਾ ਲਈ ਅਪੰਗ ਬੱਚਿਆਂ ਦੀ ਸਿੱਖਿਆ ਵਿੱਚ ਮਾਪਿਆਂ ਦੀ ਭਾਗੀਦਾਰੀ ਬਹੁਤ ਅਹਿਮ ਹੈ। ਵਿਅਕਤੀਗਤ ਸਿੱਖਿਆ ਯੋਜਨਾ ਅਤੇ ਮਾਪੇ-ਅਧਿਆਪਕ ਮਿਲਣੀਆਂ ਲਈ ਟੀਚਾ ਚੁਣਨ ਵਾਸਤੇ ਭਾਗੀਦਾਰੀ ਜ਼ਰੂਰੀ ਹੈ। ਮਾਪਿਆਂ ਨੂੰ ਆਪਣੇ ਬੱਚੇ ਦੀ ਕਿਸੇ ਖ਼ਾਸ ਮੁਸ਼ਕਲ ਦਾ ਹੱਲ ਕਰਨ ਲਈ ਸਕੂਲ ਜਾ ਕੇ ਅਮਲੇ ਨਾਲ ਕੰਮ ਕਰਨਾ ਚਾਹੀਦਾ ਹੈ। ਇਸ ਨੂੰ ਉਤਸਾਹਿਤ ਕੀਤਾ ਜਾ ਸਕਦਾ ਹੈ ਜੇ ਸਮਾਜਕ ਮੰਤਵਾਂ, ਛੋਟੀਆਂ ਮਿਲਣੀਆਂ ਅਤੇ ਵਿਦਿਆਰਥੀ, ਮਾਪੇ ਅਤੇ ਅਧਿਆਪਕ ਜਾਂ ਇਲਾਜ ਕਰਨ ਵਾਲਿਆਂ ਲਈ ਸਥਾਨ ਮੁਹੱਈਆ ਕਰਵਾਇਆ ਜਾਵੇ।

● ਅਪੰਗਤਾ ਵਾਲੇ ਬਹੁਤ ਸਾਰੇ



*ਜਮਾਤ ਦੇ ਕਮਰੇ ਵਿੱਚ ਇੱਕ ਕੋਨਾ, ਜਿਥੇ ਸਕੂਲ ਵਿੱਚ ਸਵੈ-ਸਵੱਛਤਾ ਅਤੇ ਸਵੈ-ਸਹਾਇਤਾ ਦੀ ਸਿੱਖਿਆ ਦਿੱਤੀ ਜਾਂਦੀ ਹੈ।*



*ਸਪਰਸ਼ ਦੇ ਅਹਿਸਾਸ ਲਈ ਕੰਧ ਉਤੇ ਵੱਖ-ਵੱਖ ਬਣਤਰਾਂ, ਕੰਧ, ਫਰਸ਼, ਛੱਤਾਂ, ਸਾਰੇ ਹੀ ਬੱਚਿਆਂ ਲਈ ਸਿੱਖਣ ਦੇ ਯੰਤਰ ਦਾ ਕੰਮ ਕਰ ਸਕਦੇ ਹਨ।*

ਵਿਦਿਆਰਥੀਆਂ ਦੇ ਸਿੱਖਿਆ ਪਾਠਕ੍ਰਮ ਵਿੱਚ ਰੋਜ਼ਾਨਾ ਦੀਆਂ ਸਰਗਰਮੀਆਂ ਜਿਵੇਂ ਦੁਕਾਨ ਤੋਂ ਸਮਾਨ ਖਰੀਦਣਾ, ਸੜਕ ਪਾਰ ਕਰਨਾ ਅਤੇ ਜਨਤਕ ਆਵਾਜਾਈ ਦਾ ਇਸਤੇਮਾਲ ਕਰਨਾ ਸ਼ਾਮਲ ਹੁੰਦਾ ਹੈ। ਇਸ ਪ੍ਰਕਾਰ ਭਾਈਚਾਰਕ ਸਰਗਰਮੀਆਂ ਲਈ ਨੇੜਲਾ ਸਥਾਨ ਸਿੱਖਿਆ ਸੰਸਥਾਨਾਂ ਲਈ ਇੱਕ ਫ਼ਾਇਦਾ ਹੁੰਦਾ ਹੈ। ਸਕੂਲਾਂ ਨੂੰ ਅਜਿਹੇ ਹੁਨਰਾਂ ਦੀ ਸਿਖਲਾਈ ਨੂੰ ਉਤਸਾਹਿਤ ਕਰਨ ਲਈ ਵਾਤਾਵਰਨ ਦਾ ਨਿਰਮਾਣ ਕਰਨਾ ਚਾਹੀਦਾ ਹੈ। ਇਸ ਨਾਲ ਭਾਈਚਾਰਿਆਂ ਵਿੱਚ ਇਕਦਮ ਏਕੀਕਰਨ ਹੋਵੇਗਾ ਅਤੇ ਨਾਲ ਦੀ ਨਾਲ ਅਪੰਗਤਾ ਦੇ ਸ਼ਿਕਾਰ ਬੱਚਿਆਂ ਲਈ ਸਿਖਲਾਈ ਅਤੇ ਰੋਜ਼ਗਾਰ ਦੇ ਮੌਕੇ ਵੀ ਪੈਦਾ ਹੋਣਗੇ।

- ਅਪੰਗਤਾ ਦੇ ਸ਼ਿਕਾਰ ਬੱਚੇ ਵਾਤਾਵਰਨ ਵਿੱਚ ਜ਼ਿਆਦਾ ਖ਼ਤਰੇ ਹੇਠ ਰਹਿੰਦੇ ਹਨ। ਨਿਰੰਤਰ ਨਿਗਰਾਨੀ ਮੁਸ਼ਕਲ ਵੀ ਹੈ ਅਤੇ ਨਿੱਜੀ ਜ਼ਿੰਦਗੀ ਵਿੱਚ ਘੁਸਪੈਠ ਵਾਲੀ ਵੀ। ਇਸ ਕਰਕੇ ਵਾਤਾਵਰਨ ਦੀ ਚੰਗੀ ਤਰ੍ਹਾਂ ਸਮੀਖਿਆ ਕਰਕੇ ਖ਼ਤਰਿਆਂ ਤੋਂ ਬਚਾਅ ਕਰਨਾ ਚਾਹੀਦਾ ਹੈ। ਸਿੱਖਿਆ ਵਾਤਾਵਰਨ ਵਿੱਚ ਸੁਰੱਖਿਆ ਲਈ ਬਚ ਕੇ ਨਿਕਲਣ ਦੇ ਰਸਤੇ, ਜੰਗਲੇ, ਉਚਾਈਆਂ, ਤਿੱਖੇ ਕਿਨਾਰੇ, ਨਾ ਤਿਲਕਣ ਵਾਲੀ ਸਤਹਿ, ਬਿਜਲੀ ਦੀਆਂ ਦੁਕਾਨਾਂ, ਟੁੱਟਣ ਵਾਲੀਆਂ ਚੀਜ਼ਾਂ, ਗ਼ੈਰ-ਜ਼ਹਿਰੀਲੇ ਪਦਾਰਥਾਂ ਆਦਿ ਲਈ ਤੌਖਲੇ ਹੋਣੇ ਚਾਹੀਦੇ ਹਨ।


- ਸਿੱਖਿਆ ਜ਼ਰੂਰਤਾਂ ਤੋਂ ਇਲਾਵਾ ਅਪੰਗਤਾ ਦੇ ਸ਼ਿਕਾਰ ਬੱਚਿਆਂ ਦੇ ਬਹੁਤ ਸਾਰੇ ਵਿਹਾਰ ਦੇ ਮੁੱਦੇ ਵੀ ਹੁੰਦੇ ਹਨ ਜੋ ਉਨ੍ਹਾਂ ਦੇ ਸਿੱਖਣ ਨੂੰ ਪ੍ਰਭਾਵਤ ਕਰਦੇ ਹਨ। ਇੱਕ ਸੁਰੱਖਿਅਤ ਵਾਤਾਵਰਨ, ਸ਼ਾਂਤ ਕਮਰੇ, ਨਿਗਰਾਨੀ ਲਈ ਥਾਵਾਂ, ਵਿਸ਼ਾਲ ਤੇ ਚਿਰਸਥਾਈ ਸਾਜ਼ ਸਮਾਨ ਅਧਿਆਪਕਾਂ ਦੀ ਅਜਿਹੇ ਮੁੱਦਿਆਂ ਨਾਲ ਨਜਿੱਠਣ 'ਚ ਮਦਦ ਕਰਦੇ ਹਨ।

- ਅਪੰਗਤਾ ਵਾਲੇ ਬੱਚਿਆਂ ਦੀ ਉਨ੍ਹਾਂ ਦੀ ਵਿਅਕਤੀਗਤ ਸਿੱਖਿਆ ਯੋਜਨਾ ਮੁਤਾਬਕ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਦੇ ਹੁੰਗਾਰਿਆਂ ਨੂੰ ਦਰਜ ਕਰਕੇ ਅਧਿਆਪਕਾਂ ਵਲੋਂ ਨਿਰੰਤਰ ਪੜਚੋਲ ਕਰਨੀ ਚਾਹੀਦੀ ਹੈ ਤਾਂ ਕਿ ਅਧਿਆਪਨ ਦੀ ਪ੍ਰਭਾਵਿਕਤਾ ਦੀ ਸਮੀਖਿਆ ਕੀਤੀ ਜਾ ਸਕੇ। ਉਹ ਸਥਾਨ ਜੋ ਅਧਿਆਪਕਾਂ ਨੂੰ ਵੱਖ-ਵੱਖ ਯੰਤਰ ਅਤੇ ਅੰਕੜਾ ਕਾਗ਼ਜ਼ ਵਰਤਣ ਵਿੱਚ ਮਦਦ ਕਰਦੇ ਹਨ ਤਾਂ ਕਿ ਵਿਦਿਆਕ ਕਾਰਗੁਜ਼ਾਰੀ ਦਾ ਦਸਤਾਵੇਜ਼ੀਕਰਨ ਕੀਤਾ ਜਾ ਸਕੇ, ਇਹ ਅਧਿਆਪਕਾਂ ਨੂੰ ਮੁਹੱਈਆ ਕਰਵਾਉਣੇ ਚਾਹੀਦੇ ਹਨ।

## ਚਰਚਾ

ਵਡੇਰੇ ਸੰਦਰਭ ਵਿੱਚ ਸਿੱਖਿਆ ਦਾ ਮਤਲਬ ਵਿਦਿਆਰਥੀਆਂ ਨੂੰ ਅਜਿਹਾ ਵਾਤਾਵਰਨ ਤੇ ਮੌਕੇ ਪ੍ਰਦਾਨ ਕਰਨਾ ਹੈ ਜਿਸ ਨਾਲ ਉਹ ਗਿਆਨ ਅਤੇ ਹੁਨਰ ਪ੍ਰਾਪਤ ਕਰਕੇ ਇਸ ਨੂੰ ਸਮਾਜ ਵਿੱਚ ਲਾਭਕਾਰੀ ਅਤੇ ਅਜ਼ਾਦ ਜ਼ਿੰਦਗੀ ਜਿਉਣ ਲਈ ਅਮਲ ਵਿੱਚ ਲਿਆ ਸਕਣ। ਇਹ ਟੀਚੇ ਅਪੰਗ ਅਤੇ ਗ਼ੈਰ-ਅਪੰਗ ਵਿਅਕਤੀਆਂ ਉਤੇ ਲਾਗੂ ਹੁੰਦੇ ਹਨ ਪਰ ਜਿਹੜਾ ਵਾਤਾਵਰਨ ਬੱਚਿਆਂ ਨੂੰ ਵੱਖ-ਵੱਖ ਕਰਦਾ ਹੈ ਉਹ ਭੇਦ-ਭਾਵ ਹੀ ਸਿਖਾਉਂਦਾ ਹੈ ਜਦ ਕਿ ਸਮਾਵੇਸ਼ੀ ਸਿੱਖਿਆ ਵਾਲਾ ਵਾਤਾਵਰਨ ਸਮਾਵੇਸ਼ੀ ਸਿਖਾਉਂਦਾ ਹੈ। ਸਾਰੇ ਬੱਚੇ ਪਹਿਲਾਂ ਵਿਦਿਆਰਥੀ ਹਨ, ਬਾਅਦ ਵਿੱਚ ਅਪੰਗ ਸਮਾਵੇਸ਼ੀ ਵਾਤਾਵਰਨ ਵਿੱਚ ਉਨ੍ਹਾਂ ਦੀ ਸਿੱਖਿਆ ਇਸ ਗੱਲ ਉਤੇ ਅਧਾਰਤ ਹੋਣੀ ਚਾਹੀਦੀ ਹੈ ਕਿ ਉਹ ਕੀ ਕਰ ਸਕਦੇ ਹਨ ਨਾ ਕਿ ਉਹ ਕੀ ਨਹੀਂ ਕਰ ਸਕਦੇ ਤਾਂ ਜੋ ਇਸ ਨੂੰ ਇਕ ਸਫਲ ਅਨੁਭਵ ਬਣਾਇਆ ਜਾ ਸਕੇ। ਹਰੇਕ ਬੱਚੇ ਦੇ ਅਨੁਭਵ ਨੂੰ ਹੋਰ ਅਮੀਰ ਕਰਨ ਲਈ ਸਾਰੀ ਇਮਾਰਤ ਦੇ ਅੰਦਰਲੇ ਅਤੇ ਬਾਹਰਲੇ ਹਿੱਸੇ ਨੂੰ ਇੱਕ ਵਿਸ਼ਾਲ ਅਧਿਆਪਨ ਯੰਤਰ ਦੇ ਤੌਰ ਤੇ ਵਿਚਾਰਿਆ ਤੇ ਵਰਤਿਆ ਜਾਣਾ ਚਾਹੀਦਾ ਹੈ। ਇਸ ਦੇ ਅੰਦਰ ਹੀ ਛੋਟੇ ਅਧਿਆਪਨ ਯੰਤਰ ਅਤੇ ਅਧਿਆਪਕ ਆਉਂਦੇ ਹਨ ਜੋ ਅਜਿਹੇ ਅਨੁਭਵਾਂ ਦਾ ਨਿਰਮਾਣ ਕਰਦੇ ਹਨ ਜੋ ਬੱਚਿਆਂ ਦੀ ਦਿਲਚਸਪੀ ਜਗਾ ਕੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਕੇ ਅਜ਼ਾਦ ਜੀਵਨ ਜਿਉਣ ਲਈ ਪ੍ਰੇਰਦੇ ਹਨ। ਫਰਸ਼, ਕੰਧਾਂ, ਛੱਤਾਂ, ਸਿੱਖਣ ਵਾਲੀ ਥਾਂ, ਲਾਂਘੇ ਅਤੇ ਪਖ਼ਾਨੇ ਸਾਰੇ ਹੀ ਜ਼ਰੂਰੀ ਹਨ ਅਤੇ ਅਧਿਆਪਨ ਯੰਤਰਾਂ ਦੇ ਵਰਤੋਂ ਯੋਗ ਹਿੱਸੇ ਹਨ।

ਸਿੱਖਿਆ ਦੇ ਸਥਾਨ ਸਮਾਵੇਸ਼ੀ ਰੂਪਰੇਖਾ ਬਣਾਉਣ ਲਈ ਸਭ ਤੋਂ ਯੋਗ ਹਨ। ਸਿੱਖਿਆ ਦੇਣ ਵਾਲਿਆਂ ਨੂੰ ਅਪੰਗਤਾ ਵਾਲੇ ਵਿਅਕਤੀਆਂ ਦੀ ਸ਼ਮੂਲੀਅਤ ਦੇ ਹਮਾਇਤੀ ਬਣਨਾ ਚਾਹੀਦਾ ਹੈ ਅਤੇ ਸਮਾਵੇਸ਼ੀ ਪਹੁੰਚ ਨਾ ਸਿਰਫ਼ ਭੌਤਿਕ ਵਾਤਾਵਰਨ ਉਤੇ ਹੀ ਲਾਗੂ ਕਰਨੀ ਚਾਹੀਦੀ ਹੈ ਸਗੋਂ ਉਪਕਰਨਾਂ, ਪਾਠਕ੍ਰਮ ਅਤੇ ਹਦਾਇਤਾਂ ਉਤੇ ਵੀ ਇਸ ਨੂੰ ਲਾਗੂ ਕਰਨਾ ਚਾਹੀਦਾ ਹੈ। ਬਹੁਤ ਸਾਰੇ ਸਕੂਲ ਤੇ ਵਿਸ਼ਵਵਿਦਿਆਲੇ, ਜਿਥੇ ਸਮਾਵੇਸ਼ੀ ਰੂਪਰੇਖਾ ਨੇ ਸਫਲ ਸਿੱਖਿਆ ਵਾਤਾਵਰਨ ਦਾ ਨਿਰਮਾਣ ਕੀਤਾ ਹੈ, ਨੇ ਇਹ ਨੋਟ ਕੀਤਾ ਹੈ ਕਿ ਨਤੀਜਤਨ ਸਮਾਵੇਸ਼ੀ ਦੂਸਰੇ ਖੇਤਰਾਂ ਦੀ ਵੀ ਮਦਦ ਕਰਦਾ ਹੈ ਜਿਵੇਂ ਬਹੁ-ਸੱਭਿਆਚਾਰਵਾਦ ਅਤੇ ਗ਼ੈਰ-ਵਿਤਕਰੇਬਾਜ਼ੀ। ਵਿਦਿਆਰਥੀ ਛੋਟੀ ਉਮਰੇ ਸਮਾਵੇਸ਼ ਸਿੱਖਿਆ ਦਾ ਅਨੁਭਵ ਕਰਕੇ ਸਮਾਵੇਸ਼ੀ ਵਾਤਾਵਰਨ ਦੇ ਲਾਭ ਸਿੱਖਦੇ ਹਨ। ਇਸ ਦਾ ਸਿੱਟਾ ਅਖੀਰ ਵਿੱਚ ਸਮਾਵੇਸ਼ੀ ਸਮਾਜ ਦੇ ਰੂਪ ਵਿੱਚ ਨਿਕਲਦਾ ਹੈ। ਜਦੋਂ ਅਸੀਂ ਭਾਰਤ ਵਿੱਚ ਸਮਾਵੇਸ਼ੀ ਸਿੱਖਿਆ ਨਾਲ ਅੱਗੇ ਵਧ ਰਹੇ ਹਾਂ, ਤਾਂ ਸਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਸਿੱਖਿਆ ਵਾਤਾਵਰਨ ਸਮਾਜ ਦੀ ਇੱਕ ਅਜਿਹੀ ਦ੍ਰਿਸ਼ਟੀ ਨੂੰ ਨਿਰੰਤਰ ਪ੍ਰੇਰਿਤ ਕਰਦੇ ਰਹਿਣ ਜੋ ਨਿੱਜੀ ਮੱਤਭੇਦਾਂ ਦਾ ਸਨਮਾਨ ਵੀ ਕਰਦੀ ਹੋਵੇ ਅਤੇ ਇਨ੍ਹਾਂ ਨੂੰ ਮਨਾਉਂਦੀ ਹੋਵੇ।



ਸਤਹਿ ਵਿੱਚ ਤਬਦੀਲੀਆਂ ਨੂੰ ਢਲਾਨ ਦੇਣੀ ਚਾਹੀਦੀ ਹੈ, ਇਹ ਬੱਚਿਆਂ ਲਈ ਮਦਦਗਾਰ ਹੁੰਦੀ ਹੈ।



ਵੱਖ-ਵੱਖ ਉਚਾਈ ਦੇ ਬੱਚਿਆਂ ਦੀ ਸਹੂਲਤ ਲਈ ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਜੋ ਵੀਲ੍ਹ ਚੇਅਰ ਵਾਲੇ ਬੱਚਿਆਂ ਲਈ ਵੀ ਮਦਦਗਾਰ ਹਨ।

*(ਲੇਖਕ ਡਿਪਾਰਟਮੈਂਟ ਆਫ ਆਰਕੀਟੈਕਚਰ, ਸਕੂਲ ਆਫ ਪਲਾਨਿੰਗ ਐਂਡ ਆਰਕੀਟੈਕਚਰ, ਭੋਪਾਲ ਵਿੱਚ ਪ੍ਰੋਫੈਸਰ ਅਤੇ ਮੁੱਖੀ ਹਨ।)*

*e-mail :khare_rachna@hotmail.com*

# ਅਸਮਰੱਥ ਵਿਅਕਤੀਆਂ ਲਈ ਸਮਾਜਕ ਸ਼ਮੂਲੀਅਤ : ਮੁੱਦੇ ਤੇ ਰਣਨੀਤੀਆਂ

ਡਾ. ਸੰਧਿਆ ਲਿਮਏ

ਸਮਾਜਕ ਵਾਂਝੇਪਨ ਦੇ ਉਲਟ ਸਮਾਜਕ ਰਲੇਵਾਂ ਸਮਾਜਕ ਧਾਰਾ ਤੋਂ ਬਾਹਰ ਰੱਖੇ ਜਾਣ ਸਬੰਧੀ ਸਥਿਤੀਆਂ ਅਤੇ ਆਦਤਾਂ ਖ਼ਿਲਾਫ਼ ਨਿਸ਼ਚੇਬਧ ਕਾਰਵਾਈ ਹੈ। ਵਿਸ਼ਵ ਬੈਂਕ ਸਮਾਜਕ ਰਲੇਵੇਂ ਨੂੰ ਆਪਣੀ ਸ਼ਨਾਖਤ ਦੇ ਅਧਾਰ ਉਤੇ ਮੁਥਾਜੀ ਝੱਲ ਰਹੇ ਲੋਕਾਂ ਦੀ ਸਮਰੱਥਾ, ਮੌਕੇ ਅਤੇ ਸਵੈ-ਮਾਣ ਨੂੰ ਸੁਧਾਰਨ ਦਾ ਅਮਲ ਹੈ ਤਾਂ ਕਿ ਉਹ ਸਮਾਜ ਵਿੱਚ ਸ਼ਾਮਲ ਹੋ ਸਕਣ।

ਅੰਤਰਰਾਸ਼ਟਰੀ ਪ੍ਰਸੰਗ ਵਿੱਚ ਅਸਮਰੱਥ ਲੋਕਾਂ ਨੂੰ ਸਭ ਤੋਂ ਵੱਡੇ ਘੱਟ ਗਿਣਤੀ ਸਮੂਹਾਂ ਵਿੱਚੋਂ ਇੱਕ ਮੰਨਿਆ ਗਿਆ ਹੈ ਜੋ ਨਜ਼ਰਅੰਦਾਜ਼ੀ, ਵਿਹੂਣਾਪਨ, ਵੱਖਰਾਪਨ ਅਤੇ ਅਲਹਿਦਗੀ ਦੇ ਸ਼ਿਕਾਰ ਰਹੇ ਹਨ। 20ਵੀਂ ਸਦੀ ਦੇ ਦੂਜੇ ਅੱਧ ਦੇ ਅੰਤਲੇ ਸਮੇਂ ਦੌਰਾਨ ਬਹੁਤੇ ਦੇਸ਼ਾਂ ਨੇ ਮਨੁੱਖੀ ਹੱਕਾਂ ਦੀ ਧਾਰਨਾ ਉਤੇ ਚਲਦਿਆਂ ਸਰਕਾਰੀ ਅਤੇ ਗ਼ੈਰ-ਸਰਕਾਰੀ ਯਤਨਾਂ ਰਾਹੀਂ ਅਸਮਰੱਥ ਵਿਅਕਤੀਆਂ ਨੂੰ ਭਲਾਈ ਅਤੇ ਸੰਸਥਾਗਤ ਸੇਵਾ-ਸੰਭਾਲ ਤੋਂ ਲੈ ਕੇ ਇਲਾਜ ਅਤੇ ਮੁੜ ਵਸੇਬਾ ਸਬੰਧੀ ਸਹਾਇਕ ਕਾਰਵਾਈਆਂ ਕੀਤੀਆਂ ਹਨ। ਭਾਰਤ ਦੀ ਸੁਤੰਤਰਤਾ ਤੋਂ ਬਾਅਦ ਸਰਕਾਰ ਨੇ ਹਾਸ਼ੀਏ ਉਤੇ ਪਏ ਪਰ ਗਿਣਤੀ ਵਿੱਚ ਮਹਿਸੂਸ ਹੋਣ ਵਾਲੇ ਇਸ ਧੜੇ ਵੱਲ ਆਪਣੀ ਜ਼ਿੰਮੇਵਾਰੀ ਨੂੰ ਪ੍ਰਵਾਨ ਕਰਦਿਆਂ ਅਸਮਰੱਥ ਵਿਅਕਤੀਆਂ ਦੀ ਭਲਾਈ ਅਤੇ ਮੁੜ-ਵਸੇਬੇ ਲਈ ਕਈ ਪ੍ਰੋਗਰਾਮ ਉਲੀਕੇ ਹਨ।

ਅਸਮਰੱਥ ਵਿਅਕਤੀ ਵਿਹਾਰਕ, ਸਰੀਰਕ ਅਤੇ ਸਮਾਜਕ ਪੱਧਰ ਉਤੇ ਵਿਆਪਕ ਔਕੜਾਂ ਦਾ ਸਾਹਮਣਾ ਕਰਦੇ ਹਨ ਜੋ ਸਮਾਜਕ ਰਲੇਵੇਂ ਦੀ ਰਾਹ ਵਿੱਚ ਰੁਕਾਵਟ ਹਨ। ਮਿਸਾਲ ਦੇ ਤੌਰ ਤੇ ਸਮਾਜ ਵਿੱਚ ਅਸਮਰੱਥਾ ਨੂੰ ਸਮਾਜਕ ਕਲੰਕ ਮੰਨਣ ਕਾਰਨ ਅਸਮਰੱਥ ਲੋਕਾਂ ਵੱਲ ਸਮਾਜ ਦਾ ਨਕਾਰਾਤਮਕ ਵਤੀਰਾ ਹੈ। ਸਮਾਜ ਇਸ ਵਿਸ਼ਵਾਸ ਨੂੰ ਲੈ ਕੇ ਚਲਦਾ ਹੈ ਕਿ ਕਿਸੇ ਵਿਅਕਤੀ ਵਿਚਲੀ ਅਸਮਰੱਥਾ ਉਸ ਦੇ ਭਾਗਾਂ ਜਾਂ ਪਿਛਲੇ ਪਾਪਾਂ ਦਾ ਫਲ ਹੈ ਅਤੇ ਰੱਬ ਵਲੋਂ ਦਿੱਤੀ ਗਈ ਸਜ਼ਾ ਹੋਣ ਕਾਰਨ ਕੋਈ ਵੀ ਇਸ ਸਥਿਤੀ ਨੂੰ ਪਰਤਾ ਨਹੀਂ ਸਕਦਾ। ਅਜਿਹੀਆਂ ਰੁਕਾਵਟਾਂ ਕੁੱਲ ਮਿਲਾ ਕੇ ਅਸਮਰੱਥ ਵਿਅਕਤੀਆਂ ਨੂੰ ਸਮਾਜ ਦੀ ਮੁੱਖਧਾਰਾ ਅਤੇ ਆਰਥਿਕਤਾ ਦੇ ਹਾਸ਼ੀਏ ਉਤੇ ਲਿਆ ਸੁੱਟਦੀਆਂ ਹਨ। ਸਮਰੱਥ ਜਾਂ ਆਮ ਲੋਕਾਂ ਦੇ ਮੁਕਾਬਲੇ ਇਹ ਅਸਮਰੱਥ ਲੋਕ ਰੋਜ਼ਾਨਾ ਦੀ ਜ਼ਿੰਦਗੀ ਵਿਚ ਕਈ ਪੱਧਰਾਂ ਉਤੇ ਘਾਟੇ ਵਿੱਚ ਰਹਿੰਦੇ ਹਨ। ਕਈ ਅਸਮਰੱਥ ਵਿਅਕਤੀਆਂ ਵਲੋਂ ਭੋਗੇ ਮਾੜੇ ਵਿਹਾਰਕ ਅਨੁਭਵਾਂ ਕਾਰਨ ਇਨ੍ਹਾਂ ਲੋਕਾਂ ਦੀ ਨਿੱਜੀ ਅਤੇ ਪਰਿਵਾਰਕ ਜ਼ਿੰਦਗੀ ਦਾ ਮਿਆਰ ਡਿੱਗਦਾ ਹੈ। ਇਨ੍ਹਾਂ ਵਿੱਚੋਂ ਕਈ ਆਪਣੇ ਆਪ ਨੂੰ ਬੇਲੋੜੇ ਅਤੇ ਵਖਰੇਵੇਂ ਦਾ ਸ਼ਿਕਾਰ ਮਹਿਸੂਸ ਕਰਦੇ ਹਨ ਅਤੇ ਸਮਾਜ ਵੀ ਉਨ੍ਹਾਂ ਨੂੰ ਇੱਕ ਬੋਝ ਮਹਿਸੂਸ ਕਰਦਾ ਹੈ। ਉਨ੍ਹਾਂ ਦੇ ਮਾਪਿਆਂ, ਔਲਾਦਾਂ ਅਤੇ ਭੈਣ-ਭਰਾਵਾਂ ਨੂੰ ਵੀ ਮਾੜੇ ਵਤੀਰੇ, ਗਰੀਬੀ ਅਤੇ ਸਮਾਜਕ ਵਖਰੇਵੇਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਨ੍ਹਾਂ ਵਿੱਚੋਂ ਕਈ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਕਾਫ਼ੀ ਊਰਜਾ ਸਮਾਜ ਦਾ ਸਾਹਮਣਾ ਕਰਨ ਵਿੱਚ ਹੀ ਖਪਤ ਹੋ ਜਾਂਦੀ ਹੈ ਜਦ ਕਿ ਆਪਣੀ ਮਦਦ ਲਈ ਉਨ੍ਹਾਂ ਨੂੰ ਸਮਾਜਕ ਆਸਰੇ ਦੀ ਲੋੜ ਸੀ।

ਸਮਾਜਕ ਰੂਪ ਵਿੱਚ ਹਾਸ਼ੀਏ ਉਤੇ ਪਏ ਰਹਿ ਜਾਣਾ ਸਮਾਜਕ ਅਲਹਿਦਗੀ ਦੇ ਮੂਲ ਵਿੱਚ ਹੈ ਜਿਸ ਕਾਰਨ ਇਹ ਲੋਕ ਨਿੱਜੀ, ਅੰਤਰ-ਨਿੱਜੀ ਅਤੇ ਸਮਾਜਕ ਪੱਧਰਾਂ ਉਤੇ ਭਰਪੂਰ ਸਮਾਜਕ ਜੀਵਨ ਜਿਉਣ ਤੋਂ ਵਾਂਝੇ ਰਹਿ ਜਾਂਦੇ ਹਨ। ਸਮਾਜਕ ਢਾਂਚੇ ਵਿੱਚ ਹਾਸ਼ੀਏ ਉਤੇ ਪਏ ਰਹਿ ਜਾਣ ਦੇ ਕਈ ਪੱਖ ਹਨ। ਅਸਮਰੱਥਾ ਕਾਰਨ ਬਹੁ-ਪੱਧਰੀ ਪਰੇਸ਼ਾਨੀਆਂ ਦੇ ਸ਼ਿਕਾਰ ਧੜਿਆਂ ਦੀਆਂ ਸਮੱਸਿਆਵਾਂ ਨੂੰ ਲਿੰਗਕ ਪੱਧਰ ਤੋਂ ਅੱਗੇ ਜਾ ਕੇ ਜਾਤ-ਪਾਤ, ਨਸਲ, ਧਰਮ, ਥਾਂ, ਇਲਾਕੇ ਜਿਹੇ ਸਮਾਜਕ ਕਾਰਕਾਂ ਰਾਹੀਂ ਸਮਝਿਆ ਗਿਆ ਹੈ। ਅਸਮਰੱਥ ਅਤੇ ਲਿੰਗ ਦੋਵੇਂ ਠੋਸ ਧਾਰਨਾਵਾਂ ਹਨ ਜੋ ਵਿਅਕਤੀ ਨੂੰ ਪੂਰਨ ਰੂਪ ਵਿੱਚ ਨਜ਼ਰਅੰਦਾਜ਼ ਕਰਦੀਆਂ ਹਨ। ਅਸਮਰੱਥ ਮਰਦ ਹੋਣ ਦਾ ਭਾਵ ਮਰਦਾਨਗੀ ਦੀ ਆਮ ਸਭਿਆਚਾਰਕ ਪਰਿਭਾਸ਼ਾ ਮੁਤਾਬਕ ਤਾਕਤ, ਸਰੀਰਕ ਸਮਰੱਥਾ ਅਤੇ ਨਿੱਜੀ ਸੁਤੰਤਰਤਾ ਵਿਚ ਅਸਫਲ ਰਹਿਣਾ ਹੈ। ਅਸਮਰੱਥ ਔਰਤ ਉਹ ਮੰਨੀ ਜਾਂਦੀ ਹੈ ਜੋ ਘਰ ਸਾਂਭਣ ਅਤੇ ਪਤਨੀ, ਮਾਂ ਵਜੋਂ ਆਪਣੀ ਭੂਮੀਕਾ ਨਾ ਨਿਭਾ ਸਕੇ ਅਤੇ ਸਰੀਰਕ ਦਿੱਖ ਦੇ ਪ੍ਰਸੰਗ ਵਿੱਚ ਸੁੰਦਰਤਾ ਅਤੇ ਇਸਤਰੀਪੁਣੇ ਦੇ ਤੈਅਸ਼ੁਦਾ ਨੇਮਾਂ ਉਤੇ ਪੂਰੀ ਨਾਂ ਉਤਰੇ। ਇਹ ਸਮਾਜਕ ਰੂਪ ਵਿੱਚ ਸਭ ਤੋਂ ਵੱਧ ਨੁੱਕਰੇ ਲਾਈ ਗਈ ਅਤੇ ਸਦੀਆਂ ਤੋਂ ਸਰੀਰਕ ਮਾਨਸਿਕ ਅਤੇ ਸਮਾਜਕ ਪੱਧਰਾਂ ਉਤੇ ਸ਼ੋਸ਼ਿਤ ਸ਼੍ਰੇਣੀ ਹੈ ਜੋ ਸੋਚ-ਸਮਝ ਕੇ ਨਜ਼ਰ-ਅੰਦਾਜ਼ ਕਰਨ, ਦੁਰਵਿਹਾਰ, ਕੁੱਟ-ਮਾਰ ਅਤੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਰਹੀ ਹੈ।

ਸਕੂਲ ਵਿੱਚ ਪੰਜਵੀਂ ਜਮਾਤ ਤੱਕ ਦੇ ਪੜ੍ਹਾਈ ਸਮੇਂ ਦੌਰਾਨ ਸਮਾਨ ਦਿਲਚਸਪੀਆਂ, ਸਕੂਲ ਸਰਗਰਮੀਆਂ ਅਤੇ ਖੇਡਾਂ ਰਾਹੀਂ ਦੋਸਤੀਆਂ ਕਾਇਮ ਹੁੰਦੀਆਂ ਹਨ। ਬਹੁਤੇ ਅਸਮਰੱਥ ਬੱਚੇ ਆਮ ਤੌਰ ਤੇ ਆਪਣੀ ਉਮਰ ਦੇ ਦੂਜੇ ਬੱਚਿਆਂ ਨਾਲ ਸਰਗਰਮੀਆਂ ਨਾਲ ਸੰਵਾਦ ਕਾਇਮ ਕਰਨ ਲਈ ਲੋੜੀਂਦੀ ਸਮਾਜਕ ਮਹਾਰਤ ਤੋਂ ਸੱਖਣੇ ਹੁੰਦੇ ਹਨ। ਅਜਿਹੀਆਂ ਦੋਸਤੀਆਂ ਬਣਨ ਦੀ ਮੁੱਖ ਲੋੜ ਦੂਜੇ ਅੱਗੇ ਆਪਣੇ ਮਨ ਦੇ ਭਾਵਾਂ ਨੂੰ ਪ੍ਰਗਟਾ ਸਕਣਾ ਹੈ। ਇਸ ਲੋੜ ਨੂੰ ਪੂਰਾ ਕਰਨ ਲਈ ਬੱਚੇ ਵਲੋਂ ਮੁੱਢਲੇ ਸਮਾਜਕ ਦਾਇਰੇ ਭਾਵ ਪਰਿਵਾਰ ਨਾਲ ਸੰਵਾਦ-ਸੰਚਾਰ ਅਤੇ ਸਬੰਧਾਂ ਦੀ ਉਸਾਰੀ ਦੀ ਲੋੜੀਂਦੀ ਮਹਾਰਤ ਸਿੱਖਣਾ ਅਤੇ

ਫਿਰ ਉਸ ਤੋਂ ਅਗਲੇਰੇ ਜਿਵੇਂ ਕਿ ਰਿਸ਼ਤੇਦਾਰੀ ਅਤੇ ਸਮਾਨ ਉਮਰ ਦੇ ਧੜੇ ਵੱਲ ਵਧਣਾ ਹੁੰਦਾ ਹੈ। ਵਿਹਾਰ ਦੀ ਸਮਾਜਕ ਸ਼ੈਲੀ ਬਚਪਨ ਦੇ ਅਰੰਭਕ ਜੀਵਨ ਸਮੇਂ ਦੌਰਾਨ ਬਣਦੀ ਹੈ। ਇਸ ਲਈ ਮੁਢਲੇ ਸਮਾਜਕ ਅਨੁਭਵਾਂ ਦਾ ਇਸ ਗੱਲ ਉਤੇ ਵੱਡਾ ਪ੍ਰਭਾਵ ਬਣਦਾ ਹੈ ਕਿ ਬੱਚਾ ਬਾਲਗ ਹੋ ਕੇ ਕਿਸ ਤਰ੍ਹਾਂ ਦਾ ਵਿਅਕਤੀ ਬਣੇਗਾ। ਬੌਧਿਕ ਅਤੇ ਸੁਣ ਸਕਣ ਦੀ ਅਸਮਰੱਥਾ ਦੇ ਸ਼ਿਕਾਰ ਬੱਚੇ ਆਪਣੇ ਆਸ-ਪਾਸ ਦੇ ਲੋਕਾਂ ਨਾਲ ਕਾਰਗਰ ਢੰਗ ਨਾਲ ਸੰਚਾਰ ਸਥਾਪਤ ਕਰਨ ਵਿੱਚ ਅਸਫਲ ਰਹਿੰਦੇ ਹਨ, ਜਿਸ ਨਾਲ ਉਹ ਆਪਣੇ ਆਪ ਨੂੰ ਹੀਣ ਮਹਿਸੂਸ ਕਰਦੇ ਹਨ ਅਤੇ ਇਸ ਨਾਲ ਉਨ੍ਹਾਂ ਦੇ ਸਮਾਜਕ ਰਲੇਵੇਂ ਉਤੇ ਮਾੜਾ ਅਸਰ ਪੈਂਦਾ ਹੈ। ਉਨ੍ਹਾਂ ਦੀ ਪਰੇਸ਼ਾਨੀ ਅਤੇ ਅਲਗ-ਥਲਗ ਮਹਿਸੂਸ ਕਰਨ ਦੀ ਭਾਵਨਾ ਵਿੱਚ ਹੋਏ ਵਾਧੇ ਦਾ ਮੂਲ ਕਾਰਨ ਅਤੇ ਸਭ ਤੋਂ ਵੱਡੀ ਸਮੱਸਿਆ ਮੁੱਖਧਾਰਾ ਵਾਲੇ ਸਮਾਜਕ ਢਾਂਚੇ ਵਲੋਂ ਪੇਸ਼ ਕੀਤੀਆਂ ਸੰਵਾਦ ਸਬੰਧਿਤ ਮੁਸ਼ਕਲਾਂ ਹਨ। ਦੂਜੇ ਪਾਸੇ ਨੇਤਰਹੀਣਤਾ ਅਤੇ ਗਤੀਸ਼ੀਲਤਾ ਅਸਮਰੱਥਾਵਾਂ ਕਾਰਨ ਆਉਣ ਵਾਲੀਆਂ ਮੁਸ਼ਕਲਾਂ ਅਤੇ ਸੀਮਾਵਾਂ ਨੂੰ ਸਮਾਜ ਅੱਗੇ ਪਰਿਭਾਸ਼ਤ ਕਰ ਸਕਣਾ ਸੌਖਾ ਹੈ ਅਤੇ ਇਸੇ ਕਰਕੇ ਸਮਾਜ ਇਨ੍ਹਾਂ ਸੀਮਾਵਾਂ ਨੂੰ ਲੈ ਕੇ ਕਾਫੀ ਵਧੇਰੇ ਪ੍ਰਵਾਨਗੀ ਵਾਲਾ ਰੁਝਾਨ ਰਖਦਾ ਹੈ ਅਤੇ ਨੇਤਰਹੀਣਤਾ ਜਾਂ ਗਤੀਸ਼ੀਲਤਾ ਅਸਮਰੱਥਾਵਾਂ ਦੇ ਸ਼ਿਕਾਰ ਵਿਅਕਤੀਆਂ ਬਾਰੇ ਤੈਅਸ਼ੁਦਾ ਵਤੀਰਾ ਰੱਖਦਾ ਹੈ। ਇਸ ਲਈ ਸਿਵਲ ਸਮਾਜ ਨੂੰ ਵੱਖ-ਵੱਖ ਅਸਮਰੱਥਾਵਾਂ ਦੇ ਸ਼ਿਕਾਰ ਵਿਅਕਤੀਆਂ ਨਾਲ ਸੰਵਾਦ ਰਚਾ ਸਕਣ ਦਾ ਮੌਕਾ ਦੇਣਾ ਮਹੱਤਵਪੂਰਨ ਹੈ ਅਤੇ ਇੰਝ ਉਨ੍ਹਾਂ ਦੀ ਮਦਦ ਕਰਕੇ ਸਮਾਜਕ ਰਲੇਵੇਂ ਦਾ ਰਾਹ ਲੱਭਿਆ ਜਾ ਸਕਦਾ ਹੈ।

ਆਮ ਸਮਾਜ ਦੇ ਚੰਗੀ ਸਾਖ ਵਾਲੇ ਲੋਕਾਂ ਵਲੋਂ ਵਰਤੀ ਜਾਂਦੀ ਭਾਸ਼ਾ ਅਸਮਰੱਥ ਵਿਅਕਤੀਆਂ ਨੂੰ ਇਹ ਮੰਨਣ ਲਈ ਜੋਰ ਪਾਉਂਦੀ ਹੈ ਕਿ ਆਪਣੀ ਅਜਿਹੀ ਸਥਿਤੀ ਲਈ ਉਹ ਖੁਦ ਜ਼ਿੰਮੇਵਾਰ ਹਨ। ਉਨ੍ਹਾਂ ਨੂੰ ਸਿੱਖਿਆ ਰੋਜ਼ਗਾਰ ਹਾਸਲ ਕਰਨ ਅਤੇ ਹੋਰਨਾਂ ਨਾਲ ਅਰਥਪੂਰਨ ਸੁਖਾਵੇਂ ਸਬੰਧ ਕਾਇਮ ਕਰਨ ਦਾ ਮੌਕਾ ਨਹੀਂ ਦਿੱਤਾ ਜਾਂਦਾ। ਗ਼ੈਰ-ਉਤਪਾਦਕ ਦਾ ਠੱਪਾ ਲਾ ਕੇ ਉਨ੍ਹਾਂ ਨੂੰ ਬੋਝ ਸਮਝਿਆ ਜਾਂਦਾ ਹੈ। ਕਈ ਅਸਮਰੱਥ ਵਿਅਕਤੀ ਸਥਾਨਕ ਭਾਈਚਾਰੇ ਅਤੇ ਆਰਥਿਕਤਾ ਵਿੱਚ ਅਸਰਦਾਇਕ ਯੋਗਦਾਨ ਪਾਉਣ ਵਿੱਚ ਅਸਫਲ ਰਹਿੰਦੇ ਹਨ ਜਦ ਕਿ ਸਹੀ ਰੂਪ ਵਿੱਚ ਮਦਦ ਦਿੱਤੀ ਜਾਣ ਉਤੇ ਉਹ ਕਾਰਜਸ਼ੀਲ ਹੁੰਦੇ ਹੋਏ ਸਰਗਰਮ ਹਿੱਸਾ ਲੈ ਸਕਦੇ ਹਨ। ਉਨ੍ਹਾਂ ਵਿੱਚੋਂ ਕਈ ਜੋ ਕਿ ਕੰਮ ਕਰਨ ਤੋਂ ਵਾਂਝੇ ਹਨ, ਮੌਕਾ ਦਿੱਤੇ ਜਾਣ ਦੀ ਸੂਰਤ ਵਿੱਚ ਮਹਾਰਤਾਂ ਅਤੇ ਸਮਰੱਥਾਵਾਂ ਦੀਆਂ ਵੱਡੀਆਂ ਸੰਭਾਵਨਾਵਾਂ ਵਿੱਚ ਤਬਦੀਲ ਹੋ ਸਕਦੇ ਹਨ। ਕੰਮਕਾਰ ਕਰਨ ਲਈ ਸ਼ਕਤੀਕਰਨ ਕੀਤੇ ਜਾਣ ਅਤੇ ਖੁਦ ਕਮਾਉਣ ਦੀ ਥਾਂ ਬਹੁਤ ਅਸਮਰੱਥ ਵਿਅਕਤੀਆਂ ਨੂੰ ਸਰਕਾਰੀ ਲਾਭ ਅਤੇ ਜਾਂ ਪਰਿਵਾਰਕ ਮਦਦ ਦੇ ਭਰੋਸੇ ਰਹਿਣ ਦਿੱਤਾ ਜਾਂਦਾ ਹੈ। ਉਨ੍ਹਾਂ ਦੇ ਜੀਵਨ ਵਿੱਚ ਆਰਥਿਕਤਾ ਦੇ ਪ੍ਰਸੰਗ ਵਿੱਚ ਮਾੜੀ ਸਥਿਤੀ ਕਾਰਨ ਉਹ ਬੁਢਾਪੇ ਲਈ ਬਚਤ ਨਹੀਂ ਕਰ ਸਕਦੇ ਅਤੇ ਉਨ੍ਹਾਂ ਦੀ ਮੁਸ਼ਕਲ ਸਥਿਤੀ ਬਦ ਤੋਂ ਬਦਤਰ ਹੁੰਦੀ ਜਾਂਦੀ ਹੈ।

ਸਰੀਰਕ ਰੁਕਾਵਟਾਂ ਦੇ ਪ੍ਰਸੰਗ ਵਿੱਚ, ਅਜਿਹੇ ਲੋਕਾਂ ਲਈ ਆਪਣੇ ਮੇਲ ਦਾ ਸੁਖਾਵਾਂ ਮਾਹੌਲ ਲਭਣਾ ਮੁਸ਼ਕਲ ਹੁੰਦਾ ਹੈ ਜਿਵੇਂ ਕਿ ਆਵਾਜਾਈ ਦੇ ਸਾਧਨ, ਪਹੁੰਚ ਯੋਗ ਇਮਾਰਤਾਂ ਆਦਿ। ਮੁੰਬਈ ਵਿੱਚ ਅਸਮਰੱਥ ਵਿਅਕਤੀਆਂ ਲਈ ਰੇਲਾਂ ਅਤੇ ਰੇਲਵੇ ਸਟੇਸ਼ਨਾਂ ਦੇ ਬੁਨਿਆਦੀ ਢਾਂਚੇ ਦੀ ਬਣਤਰ ਕਾਰਨ ਉਨ੍ਹਾਂ ਦਾ ਆ ਜਾ ਸਕਣਾ ਬਹੁਤ ਮੁਸ਼ਕਲ ਹੁੰਦਾ ਹੈ। ਇਸ ਗੱਲ ਵੱਲ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਅਸਮਰੱਥ ਵਿਅਕਤੀਆਂ ਨੂੰ ਵੀ ਹੋਰ ਸਮਰੱਥ ਵਿਅਕਤੀਆਂ ਵਾਂਗ ਰੇਲ ਆਦਿ ਵਿੱਚ ਸੁਰੱਖਿਅਤ ਸਫਰ ਕਰਨ ਦਾ ਹੱਕ ਹੈ ਅਤੇ ਉਨ੍ਹਾਂ ਨੂੰ ਇਹ ਵੀ ਹੱਕ ਹੈ ਕਿ ਉਹ ਆਪਣੀ ਅਸਮਰੱਥਾ ਦੀ ਵਿਆਪਕਤਾ ਨੂੰ ਦੇਖਦਿਆਂ ਰੇਲਵੇ ਬੋਰਡ ਨੂੰ ਲੋੜੀਂਦੀਆਂ ਸਹੂਲਤਾਂ ਮੁਹਈਆ ਕਰਨ ਲਈ ਕਹਿ ਸਕਣ।

ਵੱਖ-ਵੱਖ ਅਸਮਰੱਥ ਵਿਅਕਤੀਆਂ ਦੀਆਂ ਵੱਖ-ਵੱਖ ਲੋੜਾਂ ਦੇ ਪ੍ਰਸੰਗ ਵਿੱਚ ਸਰਕਾਰ ਵਲੋਂ ਨੀਤੀ ਢਾਂਚਾ ਤਿਆਰ ਕਰਨ ਜਾਂ ਸੇਵਾ ਪੂਰਤੀ ਕਰਨ ਲੱਗਿਆਂ ਇਸ ਸ਼੍ਰੇਣੀ ਨੂੰ ਧਿਆਨ ਵਿੱਚ ਨਹੀਂ ਰੱਖਦੇ ਅਤੇ ਉਨ੍ਹਾਂ ਨੂੰ ਸਲਾਹ-ਮਸ਼ਵਰੇ ਵਿੱਚ ਸ਼ਾਮਲ ਨਹੀਂ ਕਰਦੇ। ਅਸਮਰੱਥ ਵਿਅਕਤੀਆਂ ਨੂੰ ਬਹੁਤ ਵਾਰ ਇੰਝ ਮਹਿਸੂਸ ਹੁੰਦਾ ਹੈ ਕਿ ਉਹ ਇੱਕ ਖਿੰਡੀ ਹੋਈ, ਗੁੰਝਲਦਾਰ ਪ੍ਰਣਾਲੀ ਅਤੇ ਨੌਕਰਸ਼ਾਹੀ ਦਾ ਸਾਹਮਣਾ ਕਰ ਰਹੇ ਹਨ ਜੋ ਉਨ੍ਹਾਂ ਦੀਆਂ ਜੀਵਨ ਸਥਿਤੀਆਂ ਵਿੱਚ ਸੁਧਾਰ ਜਾਂ ਸਮਾਜਕ ਰਲੇਵੇਂ ਵਿੱਚ ਦਿਲਚਸਪੀ ਨਹੀਂ ਰੱਖਦੇ। ਅਜਿਹਾ ਰਾਜਸੀ ਅਤੇ ਕਨੂੰਨੀ ਸਿਲਸਿਲਾ ਉਨ੍ਹਾਂ ਨੂੰ ਆਮ ਸਮਾਜ ਤੋਂ ਦੂਰ ਕਰਦਾ ਹੈ, ਹਾਸ਼ੀਏ ਉਤੇ ਸੁੱਟਦਾ ਹੋਇਆ ਸਮਾਜਕ ਵਖਰੇਵੇਂ ਵੱਲ ਲੈ ਜਾਂਦਾ ਹੈ।

## ਰਣਨੀਤੀਆਂ

ਸਮਾਜਕ ਰਲੇਵੇਂ ਦੀ ਮੰਗ ਅਸਲ ਵਿੱਚ ਸਮਾਜ ਵਲੋਂ ਦਬਾਏ ਜਾਣ ਦਾ ਵਿਰੋਧ ਹੈ। ਅਸਮਰੱਥ ਵਿਅਕਤੀਆਂ ਨੂੰ ਸਮਾਜਕ ਸਥਿਤੀਆਂ ਦਾ ਸ਼ਿਕਾਰ ਬਣਾਏ ਜਾਣ ਅਤੇ ਉਨ੍ਹਾਂ ਦੇ ਸ਼ੋਸ਼ਣ ਉਤੇ ਰੋਕ ਲਗਾਉਣੀ ਬਹੁਤ ਜ਼ਰੂਰੀ ਹੈ। ਅਸਮਰੱਥ ਵਿਅਕਤੀਆਂ ਦਾ ਸ਼ਕਤੀਕਰਨ ਅਤੇ ਨਿਵਾਸ ਸਥਾਨਾਂ, ਭਾਈਚਾਰੇ ਅਤੇ ਕਾਰਜ ਸਥਾਨਾਂ ਆਦਿ ਉਤੇ ਨਾਗਰਿਕ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਮੌਕੇ ਦੇਣਾ, ਉਨ੍ਹਾਂ ਨੂੰ ਪੇਸ਼ ਮੁਸ਼ਕਲਾਂ ਨੂੰ ਦੂਰ ਕਰਨ ਦਾ ਤਰੀਕਾ ਹੈ। ਸਮਾਂ ਆ ਚੁੱਕਾ ਹੈ ਕਿ ਦੂਜਿਆਂ ਉਤੇ ਨਿਰਭਰਤਾ ਅਤੇ ਘੱਟ ਆਸ ਰੱਖਣ ਦੇ ਸਭਿਆਚਾਰ ਵਿਚੋਂ ਨਿਕਲਦਿਆਂ ਅਜਿਹੇ ਸਮਾਜ ਦੀ ਸਿਰਜਣਾ ਵੱਲ ਵਧਿਆ ਜਾਵੇ ਜਿਥੇ ਅਸੀ ਅਸਮਰੱਥ ਲੋਕਾਂ ਨੂੰ ਸਮਰੱਥ ਅਤੇ ਅਧਿਕ੍ਰਿਤ ਬਣਾ ਕੇ ਉਨ੍ਹਾਂ ਨੂੰ ਮੁੱਖ ਸਮਾਜਕ ਧਾਰਾ ਵਿੱਚ ਰਲਣ ਅਤੇ ਸਹਿਭਾਗਤਾ ਲਈ ਆਪਣੀ ਭੂਮਿਕਾ ਨਿਭਾਈਏ।

ਇਨ੍ਹਾਂ ਔਕੜਾਂ ਨੂੰ ਦੂਰ ਕਰਨਾ ਮਹਿਜ਼ ਸਰਕਾਰ ਦਾ ਕੰਮ ਨਹੀਂ ਸਗੋਂ ਰੋਜ਼ਗਾਰ ਦੇਣ ਵਾਲਿਆਂ, ਸਿਹਤ ਮਾਹਰਾਂ, ਸਿੱਖਿਆ ਦੇਣ ਵਾਲਿਆਂ, ਸਥਾਨਕ ਭਾਈਚਾਰਿਆਂ, ਅਸਮਰੱਥ ਵਿਅਕਤੀਆਂ ਨੂੰ ਖੁਦ ਅਤੇ ਸੇਵਾਵਾਂ ਅਤੇ ਸਹੂਲਤਾਂ ਉਪਲਬਧ ਕਰਾਉਣ ਵਾਲਿਆਂ ਸਭ ਨੂੰ ਇਸ ਸ਼੍ਰੇਣੀ ਦੀਆਂ ਜੀਵਨ ਸਥਿਤੀਆਂ ਸੁਧਾਰਨ ਅਤੇ ਭਰਪੂਰ ਸਮਾਜਕ ਰਲੇਵੇਂ ਲਈ ਮੁੱਖ ਭੂਮੀਕਾ ਨਿਭਾਉਣੀ ਚਾਹੀਦੀ ਹੈ। ਇਸ ਸੰਕਲਪ ਨੂੰ ਧਿਆਨ ਪੂਰਬਕ ਵਿਉਂਤ ਦੇ ਚੋਖੇ ਵਸੀਲੇ ਉਪਲਬਧ ਕਰਾਉਂਦਿਆਂ ਦੂਰ ਦ੍ਰਿਸ਼ਟੀ ਅਤੇ ਸਿਰਜਣਾਤਮਕ ਢੰਗ ਨਾਲ ਲਾਗੂ ਕੀਤਾ ਜਾਣਾ ਜ਼ਰੂਰੀ ਹੈ, ਜਿਵੇਂ ਕਿ ਹੇਠਾਂ ਦਿੱਤਾ ਗਿਆ ਹੈ।

1. ਵੱਖ-ਵੱਖ ਸਬੰਧਿਤ ਧਿਰਾਂ ਨੂੰ ਭਿੰਨ-ਭਿੰਨ ਅਸਮਰੱਥਾਵਾਂ ਤੇ ਉਨ੍ਹਾਂ ਨਾਲ ਸਬੰਧਤ ਲੋੜਾਂ ਅਤੇ ਅਜਿਹੇ ਵਿਅਕਤੀਆਂ ਦੀਆਂ ਸਮਰੱਥਾਵਾਂ ਬਾਰੇ ਜਾਗਰੂਕ ਕਰਨਾ ਅਤੇ ਸੰਵੇਦਨਸ਼ੀਲ ਬਣਾਉਣਾ।

2. ਡਾਕਟਰੀ ਨਾਲ ਸਬੰਧਤ ਪੇਸ਼ੇਵਰਾਂ, ਅਧਿਆਪਕਾਂ, ਨੌਕਰਸ਼ਾਹਾਂ, ਵਕੀਲਾਂ, ਰੋਜ਼ਗਾਰ ਦੇਣ ਵਾਲਿਆਂ, ਰੋਜ਼ਗਾਰ ਅਧਿਕਾਰੀਆਂ, ਸਥਾਨਕ

ਭਾਈਚਾਰਾ ਆਗੂਆਂ ਸਮੇਤ ਸਾਰੀਆਂ ਸਬੰਧਤ ਭਾਈਵਾਲ ਧਿਰਾਂ ਨੂੰ ਉਨ੍ਹਾਂ ਦੇ ਪੇਸ਼ੇ ਦੇ ਨਾਲ-ਨਾਲ ਵਿਸ਼ੇਸ਼ ਸਿਖਲਾਈ ਦੇਣਾ ਤਾਂ ਕਿ ਉਹ ਅਸਮਰੱਥਾ ਨੂੰ ਲੈ ਕੇ ਆਪਣੀ ਜਾਣਕਾਰੀ/ਗਿਆਨ ਵਿੱਚ ਵਾਧਾ ਕਰ ਸਕਣ, ਉਨ੍ਹਾਂ ਦੇ ਨਾਲ ਕੰਮ ਕਰਦਿਆਂ ਆਪਣੀ ਮਹਾਰਤ ਵਿਕਸਤ ਕਰ ਸਕਣ ਅਤੇ ਅਸਮਰੱਥਾ ਜਾਂ ਅਸਮਰੱਥ ਵਿਅਕਤੀਆਂ ਵੱਲ ਆਪਣੇ ਵਤੀਰੇ ਵਿੱਚ ਬਦਲਾਅ ਲਿਆ ਸਕਣ।

3. ਅਸਮਰੱਥ ਵਿਅਕਤੀਆਂ ਦੀਆਂ ਸਮਰਥਾਵਾਂ ਅਤੇ ਸੰਭਾਵੀ ਸ਼ਕਤੀਆਂ ਉਪਰ ਧਿਆਨ ਕੇਂਦਰਿਤ ਕਰਦਿਆਂ ਉਨ੍ਹਾਂ ਨੂੰ ਖੁਦ ਨੂੰ ਸਸ਼ਕਤ ਬਣਾਉਣ ਲਈ ਪ੍ਰੇਰਤ ਕਰਨਾ।

4. ਬੀ-ਬੈਡ ਅਤੇ ਐੱਮ-ਬੈਡ ਜਿਹੇ ਪੇਸ਼ੇਵਰ ਸਿੱਖਿਆ ਡਿਗਰੀਆਂ ਦੇ ਸਲੇਬਸ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਅਸਮਰੱਥਾਵਾਂ ਰੱਖਣ ਵਾਲੇ ਬੱਚਿਆਂ ਨੂੰ ਲੈ ਕੇ ਅਸਮਰਥਾ ਅਤੇ ਬਾਲ ਸਿੱਖਿਆ ਸਬੰਧੀ ਲਾਜ਼ਮੀ ਕੋਰਸ/ਪੇਪਰ ਸ਼ਾਮਲ ਕਰਨਾ।

5. ਅਸਮਰੱਥ ਵਿਅਕਤੀਆਂ ਨੂੰ ਇਸ ਖੇਤਰ ਦੇ ਮਾਹਰਾਂ ਅਤੇ ਮੁੱਖਧਾਰਾ ਨੀਤੀ ਦੀ ਮਦਦ ਨਾਲ ਸਮਾਜ ਵਿੱਚ ਆਪਣਾ ਯੋਗਦਾਨ ਪਾਉਣ ਲਈ ਉਪਲਬਧ ਮੌਕਿਆਂ ਤੱਕ ਪਹੁੰਚ ਬਣਾਉਣਾ। ਅਜਿਹਾ ਹੋਣ ਨਾਲ ਉਨ੍ਹਾਂ ਦਾ ਸਮਾਜਕ ਰਲੇਵਾਂ ਸੰਭਵ ਹੋ ਸਕੇਗਾ ਕਿਉਂਕਿ ਸਮਾਜ ਉਨ੍ਹਾਂ ਦੀਆਂ ਸਮਰੱਥਾਵਾਂ ਵਿੱਚ ਯਕੀਨ ਕਰੇਗਾ।

6. ਅਸਮਰੱਥ ਵਿਅਕਤੀਆਂ ਨੂੰ ਹੋਰਨਾਂ ਆਮ ਨਾਗਰਿਕਾਂ ਵਾਂਗ ਮੁੱਖਧਾਰਾ ਨੀਤੀ ਨਿਰਧਾਰਨ ਅਤੇ ਅਮਲੀ ਰੂਪ ਵਿੱਚ ਲਾਗੂ ਕਰਨ ਸਮੇਂ ਤੱਕ ਸਰਗਰਮ ਰੂਪ ਵਿੱਚ ਸਲਾਹ-ਮਸ਼ਵਰੇ ਵਿੱਚ ਸ਼ਾਮਲ ਕਰਨਾ ਹੋਵੇਗਾ।

7. ਸਰਕਾਰੀ ਸਹਾਇਤਾ ਅਤੇ ਸੇਵਾਵਾਂ ਵਾਲੇ ਅਸਮਰੱਥ ਵਿਅਕਤੀਆਂ ਦੀ ਮਦਦ ਦੇ ਸੰਕਲਪ ਨੂੰ ਬਦਲਣਾ ਹੋਵੇਗਾ। ਦੋਹਾਂ ਧਿਰਾਂ ਦਰਮਿਆਨ ਭਰਪੂਰ ਸਿਰਜਣਾਤਮਕ ਸੰਵਾਦ ਹੋਣਾ ਜ਼ਰੂਰੀ ਹੈ।

8. ਔਕੜ ਰਹਿਤ ਅਤੇ ਸ਼ਮੂਲੀਅਤ (ਸਮਾਜਕ ਰਲੇਵੇਂ) ਵਾਲੇ ਮਹੌਲ ਲਈ ਅੰਤਰ-ਰਾਸ਼ਟਰੀ ਮਾਣਕਾਂ ਨੂੰ ਪ੍ਰਵਾਨ ਕੀਤਾ ਜਾਵੇ।

*(ਲੇਖਕ ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸਿਜ਼ ਮੁੰਬਈ ਦੇ ਸਕੂਲ ਆਫ ਸੋਸ਼ਲ ਵਰਕ ਦੇ ਸੈਂਟਰ ਫਾਰ ਡਿਸਅਬਿਲਟੀ ਸਟਡੀਜ਼ ਐਂਡ ਐਕਸ਼ਨ ਵਿਖੇ ਐਸੋਸ਼ੀਏਟ ਪ੍ਰੋਫੈਸਰ ਹਨ)*

*e-mail :slimaye@tiss.edu*

***ਸਫ਼ਾ 10 ਦਾ ਬਾਕੀ***

***ਵਾਧੂ ਸਬਸਿਡੀ ਸਕੀਮ :*** ਕਾਰਪੋਰੇਸ਼ਨ ਨੇ ਸ਼ਕਤੀਕਰਨ ਵਿਭਾਗ ਵਿੱਚ ਅਸਮਰੱਥ ਵਿਅਕਤੀਆਂ ਬਾਰੇ ਸ਼ਾਖਾ ਨਾਲ ਸਲਾਹ-ਮਸ਼ਵਰੇ ਰਾਹੀਂ ਐੱਨ ਐੱਚ ਐੱਫ ਡੀ ਸੀ ਦੇ ਕਰਜ਼ੇ ਹੇਠ ਇਕ ਵੱਖਰੀ ਸਬਸਿਡੀ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ। ਭਾਰਤ ਸਰਕਾਰ ਵਲੋਂ ਮਨਜ਼ੂਰੀ ਮਿਲ ਜਾਣ ਤੋਂ ਬਾਅਦ ਇਸ ਵੱਖਰੀ ਸਬਸਿਡੀ ਦੀ ਮਦਦ ਨਾਲ ਅਸਮਰੱਥ ਵਿਅਕਤੀ ਕਰਜ਼ੇ ਵਿੱਚ 35 ਪ੍ਰਤਿਸ਼ਤ ਸਬਸਿਡੀ ਪ੍ਰਾਪਤ ਕਰਨ ਦਾ ਲਾਭ ਹਾਸਲ ਕਰ ਸਕਣਗੇ।

***ਬੈਂਕਿੰਗ ਚੈਨਲ ਨਾਲ ਗੱਠਜੋੜ :*** ਐੱਨ ਐੱਚ ਐੱਫ ਡੀ ਸੀ ਨੇ ਵੱਖ-ਵੱਖ ਬੈਂਕਾਂ ਨਾਲ ਸਮਝੌਤੇ ਕਰਦਿਆਂ ਆਪਣੀ ਪਹੁੰਚ ਵਧਾਉਣੀ ਸ਼ੁਰੂ ਕੀਤੀ ਹੈ ਤਾਂ ਕਿ ਅਸਮਰੱਥ ਵਿਅਕਤੀ ਭਾਈਵਾਲ ਬੈਂਕਾਂ ਦੀਆਂ ਸ਼ਾਖਾਵਾਂ ਰਾਹੀਂ ਘੱਟ ਵਿਆਜ ਦਰਾਂ ਉਤੇ ਛੂਟ ਵਾਲੇ ਕਰਜੇ ਲੈ ਸਕਣ ਅਤੇ ਇਹ ਪਹਿਲਾਂ ਹੀ 5 ਸਰਕਾਰੀ ਖੇਤਰ ਬੈਂਕਾਂ (ਪੰਜਾਬ ਨੈਸ਼ਨਲ ਬੈਂਕ, ਆਂਧਰਾ ਬੈਂਕ, ਆਈ ਡੀ ਬੀ ਆਈ ਬੈਂਕ, ਬੈਂਕ ਆਫ ਬੜੌਦਾ, ਸਟੇਟ ਬੈਂਕ ਆਫ ਹੈਦਰਾਬਾਦ) ਨਾਲ ਸਮਝੌਤਿਆਂ ਉਤੇ ਦਸਤਖ਼ਤ ਕਰ ਚੁੱਕੀ ਹੈ। ਇਸ ਤੋਂ ਇਲਾਵਾ ਇਸ ਨੇ ਕੁਝ ਰਾਜਾਂ (ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਉੱਤਰਾਖੰਡ, ਗੁਜਰਾਤ, ਹਰਿਆਣਾ, ਮਹਾਰਾਸ਼ਟਰ ਅਤੇ ਅਸਾਮ) ਦੇ 18 ਖੇਤਰੀ ਦਿਹਾਤੀ ਬੈਂਕਾਂ ਨਾਲ ਵੀ ਸਮਝੌਤੇ ਕੀਤੇ ਹਨ।

***ਗ਼ੈਰ ਬੈਂਕਿੰਗ ਆਰਥਿਕ ਕੰਪਨੀਆਂ (ਐੱਨ ਬੀ ਐੱਫ ਸੀ) ਮਾਇਕਰੋ ਫਾਇਨੈਸ ਸੰਸਥਾਵਾਂ (ਐੱਮ ਐੱਫ ਆਈ) ਨਾਲ ਗਠਜੋੜ :*** ਅਸਮਰੱਥ ਵਿਅਕਤੀਆਂ ਦੇ ਦਿਹਾਤੀ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਅਤੇ ਸ਼ਹਿਰਾਂ ਦੇ ਬਾਹਰੀ ਇਲਾਕਿਆਂ ਵਿੱਚ ਮੌਜੂਦਗੀ ਕਾਰਨ ਇਹ ਸੰਸਥਾਵਾਂ ਉਨ੍ਹਾਂ ਨਾਲ ਢੁੱਕਵੇਂ ਸੰਪਰਕ ਬਣਾ ਸਕਦੀਆਂ ਹਨ। ਐੱਨ ਐੱਚ ਐੱਫ ਡੀ ਸੀ ਨੇ ਇਨ੍ਹਾਂ ਸੰਸਥਾਵਾਂ ਰਾਹੀਂ ਅਸਮਰੱਥ ਵਿਅਕਤੀਆਂ ਨੂੰ ਘੱਟ ਦਰਾਂ ਉਤੇ ਕਰਜ਼ੇ ਦੇਣ ਲਈ ਅਤੇ ਨੇਮਾਂ ਵਿੱਚ ਕੁੱਝ ਛੋਟ ਦੇਣ ਲਈ ਭਾਰਤੀ ਰਿਜ਼ਰਵ ਬੈਂਕ ਨਾਲ ਗੱਲਬਾਤ ਸ਼ੁਰੂ ਕੀਤੀ ਹੈ।

***ਅਸਰਮੱਥ ਵਿਅਕਤੀਆਂ ਲਈ ਰੋਜ਼ਗਾਰ ਪੋਰਟਲ :*** ਐੱਨ ਐੱਚ ਐੱਫ ਡੀ ਸੀ ਨੇ ਭਾਰਤ ਸਰਕਾਰ ਵਿੱਚ ਸ਼ਕਤੀਕਰਨ ਵਿਭਾਗ ਦੀ ਅਸਮਰੱਥ ਵਿਅਕਤੀਆਂ ਲਈ ਸ਼ਾਖਾ ਨਾਲ ਮਿਲ ਕੇ ਅਸਮਰੱਥ ਵਿਅਕਤੀਆਂ ਨੂੰ ਰੋਜ਼ਗਾਰ ਦੇ ਮੌਕੇ, ਸਵੈ-ਰੋਜ਼ਗਾਰ ਕਰਜ਼ੇ, ਵਿਦਿਅਕ ਕਰਜ਼ੇ ਅਤੇ ਮੁਫ਼ਤ ਕੌਸ਼ਲ ਸਿਖਲਾਈ ਮੁਹਈਆ ਕਰਵਾਉਣ ਲਈ ਅਤੇ ਇਹ ਸਭ ਇਕੋ ਮੰਚ ਉਤੇ ਉਪਲਬਧ ਕਰਾਉਣ ਲਈ ਅਸਮਰੱਥ ਵਿਅਕਤੀਆਂ ਵਾਸਤੇ ਵਿਲੱਖਣ ਰੋਜ਼ਗਾਰ ਪੋਰਟਲ ਕਾਇਮ ਕੀਤੀ ਹੈ। ਇਸ ਦਾ ਰਮਸੀ ਉਦਘਾਟਨ ਸਮਾਜਕ ਨਿਆਂ ਅਤੇ ਸ਼ਕਤੀਕਰਨ ਬਾਰੇ ਕੇਂਦਰੀ ਮੰਤਰੀ ਵਲੋਂ 27 ਜਨਵਰੀ 2016 ਨੂੰ ਕੀਤਾ ਗਿਆ ਸੀ। ਅਸਮਰੱਥ ਵਿਅਕਤੀਆਂ ਨੂੰ ਹੋਰ ਤੇਜ਼ੀ ਨਾਲ ਆਰਥਿਕ ਮੁੱਖ ਧਾਰਾ ਨਾਲ ਜੋੜਨ ਲਈ ਇਹ ਇਕ ਵੱਡੀ ਕਾਰਵਾਈ ਹੈ ਜਿਸ ਵਿੱਚ ਇਨ੍ਹਾਂ ਵਿਅਕਤੀਆਂ ਦੀ ਵੱਖ-ਵੱਖ ਆਰਥਿਕ ਉਤਪਾਦਾਂ ਤੱਕ ਅਸਾਨੀ ਨਾਲ ਪਹੁੰਚ ਬਣਾਈ ਗਈ ਹੈ।

ਸਰਕਾਰ ਨੇ ਕੁੱਝ ਮਹੱਤਵਪੂਰਨ ਫੈਸਲੇ ਲਏ ਹਨ ਜੋ ਕਿ ਲੰਮੇ ਸਮੇਂ ਦੀ ਆਰਥਿਕ ਸ਼ਮੂਲੀਅਤ ਲਈ ਅਤੇ ਅਸਮਰੱਥ ਵਿਅਕਤੀਆਂ ਦੇ ਸ਼ਕਤੀਕਰਨ ਬਾਰੇ ਵਿਭਾਗ ਰਾਹੀਂ ਇਸ ਸ਼੍ਰੇਣੀ ਦੀ ਸਮੁੱਚੀ ਭਲਾਈ ਲਈ ਲਾਹੇਵੰਦ ਸਾਬਤ ਹੋਣਗੇ ਜਿਵੇਂ ਕਿ :

• 10 ਪ੍ਰਤਿਸ਼ਤ ਕਮਜ਼ੋਰ ਸ਼੍ਰੇਣੀ ਟੀਚੇ ਅਧੀਨ ਅਸਮਰੱਥ ਵਿਅਕਤੀਆਂ ਨੂੰ ਬੈਂਕਾਂ ਦੇ ਤਰਜੀਹੀ ਖੇਤਰ ਵਾਲੇ ਕਰਜ਼ੇ ਵਿੱਚ ਸ਼ਾਮਲ ਕਰਨਾ। • 350 ਰੁਪਏ ਸਲਾਨਾ ਦੇ ਲਗਭਗ ਮੁੱਲ ਨਾਲ ਅਸਮਰੱਥ ਵਿਅਕਤੀਆਂ ਲਈ ਆਤਮ-ਨਿਰਭਰ ਸਿਹਤ ਸਕੀਮ ਦੀ ਸ਼ੁਰੂਆਤ। • ਅਸਮਰੱਥ ਵਿਅਕਤੀਆਂ ਲਈ ਦਸਵੀਂ ਤੋਂ ਪਹਿਲਾਂ ਅਤੇ ਬਾਅਦ ਵਜ਼ੀਫਿਆਂ ਦਾ ਪ੍ਰਬੰਧ। • ਅਸਮਰੱਥ ਵਿਦਿਆਰਥੀਆਂ ਵਲੋਂ ਚੋਟੀ ਦੀ ਉੱਚੇਰੀ ਸਿੱਖਿਆ ਹਾਸਲ ਕਰਨ ਲਈ ਵਜ਼ੀਫੇ। • ਪਹੁੰਚ ਯੋਗ ਭਾਰਤ ਮੁਹਿੰਮ ਦੀ ਸ਼ੁਰੂਆਤ। • ਅਸਮਰੱਥ ਵਿਅਕਤੀਆਂ ਦੀ ਕੌਸ਼ਲ ਸਿਖਲਾਈ ਲਈ ਰਾਸ਼ਟਰੀ ਕਾਰਜ ਯੋਜਨਾ ਦੀ ਸ਼ੁਰੂਆਤ।

*(ਲੇਖਕ ਨੈਸ਼ਨਲ ਹੈਂਡੀਕੈਪਡ ਫਾਈਨਾਂਸ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਹਨ।)*

*e-mail :das.pcd.pareshchandra@gmail.com*

# ਦੇਖਣ ਦੀ ਸਮਰੱਥਾ

ਅਮਿਤ ਸਿੰਘ, ਕਪਿਲ ਕੁਮਾਰ

ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਡੀ ਸੀ) ਅਪੰਗਤਾ ਦੀ ਵਿਆਖਿਆ "ਸਰੀਰ ਜਾਂ ਦਿਮਾਗ਼ ਦੀ ਅਜਿਹੀ ਹਾਲਤ (ਨਕਸ਼) ਦੇ ਰੂਪ ਵਿੱਚ ਕਰਦਾ ਹੈ ਜੋ ਕਿਸੇ ਵਿਅਕਤੀ ਲਈ ਕੁੱਝ ਸਰਗਰਮੀਆਂ ਜਾਂ ਗਤੀਵਿਧੀਆਂ ਕਰਨੀਆਂ ਜ਼ਿਆਦਾ ਮੁਸ਼ਕਲ ਕਰ ਦਿੰਦੀ ਹੈ (ਸਰਗਰਮੀ ਸੀਮਤ ਹੋਣਾ) ਜਾਂ ਆਪਣੇ ਆਲੇ-ਦੁਆਲੇ ਦੀ ਦੁਨੀਆਂ ਨਾਲ ਮੇਲ-ਮਿਲਾਪ ਔਖਾ ਕਰ ਦਿੰਦੀ ਹੈ (ਭਾਗੀਦਾਰੀ ਦੀਆਂ ਪਾਬੰਦੀਆਂ)।"

ਬਹੁਤ ਸਾਰੀਆਂ ਅਪੰਗਤਾ ਦੀਆਂ ਕਿਸਮਾਂ ਹਨ ਜੋ ਕਿਸੇ ਵਿਅਕਤੀ ਦੀ ਨਜ਼ਰ, ਤੁਰਨ-ਫਿਰਨ, ਸੋਚਣ, ਯਾਦ-ਸ਼ਕਤੀ, ਸਿੱਖਣ, ਗੱਲਬਾਤ ਕਰਨ, ਸੁਣਨ, ਦਿਮਾਗ਼ੀ ਸਿਹਤ ਸਮਾਜਕ ਸਬੰਧਾਂ ਆਦਿ ਉਤੇ ਅਸਰਅੰਦਾਜ਼ ਹੁੰਦੀਆਂ ਹਨ। ਅਪੰਗਤਾ ਵੱਖ-ਵੱਖ ਵਿਅਕਤੀਆਂ ਨੂੰ ਵੱਖ-ਵੱਖ ਤਰੀਕੇ ਨਾਲ ਪ੍ਰਭਾਵਤ ਕਰਦੀ ਹੈ ਅਤੇ "ਅਪੰਗਤਾ ਵਾਲੇ ਵਿਅਕਤੀ" ਦੀ ਕਹਾਵਤ ਨੂੰ ਆਮ ਕਰਨਾ ਅਤੇ ਸਾਰੇ ਜਨਸੰਖਿਆ ਨੂੰ ਦੂਸਰੇ ਜੋੜ ਵਿੱਚ ਰੱਖਣਾ ਢੁੱਕਵਾਂ ਨਹੀਂ ਹੋਵੇਗਾ। ਅਪੰਗਤਾ ਕਿਸੇ ਵੀ ਵਿਅਕਤੀ ਨੂੰ ਉਸ ਦੀ ਜ਼ਿੰਦਗੀ ਦੇ ਕਿਸੇ ਵੀ ਪੜਾਅ ਉਤੇ ਆਪਣੀ ਲਪੇਟ ਵਿੱਚ ਲੈ ਸਕਦੀ ਹੈ। ਇਹ ਹਮੇਸ਼ਾ ਜਨਮਜਾਤ ਨਹੀਂ ਹੁੰਦੀ ਸਗੋਂ ਦੁਰਘਟਨਾ ਜਾਂ ਹਾਦਸਿਆਂ ਨਾਲ ਵੀ ਵਾਪਰ ਸਕਦੀ ਹੈ। ਵਿਸ਼ਵ ਸਿਹਤ ਸੰਸਥਾ ਦੇ ਮੁਤਾਬਕ ਅਪੰਗਤਾ ਦੇ ਤਿੰਨ ਪਹਿਲੂ ਹਨ :

1) ਕਿਸੇ ਵਿਅਕਤੀ ਦੇ ਸਰੀਰਕ ਢਾਂਚੇ ਜਾਂ ਕਾਰਜ ਪ੍ਰਣਾਲੀ ਜਾਂ ਦਿਮਾਗ਼ੀ ਕਾਰਜ ਪ੍ਰਣਾਲੀ ਵਿੱਚ ਨੁਕਸ। ਇਨ੍ਹਾਂ ਨੁਕਸਾਂ ਵਿੱਚ ਕਿਸੇ ਅੰਗ ਨੂੰ ਗੁਆਉਣਾ, ਨਜ਼ਰ ਜਾਂ ਯਾਦਾਸ਼ਤ ਦਾ ਜਾਣਾ ਸ਼ਾਮਲ ਹੈ।

2) ਸਰਗਰਮੀਆਂ ਸੀਮਤ ਹੋਣਾ ਜਿਵੇਂ ਵੇਖਣ, ਸੁਣਨ, ਤੁਰਨ ਵਿੱਚ ਜਾਂ ਸਮੱਸਿਆ ਹੱਲ ਕਰਨ ਵਿੱਚ ਔਖਿਆਈ।

3) ਰੋਜ਼ਾਨਾ ਦੀਆਂ ਸਰਗਰਮੀਆਂ ਵਿੱਚ ਭਾਗ ਲੈਣ 'ਤੇ ਪਾਬੰਦੀ ਜਿਵੇਂ ਕੰਮ ਕਰਨਾ, ਸਮਾਜਕ ਅਤੇ ਮਨਪ੍ਰਚਾਵੇ ਦੀਆਂ ਸਰਗਰਮੀਆਂ, ਸਿਹਤ ਸੰਭਾਲ ਅਤੇ ਰੋਕਥਾਮ ਦੀਆਂ ਸੇਵਾਵਾਂ ਹਾਸਲ ਕਰਨਾ।

ਅਪੰਗਤਾ ਜਨਮਜਾਤ ਹੋ ਸਕਦੀ ਹੈ (ਜਨਮ ਸਮੇਂ ਤੋਂ) ਅਤੇ ਜ਼ਿੰਦਗੀ ਵਿੱਚ ਅੱਗੇ ਚੱਲ ਕੇ ਕਾਰਜ ਪ੍ਰਣਾਲੀ ਨੂੰ ਪ੍ਰਭਾਵਿਤ ਕਰ ਸਕਦੀ ਹੈ, ਜਿਸ ਵਿੱਚ ਗਿਆਨ (ਯਾਦਾਸ਼ਤ, ਸਿੱਖਣਾ ਅਤੇ ਸਮਝਣਾ), ਗਤੀਸ਼ੀਲਤਾ (ਵਾਤਾਵਰਨ ਵਿੱਚ ਤੁਰਨਾ ਫਿਰਨਾ), ਨਜ਼ਰ, ਸੁਣਨਾ, ਵਤੀਰਾ ਅਤੇ ਦੂਜੇ ਖੇਤਰ ਸ਼ਾਮਲ ਹਨ। ਇਹ ਹਲਾਤ ਪਿਤਾ ਪੁਰਖੀ ਜਾਂ ਆਕ੍ਰਿਤੀ ਵਿਗਿਆਨ ਦੀਆਂ ਤਰੁਟੀਆਂ ਕਾਰਨ ਹੋ ਸਕਦੇ ਹਨ ਜੋ ਸਰੀਰ ਦੇ ਅੰਗਾਂ ਦੀ ਕਿਰਿਆ ਨੂੰ ਪ੍ਰਭਾਵਤ ਕਰਦੇ ਹਨ।

ਕੁੱਝ ਸਿਹਤ ਹਾਲਤਾਂ (ਜਿਵੇਂ ਸ਼ੱਕਰ ਰੋਗ, ਉੱਚ ਖ਼ੂਨ ਦਬਾਅ ਆਦਿ) ਵੀ ਅਪੰਗਤਾ ਦਾ ਕਾਰਨ ਬਣ ਸਕਦੇ ਹਨ ਜਿਵੇਂ ਕਿ ਨਜ਼ਰ ਚਲੇ ਜਾਣਾ, ਨਸਾਂ ਦਾ ਨੁਕਸਾਨ ਜਾਂ ਅੰਗ ਦੀ ਹਾਨੀ। ਅਪੰਗਤਾ ਹੌਲੀ-ਹੌਲੀ ਵੀ ਵਧ ਸਕਦੀ ਹੈ (ਜਿਵੇਂ ਅਲਜ਼ਾਈਮਰ), ਖੜੋਤ (ਮਤਲਬ ਅੰਗ ਦੀ ਹਾਨੀ ਜਾਂ ਰੁਕ-ਰੁਕ ਕੇ (ਮਤਲਬ ਜਦੋਂ ਸਰੀਰ ਦੀ ਰੋਗਾਂ ਨਾਲ ਲੜਨ ਦੀ ਪ੍ਰਣਾਲੀ ਨਸਾਂ ਦੇ ਸੁਰੱਖਿਆ ਤੰਤਰ ਨੂੰ ਖਾ ਜਾਂਦੀ ਹੈ)।

ਵਿਸ਼ਵ ਸਿਹਤ ਸੰਸਥਾ ਵਲੋਂ 2001 ਵਿੱਚ ਕਾਰਜ ਪ੍ਰਣਾਲੀ, ਅਪੰਗਤਾ ਅਤੇ ਸਿਹਤ (ਆਈ ਸੀ ਐੱਫ) ਦਾ ਅੰਤਰਰਾਸ਼ਟਰੀ ਵਰਗੀਕਰਨ ਪ੍ਰਕਾਸ਼ਿਤ ਕੀਤਾ ਗਿਆ। ਆਈ ਸੀ ਐੱਫ ਸਰੀਰ ਦੇ ਪ੍ਰਮੁੱਖ ਕਾਰਜਾਂ ਅਤੇ ਢਾਂਚੇ, ਸਰਗਰਮੀ, ਭਾਗੀਦਾਰੀ ਦੇ ਪੱਧਰ ਅਤੇ ਆਲੇ-ਦੁਆਲੇ ਦੀਆਂ ਹਾਲਤਾਂ ਨੂੰ ਵਰਗੀਕ੍ਰਿਤ ਕਰਨ ਦਾ ਇੱਕ ਮਿਆਰ ਹੈ ਜੋ ਆਮ ਤੌਰ ਤੇ ਸਾਡੀ ਸਿਹਤ ਨੂੰ ਪ੍ਰਭਾਵਤ ਕਰਦਾ ਹੈ। ਆਈ ਸੀ ਐੱਫ ਵਿੱਚ 'ਸਰਗਰਮੀ' ਦੀ ਵਿਆਖਿਆ 'ਕਿਸੇ ਵਿਅਕਤੀ ਵਲੋਂ ਕਿਸੇ ਟੀਚੇ ਜਾਂ ਕਾਰਜ ਨੂੰ ਪੂਰਾ ਕਰਨ' ਵਜੋਂ ਕੀਤੀ ਗਈ ਹੈ ਅਤੇ 'ਭਾਗੀਦਾਰੀ' ਨੂੰ 'ਕਿਸੇ ਵਿਅਕਤੀ ਦੀ ਜ਼ਿੰਦਗੀ ਦੇ ਹਲਾਤ ਵਿੱਚ ਭਾਗੀਦਾਰੀ' ਵਜੋਂ ਬਿਆਨ ਕੀਤੀ ਗਈ ਤਕਨੀਕ ਵੱਡੀ ਸਹਾਇਤਾ ਪ੍ਰਦਾਨ ਕਰਦੀ ਹੈ ਅਤੇ ਅਪੰਗ ਵਿਅਕਤੀਆਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਦੀ ਹੈ। ਤਕਨੀਕ ਦਾ ਅਨੁਕੂਲਤਾ ਵਾਲਾ ਪੱਖ ਅਪੰਗ ਵਿਅਕਤੀਆਂ ਵਿੱਚ ਵੱਖ-ਵੱਖ ਤਰ੍ਹਾਂ ਦੀ ਅਪੰਗਤਾ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਮਦਦ ਕਰਦਾ ਹੈ। ਤਕਨੀਕ ਉਨ੍ਹਾਂ ਖੱਪਿਆਂ ਨੂੰ ਭਰਨ ਵਿੱਚ ਮਦਦਗਾਰ ਹੁੰਦੀ ਹੈ ਜੋ ਉਪਰ ਵਰਣਨ ਕੀਤੇ ਅਨੁਸਾਰ ਹਲਾਤਾਂ ਦੁਆਰਾ ਪੈਦਾ ਕੀਤੇ ਗਏ ਹੁੰਦੇ ਹਨ। ਤਕਨੀਕ ਦੇ ਪ੍ਰਕਾਰ ਨਾਲ ਮਦਦ ਕਰ ਸਕਦੀ ਹੈ – ਇੱਕ ਸਹਾਇਤਾ ਵਜੋਂ ਜਿਸ ਨਾਲ ਅਪੰਗਤਾ ਵਾਲੇ ਵਿਅਕਤੀ ਨੂੰ ਰੋਜ਼ਾਨਾ ਦੇ ਕੰਮ ਕਰਨ ਵਿੱਚ ਮਦਦ ਕਰਦੀ ਹੈ ਅਤੇ ਸਰੀਰ ਦੇ ਕਿਸੇ ਹਿੱਸੇ ਵਜੋਂ ਏਕੀਕ੍ਰਿਤ ਹੋ ਕੇ ਆਪਣੀ ਭੂਮੀਕਾ ਨਿਭਾਉਂਦੀ ਹੈ।

ਤਕਨੀਕ ਦੀ ਆਮ ਕਰਕੇ ਅਤੇ ਸੂਚਨਾ ਅਤੇ ਸੰਚਾਰ ਦੀ ਖ਼ਾਸ ਕਰਕੇ ਭੂਮੀਕਾ ਨੂੰ ਸਮਝਣ ਦੇ ਲਈ ਨਜ਼ਰ ਦੀ ਅਪੰਗਤਾ ਦਾ ਮਾਮਲਾ ਲਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਨਜ਼ਰ ਦੀ ਅਪੰਗਤਾ ਦੂਰ ਕਰਨ ਲਈ ਆਈ ਸੀ ਟੀ ਦੀ ਵਰਤੋਂ ਬਾਰੇ ਗੱਲ ਕੀਤੀ ਜਾਵੇ, ਇਹ ਸਮਝਣਾ ਅਹਿਮ ਹੋਵੇਗਾ ਕਿ ਆਈ ਸੀ ਟੀ ਕਾਰਜਾਂ ਦਾ ਇੱਕ ਸਮੂਹ ਹੈ ਜਿਸ ਦਾ ਮਤਲਬ ਹੈ 'ਸੂਚਨਾ ਅਤੇ ਸੰਚਾਰ ਤਕਨੀਕਾਂ'। ਆਈ ਸੀ

ਟੀ ਤੋਂ ਮਤਲਬ ਉਨ੍ਹਾਂ ਤਕਨੀਕਾਂ ਤੋਂ ਹੈ ਜਿਸ ਵਿੱਚ ਕੰਪਿਊਟਰ, ਇੰਟਰਨੈੱਟ, ਬੇ-ਤਾਰ ਨੈੱਟਵਰਕ, ਹੱਥ ਵਾਲੇ ਫ਼ੋਨ ਅਤੇ ਸੰਚਾਰ ਦੇ ਦੂਸਰੇ ਮਾਧਿਅਮ ਅਤੇ ਉਪਕਰਨ ਆਉਂਦੇ ਹਨ। ਆਈ ਸੀ ਟੀ ਦਾ ਲਗਾਤਾਰ ਵਿਸਥਾਰ ਹੋ ਰਿਹਾ ਹੈ ਜਿਸ ਨਾਲ ਬੇਅੰਤ ਪ੍ਰਕਾਰ ਦੀਆਂ ਨਵੀਆਂ ਸੰਚਾਰ ਸਮਰਥਾਵਾਂ ਪੈਦਾ ਹੋ ਰਹੀਆਂ ਹਨ। ਇਸ ਵਿੱਚ ਹੁਨਰ ਵਾਲੀ ਸੂਚਨਾ ਤਕਨੀਕ ਸ਼ਾਮਲ ਹੈ ਜਿਸ ਨੂੰ ਲਗਾਤਾਰ ਛੋਟੇ ਹੁੰਦੇ ਜਾ ਰਹੇ ਏਕੀਕਰਨ ਯੋਗ ਉਪਰਕਨਾਂ ਨੇ ਹੋਰ ਮਜਬੂਤ ਕੀਤਾ ਹੈ ਜਿਨ੍ਹਾਂ ਅੰਦਰ ਆਪਸ ਵਿੱਚ ਸਦਾ ਵਿਸਥਾਰ ਕਰਨ ਦੀ ਸਮਰੱਥਾ ਹੈ (ਇੰਟਰਨੈੱਟ ਆਦਿ)। ਨਜ਼ਰ ਦੀ ਅਪੰਗਤਾ ਦਾ ਮਾਮਲਾ ਲਿਆ ਗਿਆ ਹੈ ਕਿਉਂਕਿ ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜ਼ੇਸ਼ਨ (ਐੱਨ ਐੱਸ ਐੱਸ ਓ) ਅਤੇ 2001 ਦੀ ਮਰਦਮਸ਼ੁਮਾਰੀ ਦੇ ਮੁਤਾਬਕ ਭਾਰਤ ਵਿੱਚ ਲੋਕਾਂ ਦੀ ਅਪੰਗਤਾ ਵਿੱਚ ਨਜ਼ਰ ਦੀ ਅਪੰਗਤਾ ਦਾ ਦੂਜਾ ਸਭ ਤੋਂ ਵੱਡਾ ਹਿੱਸਾ ਹੈ, ਜਦ ਕਿ ਪਹਿਲਾ ਸਥਾਨ ਤੁਰਨ ਫਿਰਨ ਦੀ ਅਪੰਗਤਾ ਦਾ ਹੈ। ਤੁਰਨ ਫਿਰਨ ਦੀ ਅਪੰਗਤਾ ਦੇ ਉਲਟ ਨਜ਼ਰ ਦੀ ਅਪੰਗਤਾ ਕਿਸੇ ਇਕ ਅੰਗ ਵਿੱਚ ਨੁਕਸ ਕਾਰਨ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ ਕਾਰਜ ਇੱਕ ਇਕੱਲੇ ਅੰਗ ਨਾਲ ਸਬੰਧਤ ਹੁੰਦਾ ਹੈ।

ਨਜ਼ਰ ਦੀ ਅਪੰਗਤਾ ਨਜ਼ਰ ਦੀ ਹਾਨੀ ਨਾਲ ਜੋੜੀ ਗਈ ਹੈ ਜਿਸ ਨੂੰ ਆਮ ਐਨਕਾਂ, ਕੰਟੈਕਟ ਲੈਂਜ਼, ਦਵਾਈਆਂ ਜਾਂ ਚੀਰਫਾੜ ਨਾਲ ਠੀਕ ਨਹੀਂ ਕੀਤਾ ਜਾ ਸਕਦਾ। ਇਹ ਕਿਸੇ ਵੀ ਵਿਅਕਤੀ ਵਲੋਂ ਰੋਜ਼ਾਨਾ ਦੀਆਂ ਸਰਗਰਮੀਆਂ ਕਰਨ ਵਿੱਚ ਰੁਕਾਵਟ ਪਾਉਂਦੀ ਹੈ। ਇਸ ਨੂੰ ਅੱਖ ਨਾਲ ਜੋੜਿਆ ਗਿਆ ਹੈ ਪਰ ਇਹ ਅੱਖ ਤੱਕ ਹੀ ਸੀਮਤ ਨਹੀਂ ਪਰ ਦਿਮਾਗ਼ ਦੇ ਤੰਤੂਆਂ ਅਤੇ ਆਪਟੀਕਲ ਲੋਬ ਨਾਲ ਵੀ ਜੁੜੀ ਹੁਈ ਹੈ।

ਵੇਖਣ ਦੀ ਅਪੰਗਤਾ ਅੰਸ਼ਕ ਜਾਂ ਪੂਰਨ ਹੋ ਸਕਦੀ ਹੈ ਜੋ ਜਨਮਜਾਤ ਜਾਂ ਜ਼ਿੰਦਗੀ ਅੰਦਰ ਬਾਅਦ ਵਿੱਚ ਵੀ ਹੋ ਸਕਦੀ ਹੈ। ਨਜ਼ਰ ਦੀ ਕਮਜ਼ੋਰੀ ਬਿਮਾਰੀ, ਸਦਮੇ, ਜਨਮਜਾਤ ਜਾਂ ਲਗਾਤਾਰ ਖਰਾਬ ਹੋ ਰਹੀ ਹਾਲਤ ਕਾਰਨ ਹੋ ਸਕਦੀ ਹੈ। ਇੱਕ ਅਨੁਮਾਨ ਮੁਤਾਬਕ ਅਧਿਉਂ ਵੱਧ ਨੇਤਰਹੀਣਤਾ ਨੂੰ ਰੋਕਿਆ ਜਾ ਸਕਦਾ ਹੈ। ਇਹ ਬੜੀ ਆਮ ਜਿਹੀ ਗੱਲ ਹੈ ਕਿ ਅੱਖਾਂ ਦੀ ਨੇਤਰਹੀਣਤਾ ਦੀ

| | | |
|---|---|---|
| ਸੂਚੀ-1 | | |
| ਅਪੰਗਤਾ ਪ੍ਰਤਿ ਵੇਰਵੇ (ਲੱਖਾਂ ਵਿੱਚ) | | |
| ਅਪੰਗਤਾ | ਐੱਨ ਐੱਸ ਐੱਸ ਓ (ਲੱਖ ਪ੍ਰਤਿਸ਼ਤ) | ਮਰਦਮਸ਼ੁਮਾਰੀ (ਲੱਖ ਪ੍ਰਤਿਸ਼ਤ) |
| ਤੁਰਨ ਫਿਰਨ ਦੀ ਅਪੰਗਤਾ | 106.34(51.19 ਪ੍ਰਤਿਸ਼ਤ) | 61.05 (27.86 ਪ੍ਰਤਿਸ਼ਤ) |
| ਨਜ਼ਰ ਦੀ ਅਪੰਗਤਾ | 28.26 (13.60 ਪ੍ਰਤਿਸ਼ਤ) | 106.3 (48.54 ਪ੍ਰਤਿਸ਼ਤ) |
| ਸੁਣਨ ਦੀ ਅਪੰਗਤਾ | 30.62 (14.74 ਪ੍ਰਤਿਸ਼ਤ) | 12.62 (5.76 ਪ੍ਰਤਿਸ਼ਤ) |
| ਬੋਲਣ ਦੀ ਅਪੰਗਤਾ | 21.55 (10.37 ਪ੍ਰਤਿਸ਼ਤ) | 16.41 (7.49 ਪ੍ਰਤਿਸ਼ਤ) |
| ਦਿਮਾਗ਼ ਦੀ ਅਪੰਗਤਾ | 20.96 (10.09 ਪ੍ਰਤਿਸ਼ਤ) | 22.64 (10.33 ਪ੍ਰਤਿਸ਼ਤ) |
| ਕੁੱਲ | 207.73 (1.8) | 219.02 (2.1 ਪ੍ਰਤਿਸ਼ਤ) |


ਬਿਮਾਰੀ ਦੇ ਚਿੰਨ੍ਹਾਂ ਬਾਰੇ ਪਹਿਲੇ ਪੜਾਅ ਵਿੱਚ ਪਤਾ ਨਹੀਂ ਲਗਦਾ ਜਦੋਂ ਇਲਾਜ ਵੱਧ ਕਾਰਗਰ ਹੁੰਦਾ ਹੈ, ਇਸ ਤੋਂ ਪਹਿਲਾਂ ਕਿ ਬਿਮਾਰੀ ਵਧਣੀ ਸ਼ੁਰੂ ਹੋ ਜਾਵੇ ਜਾਂ ਪਹਿਲੇ ਪੜਾਅ ਉਤੇ ਹੀ ਨਾ ਫੜਨ ਵਿੱਚ ਆਵੇ। ਨੇਤਰਹੀਣਤਾ ਜਾਂ ਅੱਖਾਂ ਦੀ ਜੋਤ ਜਾਣ ਦੀਆਂ ਜ਼ਿਆਦਾਤਰ ਬਿਮਾਰੀਆਂ ਦੀ ਜਾਂਚ ਅਤੇ ਸ਼ੁਰੂਆਤੀ ਇਲਾਜ ਉਪਲਬਧ ਜੋ ਘੱਟ ਖਰਚ ਵਾਲਾ ਵੀ ਹੈ। ਪਰ, ਸਿਰਫ਼ ਸ਼ੁਰੂਆਤੀ ਇਲਾਜ ਉਪਲਬਧ ਹੈ ਜੋ ਘੱਟ ਖਰਚ ਵਾਲਾ ਵੀ ਹੈ। ਪਰ, ਸਿਰਫ਼ ਨੇਤਰਹੀਣਤਾ ਕਰਕੇ ਹੀ ਪੂਰੀ ਤਰ੍ਹਾਂ ਨਜ਼ਰ ਨਹੀਂ ਜਾਂਦੀ, ਸਗੋਂ ਹੋਰ ਵੀ ਕਈ ਹਲਾਤ ਹਨ ਜਦੋਂ ਨਜ਼ਰ ਉਤੇ ਅਸਰ ਪੈਂਦਾ ਹੈ। ਇਸ ਨੂੰ ਸਪੱਸ਼ਟ ਕਰਨ ਲਈ 'ਅੰਸ਼ਕ ਨਜ਼ਰ', 'ਘੱਟ ਨਜ਼ਰ', 'ਕਨੂੰਨੀ ਰੂਪ ਵਿੱਚ ਨੇਤਰਹੀਣ' ਅਤੇ 'ਪੂਰੀ ਤਰ੍ਹਾਂ ਨੇਤਰਹੀਣ' ਵਰਗੇ ਭਿੰਨ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ।


## ਸਹਾਇਕ ਵਜੋਂ ਸੂਚਨਾ ਸੰਚਾਰ ਤਕਨੀਕ

ਕੋਈ ਵੀ ਅਨੁਕੂਲਣ ਯੰਤਰ ਜਾਂ ਸੇਵਾ ਅਪੰਗਤਾ ਵਾਲੇ ਕਿਸੇ ਵਿਦਿਆਰਥੀ ਦੀ ਜੋ ਭਾਗੀਦਾਰੀ, ਪ੍ਰਾਪਤੀ ਜਾਂ ਅਜ਼ਾਦੀ ਵਿੱਚ ਵਾਧਾ ਕਰਦੀ ਹੈ, ਨੂੰ ਸਹਾਇਕ ਤਕਨੀਕ (ਏ ਟੀ) ਕਿਹਾ ਜਾ ਸਕਦਾ ਹੈ। ਸਹਾਇਕ ਤਕਨੀਕ ਉਨ੍ਹਾਂ ਵਿਅਕਤੀਆਂ ਦੀ ਮਦਦ ਕਰਦੀ ਹੈ ਜੋ ਕਮਜ਼ੋਰ ਨਜ਼ਰ ਵਾਲੇ ਹੁੰਦੇ ਹਨ (ਵਾਧੂ ਅਪੰਗਤਾ ਦੇ ਨਾਲ ਜਾਂ ਬਿਨਾਂ)। ਇਹ ਉਨ੍ਹਾਂ ਵਿਅਕਤੀਆਂ ਦੀ ਆਮ ਪਾਠਕ੍ਰਮ ਤੱਕ ਪਹੁੰਚ ਨੂੰ ਵਧਾਉਂਦੀ ਹੈ ਅਤੇ ਉਨ੍ਹਾਂ ਦੀ ਵਿਦਿਅਕ ਕਾਰਗੁਜ਼ਾਰੀ ਵਿੱਚ ਸੁਧਾਰ ਕਰਦੀ ਹੈ।

ਨਜ਼ਰ ਦੀ ਕਮਜ਼ੋਰੀ ਵਾਲੇ ਜ਼ਿਆਦਾਤਰ ਲੋਕ ਨਜ਼ਰ ਪੁਨਰਵਾਸ, ਵਾਤਾਵਰਨਕ ਸੁਧਾਰ ਅਤੇ ਸਹਾਇਕ ਯੰਤਰਾਂ ਤੋਂ ਫਾਇਦਾ ਲੈ ਸਕਦੇ ਹਨ ਜੋ ਉਨ੍ਹਾਂ ਦੀ ਬਚੀ ਹੋਈ ਦ੍ਰਿਸ਼ਟੀ ਨੂੰ ਵਧਾ ਸਕਦੇ ਹਨ ਅਤੇ ਸੁਤੰਤਰ ਜ਼ਿੰਦਗੀ ਜਿਉਣ ਵਿੱਚ ਮਦਦ ਕਰ ਸਕਦੇ ਹਨ। ਆਈ ਸੀ ਟੀ ਹੀ ਹਾਲਤਾਂ ਤੋਂ ਪੀੜਤ ਵਿਅਕਤੀਆਂ ਦੀ ਮਦਦ ਕਰ ਸਕਦੀ ਹੈ।

ਸੋਟੀ : ਇਕ ਸਧਾਰਨ ਜਿਹੀ ਸੋਟੀ ਜਿਸ ਨੇ ਬਹੁਤ ਹੀ ਘੱਟ ਦ੍ਰਿਸ਼ਟੀ ਜਾਂ ਪੂਰੀ ਤਰ੍ਹਾਂ



ਨੇਤਰਹੀਣ ਵਿਅਕਤੀਆਂ ਨੂੰ ਅੜਿੱਕਿਆਂ ਅਤੇ ਟੋਏ ਟਿੱਬਿਆਂ ਤੋਂ ਬਚਾਇਆ ਹੈ। ਨਵੀਆਂ ਤਕਨੀਕਾਂ ਗੂੰਜ ਸਥਾਨ ਸੰਕੇਤ, ਅਲਟਰਾਸੋਨਿਕ ਤਕਨੀਕ, ਕੰਪਿਊਟਰ ਪ੍ਰਾਸੈਸਿੰਗ ਕਲਾ ਆਦਿ ਨਾਲ ਵੱਖ-ਵੱਖ ਥਾਵਾਂ ਉਤੇ ਮੌਜੂਦ ਰੁਕਾਵਟਾਂ ਨੂੰ ਅਗਾਊਂ ਹੀ ਲੱਭਿਆ ਜਾ ਸਕਦਾ ਹੈ ਜਿਸ ਨਾਲ ਗੂੰਜ ਸਥਾਨ ਸੰਕੇਤ ਨੂੰ ਨਵਾਂ ਮਤਲਬ ਮਿਲਿਆ ਹੈ। ਵਰਤੋਂਕਾਰ ਨੂੰ ਕੰਪਨ ਸੰਕੇਤ, ਹੈਪਟਿਕ ਸੰਕੇਤ ਜਾਂ ਧੁਨੀ ਅਲਾਰਮ ਦੀ ਵਰਤੋਂ ਨਾਲ ਸਾਵਧਾਨ ਕੀਤਾ ਜਾ ਸਕਦਾ ਹੈ।

## ਰਾਹ-ਪ੍ਰਦਰਸ਼ਕ ਯੰਤਰ

ਰਾਹ-ਪ੍ਰਦਰਸ਼ਕ ਅਤੇ ਸੰਦਰਭ ਜਾਗਰੂਕ ਗਿਣਤੀ ਦੀ ਮਦਦ ਨਾਲ ਪ੍ਰਸੰਗਿਕ ਜਾਣਕਾਰੀ ਪੜ੍ਹੀ ਅਤੇ ਪੜਚੋਲੀ ਜਾ ਸਕਦੀ ਹੈ, ਮਿਸਾਲ ਦੇ ਲਈ ਸਥਾਨ ਅਤੇ ਨਿੱਜੀ ਪਹਿਲਾਂ ਜਿਨ੍ਹਾਂ ਨੂੰ ਵਰਤੋਂਕਾਰ-ਕੰਪਿਊਟਰ ਸੰਵਾਦ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ ਅਤੇ ਇਨ੍ਹਾਂ ਯੋਗਤਾਵਾਂ ਨੂੰ ਲੰਮੇ ਸਫਰ ਉਤੇ ਗਏ ਕਮਜ਼ੋਰ ਨਜ਼ਰ ਵਾਲੇ ਯਾਤਰੀ ਦੀ ਸਹਾਇਤਾ ਲਈ ਵਰਤਿਆ ਜਾ ਸਕਦਾ ਹੈ। ਇਸ ਨਾਲ ਵਰਤੋਂਕਾਰ ਆਪਣੇ ਆਲੇ-ਦੁਆਲੇ ਤੋਂ ਸੁਚੇਤ ਰਹਿ ਸਕਦਾ ਹੈ। ਰਾਹ-ਪ੍ਰਦਰਸ਼ਕ ਤਕਨੀਕ ਨੂੰ ਜੇ ਜੀ ਪੀ ਐੱਸ (ਗਲੋਬਲ ਪੋਜ਼ੀਸ਼ਨੰਗ ਸਿਸਟਮ) ਨਾਲ ਮਿਲਾ ਦਿੱਤਾ ਜਾਵੇ ਤਾਂ ਇਸ ਦੇ ਕਾਰਜ ਵਿੱਚ ਵੱਡੀ ਪੁਲਾਂਘ ਪੁੱਟੀ ਜਾਂਦੀ ਹੈ। ਇਹ ਹੋਰ ਵੀ ਬੇਹਤਰ ਹੋ ਜਾਂਦੀ ਹੈ ਜਦੋਂ ਇਸ ਨੂੰ ਡੇਟਾ ਵਾਲੇ ਮੋਬਾਈਲ ਨਾਲ ਜੋੜ ਦਿੱਤਾ ਜਾਵੇ ਜੋ ਵਰਤੋਂਕਾਰ ਨੂੰ ਹਰ ਸਮੇਂ ਇੰਟਰਨੈੱਟ ਨਾਲ ਜੁੜੇ ਰੱਖਦਾ ਹੈ ਅਤੇ ਮੋਬਾਈਲ ਟਾਵਰ ਦੇ ਅੰਕੜੇ ਦੀ ਮਦਦ ਨਾਲ ਸਥਿਤੀ ਬਾਰੇ ਬਿਹਤਰ ਜਾਣਕਾਰੀ ਦੇ ਸਕਦਾ ਹੈ (ਇਸ ਨੂੰ ਏ ਜੀ ਪੀ ਐੱਸ ਜਾਂ ਸਹਾਇਕ ਜੀ ਪੀ ਐੱਸ ਦੇ ਤੌਰ ਤੇ ਜਾਣਿਆ ਜਾਂਦਾ ਹੈ)।

ਬੇਤਾਰ ਪ੍ਰਣਾਲੀਆਂ ਜਿਵੇਂ ਕਿ ਵਾਈ ਫਾਈ, ਐੱਨ ਐੱਫ ਸੀ, ਇਨਫਰਾ ਰੈਡ ਤਕਨੀਕ, ਬਲਿਊਟੁੱਥ ਅਤੇ ਦੂਜੀਆਂ ਅਜਿਹੀਆਂ ਤਕਨੀਕਾਂ ਵਰਤੋਂਕਾਰ ਇੰਟਰਫੇਸ ਨੂੰ ਵੱਡੇ ਪੱਧਰ ਉਤੇ ਬਦਲ ਸਕਦੀਆਂ ਹਨ ਜੋ ਨਜ਼ਰ ਦੀ ਕਮਜ਼ੋਰੀ ਵਾਲੇ ਵਿਅਕਤੀਆਂ ਲਈ ਲੋੜੀਂਦਾ ਹੈ। ਇਹ ਇਕੱਲਾ ਇਕਹਿਰਾ ਯੰਤਰ ਵੀ ਹੋ ਸਕਦਾ ਹੈ ਅਤੇ ਮੋਬਾਈਲ ਟੈਲੀਫ਼ੋਨ ਤਕਨੀਕ ਨਾਲ ਜੋੜਿਆ ਵੀ ਜਾ ਸਕਦਾ ਹੈ।

ਪੜ੍ਹਨਾ ਰੋਜ਼ਾਨਾ ਦੇ ਜੀਵਨ ਦਾ ਜ਼ਰੂਰੀ ਕੰਮ ਹੈ ਜੋ ਵੱਖ-ਵੱਖ ਪੱਖਾਂ ਤੋਂ ਬਹੁਤ ਅਹਿਮ ਹੈ। ਭਾਵੇਂ ਇਹ ਬਿੱਲ ਛਾਂਟਣਾ ਹੋਵੇ, ਕਿਤਾਬ ਪੜ੍ਹਨੀ ਹੋਵੇ ਜਾਂ ਰੋਜ਼ਾਨਾ ਅਖ਼ਬਾਰ, ਅਪੰਗਤਾ ਵਾਲੇ ਵਿਅਕਤੀਆਂ ਲਈ ਪੜ੍ਹਨ ਤੱਕ ਪਹੁੰਚ ਬਹੁਤ ਹੀ ਜ਼ਿਆਦਾ ਮਹੱਤਵਪੂਰਨ ਹੈ ਜੋ ਛਪੇ ਹੋਏ ਪੰਨੇ ਨੂੰ ਸੌਖਾ ਪੜ੍ਹਨ ਵਿੱਚ ਰੁਕਾਵਟ ਬਣਦੀ ਹੈ। ਇਨ੍ਹਾਂ ਲੋੜਾਂ ਦੇ ਹੱਲ ਅਤੇ ਪਹੁੰਚ ਦੇ ਪਾੜੇ ਨੂੰ ਭਰਨ ਲਈ ਸਹਾਇਕ ਤਕਨੀਕ ਦਾ ਨਿਰਮਾਣ ਕੀਤਾ ਗਿਆ ਹੈ। ਆਪਟੀਕਲ ਕਰੈਕਟਰ ਰੀਡਰ (ਓ ਸੀ ਆਰ) ਅਜਿਹੀ ਤਕਨੀਕ ਦਾ ਮੁੱਖ ਧੁਰਾ ਹੈ। ਬੋਲਣ ਵਾਲੀਆਂ ਡਿਜੀਟਲ ਕਿਤਾਬਾਂ ਦਾ ਅੰਤਰਰਾਸ਼ਟਰੀ ਮਿਆਰ ਜਿਸ ਨੂੰ ਡੀ ਏ ਆਈ ਐੱਸ ਵਾਈ ਮਿਆਰ ਆਖਦੇ ਹਨ, ਨਜ਼ਰ ਕਮਜ਼ੋਰ ਵਾਲੇ ਵਿਅਕਤੀਆਂ ਲਈ ਅਜਿਹੀ ਪ੍ਰਦਰਸ਼ਨ ਤਕਨੀਕ ਦਾ ਮਾਪਦੰਡ ਹੈ। ਕਿਤਾਬਾਂ ਅਤੇ ਅਖ਼ਬਾਰਾਂ ਲਈ ਡਿਜੀਟਲ ਪਹੁੰਚ ਦੇ ਅਹਿਮ ਕਦਮ ਦਾ ਅਨੁਮਾਨ ਹੈ ਅਤੇ ਭਵਿੱਖੀ ਵਿਕਾਸ ਉਤੇ ਚਰਚਾ ਨਾਲ ਇਸ ਅਧਿਆਏ ਦੀ ਸਮਾਪਤੀ ਹੁੰਦੀ ਹੈ।

ਵੀਡੀਓ ਵਡਦਰਸ਼ੀ ਸ਼ੀਸ਼ੇ ਰੰਗਹੀਣਤਾ ਦੇ ਸ਼ਿਕਾਰ ਵਿਅਕਤੀਆਂ ਨੂੰ ਕੰਮ, ਸਕੂਲ ਅਤੇ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਨੂੰ ਮਾਣਨ ਦੇ ਸਮਰੱਥ ਬਣਾਉਂਦੇ ਹਨ। ਵੀਡੀਓ ਵਡਦਰਸ਼ੀ ਸ਼ੀਸ਼ੇ ਦੇ ਫਰਕ ਨੂੰ ਠੀਕ ਕਰਕੇ ਵਰਤੋਂਕਾਰ ਬਿਨਾਂ ਕਿਸੇ ਤਕਲੀਫ ਜਾਂ ਥਕਾਵਟ ਦੇ ਵੱਡਾ ਕੀਤਾ ਦ੍ਰਿਸ਼ ਦੇਖ ਸਕਦੇ ਹਨ ਅਤੇ ਪਾੜੇ ਨੂੰ ਦੂਰ ਕਰ ਸਕਦੇ ਹਨ। ਜ਼ਿਆਦਾਤਰ ਮੋਤੀਆਬਿੰਦ ਮੋਤੀਏ ਦੇ ਅਪਰੇਸ਼ਨ ਨਾਲ ਠੀਕ ਹੋ ਜਾਂਦੇ ਹਨ। ਜੇ ਮੋਤੀਏ ਦੇ ਅਪਰੇਸ਼ਨ ਦਾ ਵਿਕਲਪ ਨਾ ਹੋਵੇ ਤਾਂ ਪ੍ਰਦਰਸ਼ਨ ਤਕਨੀਕ ਅੱਖਰਾਂ ਅਤੇ ਵਸਤਾਂ ਨੂੰ ਵੱਡਾ ਕਰਨ ਲਈ ਵਰਤੀ ਜਾਂਦੀ ਹੈ ਤਾਂ ਕਿ ਨਜ਼ਰ ਦੇ ਕੇਂਦਰੀ ਧੁੰਦਲੇ ਖੇਤਰ ਤੋਂ ਬਾਹਰ ਦੇਖਣ ਲਈ ਉਹ ਕਾਫੀ ਵੱਡੇ ਹੋਣ। ਓ ਸੀ ਆਰ ਨਾਲ ਸਕਰੀਨ ਉਤੇ ਪੜ੍ਹਨ ਵਾਲਾ ਸਾਫਟਵੇਅਰ ਕਾਫੀ ਲਾਭਦਾਇਕ ਹੋ ਸਕਦਾ ਹੈ। ਇਹ ਸ਼ੱਕਰ ਰੋਗ ਵਾਲੀ ਰੈਟੀਨੋਪੈਥੀ ਲਈ ਵੀ ਲਾਹੇਵੰਦ ਹੈ ਕਿਉਂਕਿ ਸ਼ੱਕਰ ਰੋਗ ਦੇ ਸ਼ਿਕਾਰ ਬਹੁਤ ਸਾਰੇ ਵਿਅਕਤੀਆਂ ਨੂੰ ਉਨ੍ਹਾਂ ਦੀਆਂ ਉਂਗਲਾਂ ਵਿੱਚ ਸੰਵੇਦਨਸ਼ੀਲਤਾ ਘੱਟ ਮਹਿਸੂਸ ਹੁੰਦੀ ਹੈ, ਜਿਸ ਦੇ ਸਿੱਟੇ ਵਜੋਂ ਉਹ ਬਰੇਲ ਦਾ ਇਸਤੇਮਾਲ ਨਹੀਂ ਕਰ ਸਕਦੇ।

ਅੱਖਾਂ ਦੇ ਪਰਦੇ ਦੀ ਸੋਜ ਜਾਂ ਉੱਚ ਫਰਕ ਦੇ ਮਾਮਲੇ ਵਿੱਚ ਪ੍ਰਦਰਸ਼ਨ ਤਕਨੀਕ ਵਰਤੋਂਕਾਰ ਨੂੰ ਅੱਖਰ ਪੜ੍ਹਨ ਵਿੱਚ ਮਦਦ ਕਰ ਸਕਦੀ ਹੈ।

ਆਈ ਸੀ ਟੀ ਸਿਰਫ ਇਥੋਂ ਤੱਕ ਹੀ ਸੀਮਤ ਨਹੀਂ ਹੈ, ਵੱਖ-ਵੱਖ ਅਕਾਰ ਦੇ ਸੰਚਾਲਨਯੋਗ ਪ੍ਰਤਿਰੋਪਾਂ ਨੂੰ ਅਨੁਕੂਲ ਕਰਕੇ, ਉਮਰ, ਕਮੀ, ਹਲਾਤਾਂ, ਬਿਮਾਰੀ ਜਾਂ ਨੁਕਸਾਨ ਕਾਰਨ ਕਮਜ਼ੋਰ ਹੋਈਆਂ ਜਾਂ ਨੁਕਸਾਨੀਆਂ ਗਈਆਂ ਅੱਖਾਂ ਦੀ ਮਾਸਪੇਸ਼ੀਆਂ ਦੀ ਸਹਾਇਤਾ ਲਈ ਵਰਤਿਆ ਜਾ ਸਕਦਾ ਹੈ। ਉਨ੍ਹਾਂ ਨੂੰ ਕੁਦਰਤੀ ਤਰੀਕੇ ਨਾਲ ਨਜ਼ਰ ਨੂੰ ਨਿਯੰਤ੍ਰਿਤ ਕਰਨ ਲਈ ਤਿਆਰ ਕੀਤਾ ਜਾ ਸਕਦਾ ਹੈ। ਨੁਕਸਾਨੇ ਗਏ ਜਾਂ ਨੁਕਸਦਾਰ ਅੱਖਾਂ ਦੇ ਤੰਤੂਆਂ ਦੇ ਮਾਮਲੇ ਵਿੱਚ ਇਲੈਕਟ੍ਰੋਡ ਜਾਂ ਪ੍ਰਤਿਰੋਪਾਂ ਨੂੰ ਨਸਾਂ ਜਾਂ ਦਿਮਾਗ਼ ਰਾਹੀਂ ਸਿੱਧੇ ਸੰਕੇਤ ਭੇਜਣ ਲਈ ਵਰਤਿਆ ਜਾ ਸਕਦਾ ਹੈ। ਸੰਕੇਤ ਪ੍ਰਾਪਤ ਕਰਨ ਅਤੇ ਨਜ਼ਰ ਨੂੰ ਦਰੁਸਤ ਕਰਨ ਲਈ ਇਲੈਕਟ੍ਰੋਡ ਅੰਦਰ ਪਾਏ ਜਾ ਸਕਦੇ ਹਨ ਜਾਂ ਚਮੜੀ ਦੇ ਤੰਤੂਆਂ ਨਾਲ ਜੋੜੇ ਜਾ ਸਕਦੇ ਹਨ।

ਹੱਥ ਵਿੱਚ ਫੜਨਵਾਲੇ ਉਪਕਰਨਾਂ ਅਤੇ ਨਿੱਜੀ ਕੰਪਿਊਟਰਾਂ ਨੂੰ ਬਰਾਬਰੀ ਵਾਲਾ ਮਾਹੌਲ ਰੱਖਣ ਲਈ ਤਿਆਰ ਕੀਤਾ ਜਾਂਦਾ ਹੈ। ਜਿਥੇ ਸਕਰੀਨ, ਕੀ-ਬੋਰਡ, ਮਾਊਸ ਆਦਿ ਨੂੰ ਲੋੜ ਮੁਤਾਬਕ ਠੀਕ ਕੀਤਾ ਜਾ ਸਕਦਾ ਹੈ ਜਾਂ ਵਰਤੋਂਕਾਰ ਦੀ ਲੋੜ ਮੁਤਾਬਕ ਕਿਸੇ ਵਿਸ਼ੇਸ਼ ਕਿਸਮ ਨੂੰ ਅਨੁਕੂਲ ਕੀਤਾ ਜਾ ਸਕਦਾ ਹੈ। ਆਈ ਸੀ ਟੀ ਉਪਕਰਨ ਏਕੀਕਰਨ ਯੋਗ ਹਨ ਅਤੇ ਇਨ੍ਹਾਂ ਨੂੰ ਨਵਾਂ ਯੰਤਰ ਬਣਾਉਣ ਜਾਂ ਇੱਕ ਨਵਾਂ ਕਾਰਜ ਕਰਨ ਲਈ ਜੋੜਿਆ ਜਾ ਸਕਦਾ ਹੈ। ਸਿਰਫ ਇਹੀ ਨਹੀਂ, ਮਸਨੂਈ ਚੌਕਸੀ (ਏ ਆਈ) ਉਪਕਰਨਾਂ ਨੂੰ ਤਿਆਰ ਕਰਕੇ ਸਵੈ-ਸਿੱਖਿਆ ਅਤੇ ਮੰਗ ਅਨੁਸਾਰ ਜਾਂ ਸਵੈਚਾਲਿਤ ਕੰਮ ਕਰਨ ਲਈ ਵਰਤਿਆ ਜਾ ਸਕਦਾ ਹੈ। ਇਸ ਦੀ ਇੱਕ ਉਦਾਹਰਣ ਮਾਈਕ੍ਰੋਸਾਫਟ ਦਾ 'ਸਿਟੀਜ਼-ਅਨਲਾਕਡ' ਪ੍ਰਾਜੈਕਟ ਹੈ। ਇਸ ਵਿੱਚ ਆਧੁਨਿਕ ਜੀ ਪੀ ਐੱਸ ਅਤੇ ਸਮਾਰਟ ਫ਼ੋਨ ਤਕਨੀਕ ਦੀ ਵਰਤੋਂ ਕਰਕੇ ਨਜ਼ਰ ਕਮਜ਼ੋਰ ਵਾਲੇ ਵਿਅਕਤੀਆਂ ਨੂੰ ਸ਼ਹਿਰਾਂ ਵਿੱਚ ਆਪਣੇ-ਆਪ ਤੁਰਨ ਫਿਰਨ ਲਈ ਮਦਦ ਮਿਲਦੀ ਹੈ। ਇਸ ਵਿੱਚ ਇਕ ਕੰਨਾਂ ਵਾਲਾ ਫ਼ੋਨ ਜਾਂ ਚਸ਼ਮੇ ਸ਼ਾਮਲ

*ਬਾਕੀ ਸਫ਼ਾ 30 ਉੱਤੇ*

# ਅਪਾਹਜਤਾ ਬਨਾਮ ਵੱਖਰੀ ਤਰ੍ਹਾਂ ਦੀਆਂ ਸਮਰੱਥਾਵਾਂ

ਅਰਚਨਾ ਸਿੰਘ

ਅਪਾਹਜ ਵਿਅਕਤੀਆਂ ਦੇ ਸਮਾਵੇਸ਼ ਲਈ ਇੱਕ ਭਾਵਮਈ ਕਵਿਤਾ ਵਾਂਗ, ਬਹੁਪੱਖੀ ਕੋਸ਼ਿਸ਼ਾਂ ਦੇ ਚਲਦੇ, ਭਾਰਤ ਨੇ ਰਾਜਧਾਨੀ ਦਿੱਲੀ ਦੇ ਸਭ ਤੋਂ ਉੱਘੇ ਸਥਾਨ ਵਿਗਿਆਨ ਭਵਨ ਵਿੱਚ ਇਸ ਸਾਲ 'ਭਾਰਤ ਪਹੁੰਚ ਮੁਹਿੰਮ' ਦੀ ਸ਼ੁਰੂਆਤ ਕੀਤੀ। ਇਸ ਦੀ ਇਕੋ-ਇੱਕ ਅਤੇ ਸਭ ਤੋਂ ਕੌੜੀ ਸਚਾਈ ਇਹ ਸੀ ਕਿ ਮੁਹਿੰਮ ਸ਼ੁਰੂ ਕਰਨ ਦੇ ਸਥਾਨ ਉਤੇ ਪਹੁੰਚਣਾ ਹੀ ਔਖਾ ਸੀ। ਇਹ ਕਿਹੋ ਜਿਹੀ ਵਿਡੰਬਨਾ ਹੈ। ਪਰ ਇਸ ਨੂੰ ਜਰਾ ਹਟ ਕੇ ਦੇਖੋ। ਇਸ ਤੋਂ ਹੱਥ ਹੇਠਲੇ ਕਾਰਜ ਦੀ ਵਿਸ਼ਾਲਤਾ ਅਤੇ ਉਸ ਦੇ ਅਕਾਰ ਬਾਰੇ ਪਤਾ ਚਲਦਾ ਹੈ।

ਅਜਿਹੇ ਹਲਾਤ ਦੀ ਸੂਚੀ ਨਾ ਖਤਮ ਹੋਣ ਵਾਲੀ ਹੈ। ਸੰਯੁਕਤ ਰਾਸ਼ਟਰ ਅਨੁਸਾਰ – 100 ਕਰੋੜ ਤੋਂ ਵੱਧ ਲੋਕ, ਦੁਨੀਆਂ ਦੀ ਕੁੱਲ ਅਬਾਦੀ ਦਾ 15 ਪ੍ਰਤਿਸ਼ਤ ਕਿਸੇ ਨਾ ਕਿਸੇ ਅਪਾਹਜਤਾ ਦਾ ਸ਼ਿਕਾਰ ਹਨ। ਭਾਰਤ ਦੀ 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਤੋਂ ਪਤਾ ਚਲਦਾ ਹੈ ਕਿ ਦੇਸ਼ ਵਿੱਚ 2 ਕਰੋੜ 60 ਲੱਖ ਲੋਕ ਅਪਾਹਜ ਹਨ, ਜੋ ਗਿਣਤੀ ਅਸਟਰੇਲੀਆ ਦੀ ਕੁੱਲ ਅਬਾਦੀ ਨਾਲੋਂ ਵੱਧ ਹੈ।

ਭਾਰਤ ਇੱਕ ਤੇਜ਼ੀ ਨਾਲ ਵਿਕਸਤ ਹੋ ਰਹੀ ਵਿਕਾਸਸ਼ੀਲ ਆਰਥਿਕਤਾ ਹੈ, ਜਿਸ ਨੇ ਤੇਜੀ ਨਾਲ ਪ੍ਰਗਤੀ ਕੀਤੀ ਹੈ ਅਤੇ ਹਲੇ ਵੀ ਤੇਜ ਰਫ਼ਤਾਰ ਨਾਲ ਪ੍ਰਗਤੀ ਕਰ ਰਹੀ ਹੈ। ਪਰ ਸਾਰੀ ਉੱਨਤੀ ਦੇ ਚਲਦੇ ਜੋ ਅਸੀਂ ਹਾਸਲ ਕਰ ਰਹੇ ਹਾਂ, ਹਲੇ ਵੀ ਕੁੱਝ ਕਮੀਆਂ ਹਨ। ਇਸ ਦੇ ਸਾਹਮਣੇ ਚੁਨੌਤੀ ਇਹ ਹੈ, ਅਪਾਹਜਤਾ ਨੂੰ 'ਅਪਾਹਜਤਾ ਵਾਲੇ ਇਨਸਾਨ' ਵਜੋਂ ਪਛਾਨਣਾ। ਇਹ ਸ਼ਾਇਦ ਕਾਫੀ ਨਹੀਂ ਸੀ ਕਿ ਸਮਾਜ ਵਿੱਚ ਅਕਸਰ ਅਪਾਹਜਤਾ ਵਾਲੇ ਇਨਸਾਨ ਵੱਲ ਲੋਕ ਉਸ ਦੀ ਅਜੀਬ ਸਰੀਰਕ ਦਿੱਖ ਕਰਕੇ ਦੇਖਦੇ ਹਨ, ਭਾਰਤ 'ਚ ਇਕ ਅਜਿਹੇ ਕਨੂੰਨੀ ਦਸਤਾਵੇਜ਼ ਦੀ ਲੋੜ ਪੈਂਦੀ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਉਹ ਅਪਾਹਜ ਵਿਅਕਤੀ ਹੈ। ਅਜਿਹਾ ਦਸਤਾਵੇਜ਼, ਜਾਰੀ ਕਰਨ ਵਾਲੇ ਇੱਕ ਨਿਰਧਾਰਤ ਅਧਿਕਾਰੀ ਤੋਂ ਹੀ ਲੈਣਾ ਹੁੰਦਾ ਹੈ।

## ਅਪਾਹਜ ਵਿਅਕਤੀ ਕੌਣ ਹੈ?

ਭਾਰਤ ਵਿੱਚ, ਸਰਕਾਰ ਵਲੋਂ ਗਠਿਤ ਮੈਡੀਕਲ ਮਾਹਰਾਂ ਦਾ ਇਕ ਬੋਰਡ ਸਰੀਰਕ ਜਾਂਚ ਕਰਕੇ ਫੈਸਲਾ ਕਰਦਾ ਹੈ ਕਿ ਕੋਈ ਵਿਅਕਤੀ ਅਪਾਹਜ ਹੈ ਜਾਂ ਨਹੀਂ। ਉਹ ਇਹ ਵੀ ਫੈਸਲਾ ਕਰਦੇ ਹਨ ਕਿ ਤੁਹਾਡੀ ਅਪਾਹਜਤਾ 40 ਪ੍ਰਤਿਸ਼ਤ ਜਾਂ ਉਸ ਤੋਂ ਵੱਧ ਹੈ ਜਾਂ ਨਹੀਂ ਤਾਂ ਕਿ ਤੁਹਾਨੂੰ ਅਪਾਹਜਤਾ ਸਰਟੀਫਿਕੇਟ ਜਾਰੀ ਕੀਤਾ ਜਾ ਸਕੇ। ਇਸ ਤੋਂ ਇਲਾਵਾ, ਸਿਰਫ ਅਜਿਹੀ ਅਪਾਹਜਤਾ ਨੂੰ ਹੀ ਧਿਆਨ ਵਿੱਚ ਲਿਆ ਜਾਂਦਾ ਹੈ ਜਿਸ ਨੂੰ ਕਨੂੰਨੀ ਤੌਰ ਤੇ ਅਪਾਹਜਤਾ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੋਵੇ। ਕਿਸੇ ਨੂੰ ਵੀ, ਅਪਾਹਜ ਵਿਅਕਤੀਆਂ ਨੂੰ ਮਿਲਣ ਵਾਲੇ ਸਰਕਾਰੀ ਲਾਭ, ਉਸ ਨੂੰ ਅਜਿਹਾ ਸਰਟੀਫਿਕੇਟ ਜਾਰੀ ਹੋਣ ਦੀ ਸੂਰਤ ਵਿੱਚ ਹੀ ਮਿਲ ਸਕਦੇ ਹਨ। ਇਸ ਨੂੰ ਹਾਸਲ ਕਰਨ ਦੀ ਪ੍ਰਕਿਰਿਆ ਵਿੱਚ ਸਮਾਂ ਲਗਦਾ ਹੈ ਅਤੇ ਇਹ ਇੰਨੀ ਅਸਾਨ ਵੀ ਨਹੀਂ ਹੈ ਪਰ ਇਸ ਨੂੰ ਅਜਿਹਾ ਇਸ ਲਈ ਬਣਾਇਆ ਗਿਆ ਹੈ ਤਾਂ ਕਿ ਕਿਸੇ ਵੀ ਸੰਭਾਵਤ ਦੁਰਵਰਤੋਂ ਨੂੰ ਰੋਕਿਆ ਜਾ ਸਕੇ। 21ਵੀਂ ਸਦੀ ਵਿੱਚ ਜਿਥੇ ਅਸੀਂ ਡਿਜੀਟਲ ਭਾਰਤ ਅਤੇ ਤਕਨਾਲੋਜੀ ਦੀ ਧਾਰਨਾ ਨੂੰ ਆਮ ਹੋਣਾ ਦੇਖਦੇ ਹਾਂ, ਅਪਾਹਜਤਾ ਦਾ ਸਰਟੀਫਿਕੇਟ ਹਾਸਲ ਕਰਨ ਵਿੱਚ ਇੱਕ ਸਵਾਗਤਯੋਗ ਬਦਲਾਅ ਹੋ ਸਕਦਾ ਹੈ।

## ਅਪਾਹਜਤਾ ਦਾ ਸਰਟੀਫਿਕੇਟ ਬਣਾਉਣਾ

ਸਭ ਤੋਂ ਪਹਿਲਾ ਕਦਮ ਅਪਾਹਜਤਾ ਸਰਟੀਫਿਕੇਟ ਜਾਰੀ ਕਰਨ ਲਈ ਅਰਜ਼ੀ ਦੇਣੀ ਹੁੰਦਾ ਹੈ। 2009 ਵਿੱਚ ਜਾਰੀ ਨੋਟੀਫਿਕੇਸ਼ਨ ਵਿੱਚ ਅਪਾਹਜ ਵਿਅਕਤੀਆਂ ਲਈ ਸੋਧੇ ਗਏ ਨਿਯਮਾਂ ਅਨੁਸਾਰ – ਕੋਈ ਅੰਗਹੀਣ ਵਿਅਕਤੀ ਜਿਸ ਨੇ ਸਰਟੀਫਿਕੇਟ ਲੈਣਾ ਹੋਵੇ, ਨਿਯਮਿਤ ਫਾਰਮ ਭਰ ਕੇ (ਜੋ ਸਮਾਜਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਦੀ ਵੈੱਬਸਾਈਟ ਉਪਰ ਉਪਲਬਧ ਹੈ) ਅਰਜ਼ੀ ਦੇ ਸਕਦਾ ਹੈ ਜਿਸ ਨਾਲ ਰਹਾਇਸ਼ ਦਾ ਸਬੂਤ ਅਤੇ ਹਾਲ ਹੀ ਵਿੱਚ ਖਿੱਚੀਆਂ ਦੋ ਪਾਸਪੋਰਟ ਸਾਈਜ਼ ਫੋਟੋਆਂ ਲੱਗੀਆਂ ਹੋਣੀਆਂ ਚਾਹੀਦੀਆਂ ਹਨ। ਉਸ ਤੋਂ ਬਾਅਦ, ਉਹ ਅਰਜ਼ੀ, ਉਸ ਦੀ ਰਹਾਇਸ਼ ਅਨੁਸਾਰ ਜ਼ਿਲ੍ਹੇ ਦੇ ਉਚਿਤ ਮੈਡੀਕਲ ਅਫ਼ਸਰ ਕੋਲ, ਜਿਸ ਨੂੰ ਅਜਿਹਾ ਸਰਟੀਫਿਕੇਟ ਜਾਰੀ ਕਰਨ ਦਾ ਅਧਿਕਾਰ ਹੋਵੇ ਜਾਂ ਸਬੰਧਤ ਮੈਡੀਕਲ ਅਫਸਰ ਕੋਲ ਸਰਕਾਰੀ ਹਸਪਤਾਲ ਵਿੱਚ ਭੇਜ ਦਿੱਤੀ ਜਾਂਦੀ ਹੈ ਜਿਥੇ ਉਸ ਦੀ ਅਪਾਹਜਤਾ ਦਾ ਇਲਾਜ ਹੋਇਆ ਹੋਵੇ ਜਾਂ ਇਲਾਜ ਚਲ ਰਿਹਾ ਹੋਵੇ। ਜੇਕਰ ਅਪਾਹਜ ਵਿਅਕਤੀ ਨਾਬਾਲਗ ਹੋਵੇ ਜਾਂ ਦਿਮਾਗ਼ੀ ਤੌਰ ਤੇ ਅਪਾਹਜ ਹੋਵੇ ਜਾਂ ਹੋਰ ਅਜਿਹੀ ਅਪਾਹਜਤਾ ਝੱਲ ਰਿਹਾ ਹੋਵੇ ਜਿਸ ਨਾਲ ਉਹ ਖ਼ੁਦ ਅਰਜ਼ੀ ਨਾ ਦੇ ਸਕਦਾ ਹੋਵੇ ਤਾਂ ਇਨ੍ਹਾਂ ਸੂਰਤਾਂ ਵਿੱਚ ਉਸ ਵਲੋਂ ਅਰਜ਼ੀ ਉਸ ਦੇ ਕਨੂੰਨੀ ਸਰਪ੍ਰਸਤ ਵਲੋਂ ਦਿੱਤੀ ਜਾ ਸਕਦੀ ਹੈ।

ਅਗਲਾ ਕਦਮ ਅਪਾਹਜਤਾ ਸਰਟੀਫਿਕੇਟ ਜਾਰੀ ਕਰਨ ਦਾ ਹੈ। ਅਰਜ਼ੀ ਮਿਲ ਜਾਣ ਤੋਂ ਬਾਅਦ ਸਬੰਧਤ ਮੈਡੀਕਲ ਅਧਿਕਾਰੀ ਆਪਣੀ ਪੂਰੀ ਤਸੱਲੀ ਕਰਕੇ ਕਿ ਅਰਜ਼ੀ ਦੇਣ ਵਾਲਾ ਅਪਾਹਜ ਵਿਅਕਤੀ (ਸਮਾਨ ਅਧਿਕਾਰ, ਅਧਿਕਾਰਾਂ ਦੀ ਰੱਖਿਆ ਅਤੇ ਪੂਰੀ ਤਰ੍ਹਾਂ ਸ਼ਮੂਲੀਅਤ) ਕਨੂੰਨ 1995 ਉਤੇ ਖਰਾ ਉਤਰਦਾ ਹੈ, ਤਾਂ ਜਿਥੋਂ ਤੱਕ ਸੰਭਵ ਹੋ ਸਕੇ ਅਰਜ਼ੀ ਮਿਲਣ ਦੇ ਇੱਕ ਹਫ਼ਤੇ ਦੇ ਅੰਦਰ-ਅੰਦਰ ਸਰਟੀਫਿਕੇਟ ਜਾਰੀ ਕਰ

ਦੇਵੇ, ਪਰ ਕਿਸੇ ਸੂਰਤ ਵਿੱਚ ਵੀ, ਇਸ ਕੰਮ ਲਈ ਇਕ ਮਹੀਨੇ ਤੋਂ ਵੱਧ ਸਮਾਂ ਨਾ ਲਗਾਵੇ। ਮੈਡੀਕਲ ਅਫਸਰ, ਚੰਗੀ ਤਰ੍ਹਾਂ ਜਾਂਚ ਪੜਤਾਲ ਕਰਕੇ, ਜਿੱਥੇ ਸਮਾਂ ਬੀਤਣ ਨਾਲ ਅਪਾਹਜਤਾ ਦੀ ਦਰ ਵਿੱਚ ਕੋਈ ਫਰਕ ਪੈਣ ਦੀ ਉਮੀਦ ਨਾ ਹੋਵੇ, ਸਥਾਈ ਅਪਾਹਜਤਾ ਸਰਟੀਫਿਕੇਟ ਪ੍ਰਦਾਨ ਕਰਦਾ ਹੈ। ਉਹ ਆਪਣੀ ਰਾਏ ਅਨੁਸਾਰ ਅੰਗਹੀਣਤਾ ਸਰਟੀਫਿਕੇਟ ਕਿਸੇ ਵਿਸ਼ੇਸ਼ ਮਿਆਦ ਲਈ ਵੀ ਦੇ ਸਕਦਾ ਹੈ ਜਿਥੇ ਉਸ ਨੂੰ ਤਸੱਲੀ ਹੋਵੇ ਕਿ ਅਜੋਕੇ ਸਮੇਂ ਬਾਅਦ ਅਪਾਹਜਤਾ ਵਿੱਚ ਸੁਧਾਰ ਆਉਣ ਦੀ ਆਸ ਹੈ।

ਜੇਕਰ ਕਿਸੇ ਵਿਅਕਤੀ ਨੂੰ ਅਪਾਹਜਤਾ ਸਰਟੀਫਿਕੇਟ ਜਾਰੀ ਕਰਨ ਦੇ ਨਾਕਾਬਲ ਸਮਝਿਆ ਜਾਂਦਾ ਹੈ ਤਾਂ ਅਜਿਹੀ ਸੂਰਤ ਵਿੱਚ ਮੈਡੀਕਲ ਅਧਿਕਾਰੀ ਨੂੰ ਉਸ ਦੀ ਅਰਜ਼ੀ ਰੱਦ ਕਰਨ ਦਾ ਕਾਰਨ ਸਮਝਾਉਣਾ ਹੁੰਦਾ ਹੈ ਅਤੇ ਅਜਿਹੇ ਕਾਰਨ ਲਿਖਤ ਰੂਪ ਵਿੱਚ ਵੀ ਦੇਣੇ ਹੁੰਦੇ ਹਨ।

ਜਦੋਂ ਕਿਸੇ ਅਰਜ਼ੀ ਨੂੰ ਨਕਾਰ ਦਿੱਤਾ ਜਾਵੇ ਤਾਂ – ਅੰਗਹੀਣਤਾ ਸਰਟੀਫਿਕੇਟ ਜਾਰੀ ਕਰਨ ਜਾਂ ਜਾਰੀ ਕਰਨ ਤੋਂ ਮਨ੍ਹਾਂ ਕਰਨ ਦੇ ਫੈਸਲੇ ਉਪਰ ਮੁੜ ਵਿਚਾਰ ਲਈ ਤੀਸਰਾ ਕਦਮ ਚੁੱਕਿਆ ਜਾਂਦਾ ਹੈ। ਅਜਿਹੇ ਹਲਾਤਾਂ ਵਿੱਚ, ਕੋਈ ਵੀ ਵਿਅਕਤੀ ਜੋ ਉਸ ਨੂੰ ਸਰਟੀਫਿਕੇਟ ਦੀ ਕਿਸਮ ਬਾਰੇ, ਜੋ ਉਸ ਨੂੰ ਜਾਰੀ ਕੀਤਾ ਗਿਆ ਹੈ ਜਾਂ ਉਸ ਨੂੰ ਸਰਟੀਫਿਕੇਟ ਜਾਰੀ ਕਰਨ ਤੋਂ ਇਨਕਾਰ ਅਨੁਸਾਰ ਜੇਕਰ ਉਹ ਸੰਤੁਸ਼ਟ ਨਾ ਹੋਵੇ ਤਾਂ ਮੈਡੀਕਲ ਅਧਿਕਾਰੀ ਕੋਲ ਮੁੜ ਤੋਂ ਵਿਚਾਰ ਲਈ ਪ੍ਰਾਰਥਨਾ ਕਰ ਸਕਦਾ ਹੈ। ਅਜਿਹੀ ਪ੍ਰਕਿਰਿਆ ਯਕੀਨੀ ਬਣਾਈ ਗਈ ਹੈ ਜਿਸ ਵਿੱਚ ਇੱਕ ਹੋਰ ਵਿਵਸਥਾ ਕੀਤੀ ਗਈ ਹੈ ਕਿ ਜੇਕਰ ਅਪਾਹਜਤਾ ਵਾਲਾ ਵਿਅਕਤੀ ਨਾਬਾਲਗ ਹੋਵੇ ਜਾਂ ਦਿਮਾਗ਼ੀ ਤੌਰ ਤੇ ਅਪਾਹਜ ਹੋਵੇ ਜਾਂ ਕਿਸੇ ਹੋਰ ਅਪਾਹਜਤਾ ਨਾਲ ਪੀੜਤ ਹੋਵੇ ਜਿਸ ਕਾਰਨ ਉਹ ਆਪਣੇ ਆਪ ਅਜਿਹੀ ਪ੍ਰਾਰਥਨਾ ਅਰਜ਼ੀ ਦੇਣ ਤੋਂ ਅਸਮਰਥ ਹੋਵੇ ਤਾਂ ਉਸ ਦਾ ਕੋਈ ਕਨੂੰਨੀ ਸਰਪਰਸਤ ਇਹ ਕੰਮ ਕਰ ਸਕਦਾ ਹੈ।

## ਕੌਣ ਫੈਸਲਾ ਕਰਦਾ ਹੈ ਕਿ ਮੈਂ ਅਪਾਹਜ ਵਿਅਕਤੀ ਹਾਂ ਜਾਂ ਨਹੀਂ?

ਰਾਜ ਪੱਧਰ ਉਤੇ ਜਾਂ ਜ਼ਿਲ੍ਹਾ ਪੱਧਰ ਉਤੇ ਸਬੰਧਤ ਸਥਾਪਤ ਮੈਡੀਕਲ ਬੋਰਡ, ਅਪਾਹਜਤਾ ਦਾ ਸਰਟੀਫਿਕੇਟ ਜਾਰੀ ਕਰਦੇ ਹਨ। ਬੋਰਡ ਵਿੱਚ ਜ਼ਿਲ੍ਹੇ ਦਾ ਚੀਫ਼ ਮੈਡੀਕਲ ਅਫ਼ਸਰ/ਸਬ ਡਵੀਜ਼ਨਲ ਮੈਡੀਕਲ ਅਫ਼ਸਰ ਅਤੇ ਨਿਸ਼ਚਿਤ ਖੇਤਰ ਵਿੱਚੋਂ ਇੱਕ ਹੋਰ ਮਾਹਰ ਸ਼ਾਮਲ ਹੁੰਦੇ ਹਨ। ਉਦਾਹਰਣ ਦੇ ਤੌਰ ਤੇ, ਅੱਖਾਂ ਦੀ ਰੋਸ਼ਨੀ ਦੀ ਹੀਣਤਾ ਦੇ ਸਬੰਧ ਵਿੱਚ ਅੱਖਾਂ ਦਾ ਸਰਜਨ, ਬੋਲਣ ਅਤੇ ਸੁਣਨ ਦੇ ਵਕਾਰ ਦੀ ਸੂਰਤ ਵਿੱਚ ਇਕ ਈ ਐੱਨ ਟੀ ਸਰਜਨ ਜਾਂ ਸੁਣਨ ਕਿਰਿਆ ਮਾਹਰ, ਭੌਤਿਕ ਅਪਾਹਜਤਾ ਦੀ ਸੂਰਤ ਵਿੱਚ ਹੱਡੀਆਂ ਦਾ ਸਰਜਨ ਜਾਂ ਸਰੀਰਕ ਦਵਾਈਆਂ ਅਤੇ ਸਰੀਰਕ ਪੁਨਰਰਚਨਾ ਮਾਹਰ ਅਤੇ ਦਿਮਾਗੀ ਕਮਜ਼ੋਰੀ ਲਈ ਇਕ ਮਨੋ ਚਕਿਤਸਕ, ਇਕ ਰੋਗਾਂ ਦਾ ਮਾਹਰ ਮਨੋਵਿਗਿਆਨਕ ਜਾਂ ਵਿਸ਼ੇਸ਼ ਕਿਸਮ ਦੀ ਸਿੱਖਿਆ ਵਾਲਾ ਅਧਿਆਪਕ।

## ਚੁਨੌਤੀਆਂ

ਕਿਸੇ ਵੀ ਸਮਾਜ ਨੂੰ ਆਪਣੇ ਕਿਸੇ ਵੀ ਮੈਂਬਰ ਦੀ ਅਪਾਹਜਤਾ ਨੂੰ ਇਸ ਤਰ੍ਹਾਂ ਲੈਣਾ ਚਾਹੀਦਾ ਹੈ ਕਿ ਅਪਾਹਜ ਵਿਅਕਤੀ ਦੀ ਖੁਦਮੁਖਤਿਆਰੀ ਅਤੇ ਮਨੁੱਖੀ ਅਧਿਕਾਰਾਂ ਨੂੰ ਮਾਣ ਮਿਲੇ ਅਤੇ ਉਸ ਨੂੰ ਇੱਕ ਤਸੱਲੀਬਖਸ਼ ਜੀਵਨ ਜਿਊਣ ਦੀ ਖੁੱਲ੍ਹ ਹੋਵੇ। ਹਰ ਦੇਸ਼ ਨੂੰ ਵੀ ਆਪਣੀ ਸਮਰਥਾ ਅਨੁਸਾਰ ਆਪਣੇ ਨਾਗਰਿਕਾਂ ਦੀ ਅਪਾਹਜਤਾ ਵੱਲ ਧਿਆਨ ਦੇਣਾ ਚਾਹੀਦਾ ਹੈ। ਸਚਮੁੱਚ, ਇੱਕ ਸਮਾਜ ਵਿੱਚ ਅਪਾਹਜ ਕਰਨ ਵਾਲੀਆਂ ਹਾਲਤਾਂ ਦੂਜੇ ਵਿੱਚ ਇਹੋ ਜਿਹੀਆਂ ਨਾਂ ਹੋਣ ਜਾਂ ਸੱਭਿਆਚਾਰਕ ਅਤੇ ਸਥਾਨਕ ਭਿੰਨਤਾਵਾਂ ਕਰਕੇ ਇਸੇ ਪੱਧਰ ਦੀਆਂ ਨਾਂ ਹੋਣ (ਉਦਾਹਰਣ ਵਜੋਂ ਇੱਕ ਸ਼ਹਿਰ ਵਿੱਚ ਸਰੀਰਕ ਅਪਾਹਜਤਾ ਪੇਂਡੂ ਇਲਾਕੇ ਦੇ ਮੁਕਾਬਲੇ ਵਸੀਲਿਆਂ ਕਰਕੇ ਹੋ ਸਕਦਾ ਹੈ ਇਤਨੀ ਸੀਮਿਤ ਨਾਂ ਹੋਵੇ। ਇਸ ਤੋਂ ਇਲਾਵਾ ਵੱਖ-ਵੱਖ ਸਮਾਜਾਂ ਵਿੱਚ ਅਜਿਹੇ ਵਿਅਕਤੀਆਂ ਦੀ ਭਰਪਾਈ ਦੀ ਮਦਦ ਲਈ ਜਾਂ ਅਪਾਹਜਤਾ ਦੀ ਸਮਾਈ ਲਈ ਵੱਖ-ਵੱਖ ਪੱਧਰ ਦੇ ਵਸੀਲੇ ਹੋ ਸਕਦੇ ਹਨ।

ਅਪਾਹਜਤਾ ਦੇ ਸਰਟੀਫਿਕੇਟ ਦੇ ਸਬੰਧ ਵਿੱਚ ਜੋ ਇਸ ਨੂੰ ਬਿਲਕੁਲ ਵੱਖਰਾ ਬਣਾਉਂਦਾ ਹੈ ਅਤੇ ਬਹੁਤਾ ਕਰਕੇ ਅੱਖੋਂ ਪਰੋਖੇ ਕੀਤਾ ਜਾ ਸਕਦਾ ਹੈ, ਉਹ ਹੈ ਅਜਿਹਾ ਸਰਟੀਫਿਕੇਟ ਹਾਸਲ ਕਰਨ ਤੋਂ ਬਾਅਦ ਅਜਿਹੇ ਵਿਅਕਤੀ ਦੇ ਨਿੱਜੀ ਮਾਮਲਿਆਂ ਉਪਰ ਹਮਲਾ। ਅੱਜਕੱਲ੍ਹ, ਅਪਾਹਜਤਾ ਸਰਟੀਫਿਕੇਟ ਨੂੰ ਸਰਕਾਰੀ ਤੇ ਨਿੱਜੀ ਦਫ਼ਤਰਾਂ ਵਿੱਚ ਰਿਆਇਤੀ ਸਰਟੀਫਿਕੇਟ ਦੇ ਤੌਰ ਤੇ ਜਾਂ ਲਾਭ ਪ੍ਰਾਪਤ ਕਰਨ ਲਈ ਦਿਖਾਉਣ ਦੀ ਲੋੜ ਹੁੰਦੀ ਹੈ। ਅੱਗੋਂ ਰਿਆਇਤੀ ਸਰਟੀਫਿਕੇਟ ਨੂੰ ਕਈ ਕਿਸਮ ਦੇ ਗ਼ੈਰ ਸਿਹਤ ਪੇਸ਼ੇਵਰਾਂ ਨੂੰ ਲਾਭ ਪ੍ਰਾਪਤ ਕਰਨ ਲਈ ਦਿਖਾਉਣਾ ਪੈਂਦਾ ਹੈ। ਉਦਾਹਰਣ ਦੇ ਤੌਰ ਤੇ, ਕਿਸੇ ਵੀ ਰੇਲਵੇ ਸਟੇਸ਼ਨ ਉਤੇ, ਟਿਕਟ ਕਲਰਕ ਨੂੰ ਰਿਆਇਤੀ ਟਿਕਟ ਜਾਂ ਮਹੀਨੇ ਦਾ ਪਾਸ ਲੈਣ ਲਈ ਰਿਆਇਤੀ ਸਰਟੀਫਿਕੇਟ ਦਿਖਾਉਣਾ ਪੈਂਦਾ ਹੈ, ਹਰ ਪੜਾਅ ਉਤੇ, ਅਜਿਹੇ ਵਿਅਕਤੀ ਦੀ ਅੰਗਹੀਣਤਾ ਦੀ ਕਿਸਮ ਦਸਤਾਵੇਜ਼ੀ ਹੋ ਜਾਂਦੀ ਹੈ ਅਤੇ ਹੋ ਸਕਦਾ ਹੈ ਉਹ ਲੋਕ ਜੋ ਅਜਿਹੇ ਵਿਅਕਤੀ ਬਾਰੇ ਜਾਣਕਾਰੀ ਰਖਣ ਲਈ ਕਿਸੇ ਕਾਇਦੇ ਕਾਨੂੰਨ ਜਾਂ ਕਿਸੇ ਨੈਤਿਕਤਾ ਦੇ ਜ਼ਾਬਤੇ ਦੇ ਬੰਧਨ ਵਿੱਚ ਨਾ ਹੋਣ ਉਸ ਬਾਰੇ ਜਾਣਕਾਰੀ ਹਾਸਲ ਕਰ ਲੈਣ ਜੋ ਕਿਸੇ ਵੀ ਅਪਾਹਜ ਵਿਅਕਤੀ ਲਈ ਦੁੱਖ ਦਾ ਕਾਰਨ ਹੋ ਸਕਦਾ ਹੈ।

ਕਈ ਕਿਸਮ ਦੀਆਂ ਮੁਸ਼ਕਲਾਂ ਦੀ ਸੂਚੀ ਵਿੱਚੋਂ, ਕੁੱਝ ਹੇਠ ਦਿੱਤੀਆਂ ਜਾ ਰਹੀਆਂ ਹਨ :

- ਸਿਹਤ ਬਾਰੇ ਜਾਣਕਾਰੀ ਗੁਪਤ ਰਖਣ ਉਪਰ ਅਸਰ।
- ਅੰਤਰਮੁਖੀ ਰੋਗ ਦੀ ਪਛਾਣ।
- 40 ਪ੍ਰਤਿਸ਼ਤ ਦੀ ਹੱਦ 'ਚ ਅਸਪੱਸ਼ਟਤਾ।
- ਲੰਬੀ ਪ੍ਰਕਿਰਿਆ।
- ਕੋਈ ਮਿਆਰੀਕਰਨ ਨਹੀਂ।
- ਮਨੋਬਿਰਤੀ ਬੰਦਸ਼ਾਂ।
- ਲੇਬਲ ਕਰਨਾ।
- ਬਰਾਬਰ ਮੌਕਿਆਂ ਦੇ ਅਧਿਕਾਰਾਂ ਦੀ ਉਲੰਘਣਾ।

## ਲਾਭ

ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ। ਦੋਹਾਂ ਪਹਿਲੂਆਂ ਦਾ ਆਪਣਾ ਮਹੱਤਵ ਹੈ। ਜਿਥੇ ਕਈ ਵਿਅਕਤੀਆਂ ਵਲੋਂ ਅਪਾਹਜਤਾ ਵਾਲੇ ਅਖਵਾਉਣ ਦੀ ਸੋਚ ਪਸੰਦ ਨਾ ਕੀਤੀ ਜਾ ਰਹੀ ਹੋਵੇ ਉਥੇ ਅਜਿਹੇ ਵਿਅਕਤੀ ਵੀ ਹਨ ਜੋ ਇਸ ਦੀ ਹੋਂਦ ਕਾਰਨ ਵਧ-ਫੁਲ ਰਹੇ ਹਨ। ਅਪਾਹਜਤਾ ਦਾ ਸਰਟੀਫਿਕੇਟ ਅਜਿਹੇ ਵਿਅਕਤੀ ਲਈ ਸਿਰਫ਼ ਇਕ ਦਸਤਾਵੇਜ਼ ਹੀ ਨਹੀਂ ਹੈ ਸਗੋਂ ਉਸ ਦੀ ਅਪਾਹਜਤਾ ਦਾ ਸਬੂਤ ਹੈ ਅਤੇ ਉਸ ਨੂੰ ਵੱਖ-ਵੱਖ ਕਨੂੰਨਾਂ ਅਧੀਨ ਕੇਂਦਰ ਅਤੇ ਰਾਜ ਸਰਕਾਰਾਂ

ਤੋਂ ਮਿਲਣ ਵਾਲੇ ਲਾਭਾਂ, ਸਹੂਲਤਾਂ, ਅਧਿਕਾਰਾਂ, ਜਿਨ੍ਹਾਂ ਦਾ ਉਹ ਮਾਹਰ ਹੈ, ਲਈ ਇਕ ਮਹੱਤਵਪੂਰਨ ਹਥਿਆਰ ਹੈ।

- ਜਨਤਕ ਅਤੇ ਨਿੱਜੀ ਖੇਤਰ ਵਿੱਚ ਵਿਸ਼ੇਸ਼ ਵਿਵਸਥਾਵਾਂ।
- ਰੇਲ ਵਿੱਚ 70 ਪ੍ਰਤਿਸ਼ਤ ਤੱਕ ਰਿਆਇਤ।
- 5 ਪ੍ਰਤਿਸ਼ਤ ਆਵਾਜਾਈ ਭੱਤਾ।
- 40,000 ਰੁਪਏ ਤੱਕ ਆਮਦਨ ਕਰ ਤੋਂ ਛੋਟ।
- ਸਰਕਾਰੀ ਖੇਤਰ ਦੇ ਬੈਂਕਾਂ ਵਲੋਂ ਆਰਥਿਕ ਸਹਾਇਤਾ।
- 60 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ ਮਾਲੀ ਸਹਾਇਤਾ।
- ਘੱਟ ਆਮਦਨ ਪਰਿਵਾਰਾਂ ਨੂੰ ਮਾਲੀ ਸਹਾਇਤਾ।
- ਉਨ੍ਹਾਂ, ਪਰਿਵਾਰਾਂ ਨੂੰ ਜਿਨ੍ਹਾਂ ਦੇ ਮੁੱਖ ਰੋਜ਼ੀ ਰੋਟੀ ਕਮਾਉਣ ਵਾਲੇ ਦੀ ਮੌਤ ਹੋ ਗਈ ਹੋਵੇ, ਪਰਿਵਾਰਕ ਲਾਭ।
- ਕੋਹੜ ਦੇ ਰੋਗੀਆਂ ਨੂੰ ਮਾਲੀ ਸਹਾਇਤਾ।
- ਦਿੱਲੀ ਵਿੱਚ ਰਹਿਣ ਵਾਲੇ ਲੋਕਾਂ ਨੂੰ ਮਾਲੀ ਸਹਾਇਤਾ।
- ਸਰਕਾਰੀ ਸਕੀਮਾਂ ਦਾ ਲਾਭ।

## ਤਬਦੀਲੀ ਦੀ ਸੂਰਤ ਵਿੱਚ

ਅੰਤ ਵਿੱਚ ਦੇਸ਼ ਅਪਾਹਜ ਵਿਅਕਤੀਆਂ ਬਾਰੇ ਸੋਚ ਰਿਹਾ ਹੈ ਅਤੇ ਉਨ੍ਹਾਂ ਨੂੰ ਮੌਕੇ ਦੇ ਰਿਹਾ ਹੈ। ਖ਼ੈਰ ਅਪਾਹਜ ਵਿਅਕਤੀ ਕਨੂੰਨ 1995 ਦੇ ਲਾਗੂ ਹੋਣ ਦੇ ਦੋ ਦਹਾਕੇ ਬਾਅਦ, ਨੀਤੀਆਂ ਬਣਨ ਲੱਗੀਆਂ ਹਨ। ਇਨ੍ਹਾਂ ਦਾ ਉਦੇਸ਼ ਅਪਾਹਜ ਵਿਅਕਤੀਆਂ ਨੂੰ ਆਪਣੀ ਪੂਰੀ ਸਮਰਥਾ ਤੱਕ ਪਹੁੰਚਣ ਅਤੇ ਦੂਸਰੇ ਲੋਕਾਂ ਨਾਲ ਮਿਲ ਕੇ ਪੂਰੀ ਤਰ੍ਹਾਂ ਸਮਾਜ ਵਿੱਚ ਸ਼ਾਮਲ ਹੋਣ ਲਈ ਸੁਖਾਵਾਂ ਵਾਤਾਵਰਨ ਦੇਣਾ ਹੈ। ਇਹ ਤੱਥ ਕਿ ਇਹ ਲੇਖ ਸੂਚਨਾ ਅਤੇ ਪ੍ਰਸਾਰਣ ਮੰਤਰਾਲਾ ਦੇ ਇਕ ਮੈਗਜ਼ੀਨ ਵਿੱਚ ਛਪ ਰਿਹਾ ਹੈ ਇਸ ਗੱਲ ਦਾ ਸਬੂਤ ਹੈ ਕਿ ਇਹ ਤਬਦੀਲੀ ਹੁਣ ਸ਼ੁਰੂ ਹੋ ਗਈ ਹੈ। ਕਿੰਨੇ ਹੀ ਉਤਸ਼ਾਹਪੂਰਨ ਬਿਰਤਾਂਤਾਂ ਨੇ ਬਾਰ-ਬਾਰ ਇਹ ਸਾਬਤ ਕੀਤਾ ਹੈ ਕਿ ਅਪਾਹਜਤਾ ਕੁੱਝ ਵੀ ਨਹੀਂ ਪਰ ਇੱਕ ਦਿਮਾਗ਼ੀ ਸੋਚ ਹੀ ਹੈ। ਇਹ ਉਹ ਰੁਕਾਵਟਾਂ ਹੀ ਹਨ ਜੋ 'ਗ਼ੈਰ-ਅਪਾਹਜ' ਭਾਈਚਾਰੇ ਦੁਆਰਾ ਖੜ੍ਹੀਆਂ ਕੀਤੀਆਂ ਹਨ ਜੋ ਇੱਕ ਅਪਾਹਜ ਵਿਅਕਤੀ ਵਿੱਚ ਉਸ ਦੀ ਅਪਾਹਜਤਾ ਦੇ ਬਜਾਏ ਅਪਾਹਜਤਾ ਦਾ ਕਾਰਨ ਬਣਦੀਆਂ ਹਨ।

ਇੱਕ ਸਮੁੱਚੇ ਅਤੇ ਪਹੁੰਚਯੋਗ ਭਾਰਤ ਦੀ ਸਵੇਰ ਹੁਣ ਹੋ ਚੁੱਕੀ ਹੈ।

*(ਲੇਖਕ ਪਰਸਨਜ਼ ਵਿਦ ਡਿਸਅਬਿਲਟੀ ਲਈ ਰੀਸਰਚ ਐਂਡ ਪਬਲੀਕੇਸ਼ਨਜ਼ ਸਕਿਲ ਕੌਂਸਲ ਸਟੈਂਡਰਜ਼ ਐਂਡ ਐਸ਼ੋਰੈਂਸ ਦੇ ਮੁਖੀ ਹਨ)*

*e-mail :archana.singh@scpwd.in*

***ਸਫ਼ਾ 27 ਦਾ ਬਾਕੀ***

ਹਨ ਜਿਸ ਵਿੱਚ ਇਕ ਵੇਗ ਮਾਪਣ ਵਾਲਾ ਯੰਤਰ, ਗਾਇਰੋਮੀਟਰ, ਕੰਪਾਸ ਅਤੇ ਹੈੱਡਫ਼ੋਨ ਦੇ ਵੱਖ-ਵੱਖ ਹਿੱਸਿਆਂ ਵਿੱਚ ਕੰਪਾਸ ਅਤੇ ਸਪੀਕਰ ਹੁੰਦੇ ਹਨ ਜੋ ਵੱਖ-ਵੱਖ ਦਿਸ਼ਾਵਾਂ ਤੋਂ ਆਉਣ ਵਾਲੀ ਅਵਾਜ਼ ਦਾ ਪ੍ਰਭਾਵ ਦਿੰਦੇ ਹਨ। ਵਰਤੋਂਕਾਰ ਵਲੋਂ ਬਲਿਊਟੁੱਥ ਉਤੇ ਸਿਰਫ਼ 'ਮਾਲੂਮ ਕਰਨਾ' ਦੇ ਬਟਨ ਨੂੰ ਦਬਾਉਣ ਨਾਲ ਉਹ ਆਪਣੀ ਸਹੀ ਸਥਿਤੀ ਅਤੇ ਆਪਣੇ ਆਲੇ-ਦੁਆਲੇ ਦੇ ਵੇਰਵੇ ਜਾਣ ਸਕਦਾ ਹੈ। ਇਸ ਵਿੱਚ ਇਕ ਕੈਮਰਾ ਵੀ ਲੱਗਾ ਹੁੰਦਾ ਹੈ ਜੋ ਲੋਕਾਂ ਅਤੇ ਚੀਜ਼ਾਂ ਨੂੰ ਪਛਾਣ ਸਕਦਾ ਹੈ ਅਤੇ ਵਰਤੋਂਕਾਰ ਨੂੰ ਘਟਨਾਵਾਂ ਬਾਰੇ ਸੂਚਿਤ ਕਰ ਸਕਦਾ ਹੈ।

ਆਧੁਨਿਕ ਬਰੇਲ ਨੂੰ ਵੀ ਵਿਕਸਤ ਕੀਤਾ ਜਾ ਰਿਹਾ ਹੈ ਜਿਥੇ ਨਾ ਕੇਵਲ ਤੇਜ਼ੀ ਨਾਲ ਪੜ੍ਹਨਾ ਹੀ ਸੰਭਵ ਹੋਵੇਗਾ ਸਗੋਂ ਮਹਿੰਗਾ ਬਰੇਲ ਪ੍ਰਿੰਟਰ ਖਰੀਦਣ ਦੀ ਵੀ ਲੋੜ ਨਹੀਂ ਹੋਵੇਗੀ। ਸਿਰਫ਼ ਮੌਜੂਦਾ ਤਕਨੀਕ ਨਾਲ ਬੁੱਧੀਮਾਨ ਸਮੱਗਰੀ ਨੂੰ ਮਿਲਾ ਕੇ ਕੋਈ ਵੀ ਕਿਤਾਬ, ਪੜ੍ਹਨ ਦੀ ਸਮੱਗਰੀ ਆਦਿ ਨੂੰ ਸਿੱਧੇ ਬਰੇਲ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ ਜਿਥੇ ਸਤ੍ਹਾ ਆਪਣਾ ਅਕਾਰ ਬਦਲ ਕੇ ਬਰੇਲ ਦੇ ਉਭਾਰ ਬਣਾ ਦਿੰਦਾ ਹੈ ਜਿਸ ਨੂੰ ਮਹਿਸੂਸ ਕਰਕੇ ਵਰਤੋਂਕਾਰ ਪੜ੍ਹ ਸਕਦਾ ਹੈ।

ਨਿੱਜੀ ਐਲਾਨ ਅਤੇ ਪ੍ਰਣਾਲੀਆਂ ਅਤੇ ਅੱਖਰਾਂ ਤੋਂ ਬੋਲਚਾਲ ਵਿੱਚ ਤਬਦੀਲ ਕਰਨ ਵਾਲੇ ਉਪਕਰਨ ਵੀ ਅਪੰਗ ਵਿਅਕਤੀਆਂ ਦੀ ਜ਼ਿੰਦਗੀ ਸੌਖੀ ਕਰਨ ਲਈ ਲਾਹੇਵੰਦ ਹਨ।

## ਸਾਰ

ਆਈ ਸੀ ਟੀ ਦੀ ਲਗਾਤਾਰ ਉਤਪਤੀ ਹੋ ਰਹੀ ਹੈ ਅਤੇ ਨਵੀਆਂ ਤਕਨੀਕਾਂ ਦੇ ਵਿਕਸਤ ਹੋਣ ਨਾਲ ਇਹ ਅਪੰਗ ਵਿਅਕਤੀਆਂ, ਖ਼ਾਸ ਕਰਕੇ ਨਜ਼ਰ ਦੀ ਅਪੰਗਤਾ ਵਾਲੇ ਵਿਅਕਤੀਆਂ ਦੇ ਪਾੜੇ ਨੂੰ ਪੂਰਨ ਲਈ ਜ਼ਿੰਮੇਵਾਰ ਹੈ। ਕਿਉਂਕਿ ਕਿਸੇ ਵੀ ਵਿਅਕਤੀ ਦੀ ਨਜ਼ਰ ਨੂੰ ਪ੍ਰਭਾਵਤ ਕਰਨ ਵਾਲੇ ਹਲਾਤ ਵਿਲੱਖਣ ਹੁੰਦੇ ਹਨ, ਇਸ ਲਈ ਇਨ੍ਹਾਂ ਦੇ ਹੱਲ ਵੀ ਵਿਲੱਖਣ ਹੋਣੇ ਚਾਹੀਦੇ ਹਨ। ਆਈ ਸੀ ਟੀ ਵਰਤੋਂਕਾਰ ਦੀ ਲੋੜ ਮੁਤਾਬਕ ਉਪਕਰਨ ਬਣਾਉਣ ਵਿੱਚ ਮਦਦ ਕਰਦੀ ਹੈ ਅਤੇ ਵਰਤੋਂਕਾਰ ਦੀ ਜ਼ਿੰਦਗੀ ਸੌਖੀ ਬਣਾਉਣ ਲਈ ਇਨ੍ਹਾਂ ਨੂੰ ਹੋਰ ਅਨੁਕੂਲ ਕੀਤਾ ਜਾ ਸਕਦਾ ਹੈ। ਸਹਾਇਕ ਉਪਕਰਨਾਂ ਦੀ ਵਰਤੋਂ ਨਾਲ ਆਧੁਨਿਕ ਮਸ਼ੀਨਾਂ ਆਪਣੇ ਆਪ ਸਿੱਖ ਸਕਦੀਆਂ ਹਨ ਅਤੇ ਇਸੇ ਨੂੰ ਹੀ ਸੰਦਰਭ ਦੀ ਬਿਹਤਰ ਸਮੀਖਿਆ ਅਤੇ ਦਿੱਤੇ ਸੰਦਰਭ ਵਿੱਚ ਉੱਚ ਸਹੂਲਤਾਂ ਵਾਲੇ ਸਥਾਨ ਲਈ ਵਰਤਿਆ ਜਾ ਸਕਦਾ ਹੈ।

*(ਲੇਖਕ ਇਨਫਾਰਮੇਸ਼ਨ ਐਂਡ ਕਮਨੀਕੇਸ਼ਨ ਟੈਕਨਾਲੋਜੀ ਪੇਟੈਂਟਸ ਬਾਰੇ ਦਿੱਲੀ ਯੂਨੀਵਰਸਟੀ ਦੇ ਰੀਸਰਚ ਸਕਾਲਰ ਹਨ)*

*e-mail :amitsinghnewel@gmail.com*

### ਉੱਤਰ-ਪੂਰਬ ਵਿੱਚ ਅੰਤਰਰਾਸ਼ਟਰੀ ਇੰਟਰਨੈੱਟ ਗੇਟਵੇ

ਸਰਕਾਰ ਨੇ ਬੰਗਲਾਦੇਸ਼ ਸਬਮੈਰੀਨ ਕੰਪਨੀ ਲਿਮਟਿਡ ਦੀਆਂ ਸੇਵਾਵਾਂ ਲੈ ਕੇ ਦੇਸ਼ ਵਿੱਚ ਦੂਰ ਸੰਚਾਰ ਸਮਰਥਾ ਵਿੱਚ ਸੁਧਾਰ ਲਿਆਉਣ ਲਈ ਅਗਰਤਲਾ ਵਿਖੇ ਅੰਤਰਰਾਸ਼ਟਰੀ ਇੰਟਰਨੈੱਟ ਗੇਟਵੇ ਸਥਾਪਤ ਕੀਤਾ ਹੈ। ਇਸ ਅੰਤਰਰਾਸ਼ਟਰੀ ਇੰਟਰਨੈੱਟ ਗੇਟਵੇ ਦੇ ਰਸਮੀ ਤੌਰ ਤੇ ਸ਼ੁਰੂ ਹੋ ਜਾਣ ਨਾਲ, ਤ੍ਰਿਪੁਰਾ ਦੇਸ਼ ਦਾ ਅਜਿਹੇ ਗੇਟਵੇ ਵਾਲਾ ਮੁੰਬਈ ਅਤੇ ਚੇਨੱਈ ਤੋਂ ਬਾਅਦ ਤੀਸਰਾ ਰਾਜ ਬਣ ਜਾਵੇਗਾ। ਸਭ ਉੱਤਰ ਪੂਰਬੀ ਰਾਜਾਂ ਨੂੰ ਇਸ ਇੰਟਰਨੈੱਟ ਗੇਟਵੇ ਤੋਂ ਲਾਭ ਮਿਲੇਗਾ। ਉੱਤਰ-ਪੂਰਬੀ ਖੇਤਰ ਵਿੱਚ 5,336.18 ਕਰੋੜ ਰੁਪਏ ਦੀ ਲਾਗਤ ਨਾਲ ਇਕ ਵਿਆਪਕ ਦੂਰ-ਸੰਚਾਰ ਵਿਕਾਸ ਯੋਜਨਾ ਲਾਗੂ ਕੀਤੀ ਜਾ ਰਹੀ ਹੈ ਜਿਸ ਅਧੀਨ ਅਰੁਨਾਚਲ ਪ੍ਰਦੇਸ਼, ਅਸਾਮ ਦੇ ਦੋ ਜ਼ਿਲ੍ਹਿਆਂ ਅਤੇ ਉੱਤਰ-ਪੂਰਬ ਦੇ ਹੋਰ ਰਾਜਾਂ ਵਿੱਚ ਮੋਬਾਈਲ ਸੇਵਾ ਦੇ ਨਾਲ-ਨਾਲ ਸਭ ਰਾਸ਼ਟਰੀ ਰਾਜਮਾਰਗਾਂ ਤੇ ਮੋਬਾਈਲ ਸੇਵਾ ਅਤੇ ਜ਼ਿਲ੍ਹਾ ਪੱਧਰ ਉਤੇ ਆਪਟੀਕਲ ਫਾਈਬਰ ਸੇਵਾ ਮਾਰਚ 2018 ਤੱਕ ਪੂਰੀ ਕਰਨ ਦੀ ਯੋਜਨਾ ਬਣਾਈ ਗਈ ਹੈ।

# ਭਾਰਤ ਵਿੱਚ ਵੱਖਰੀ ਤਰ੍ਹਾਂ ਸਮਰੱਥਾਂ ਦੀ ਸਿਹਤ ਅਤੇ ਸੁਰੱਖਿਆ

✍ ਸ਼ਸ਼ੀ ਰਾਣੀ

ਵਿਸ਼ਵ ਸਿਹਤ ਸੰਸਥਾ ਦੇ ਅਨੁਮਾਨਾਂ ਮੁਤਾਬਕ, ਦੁਨੀਆਂ ਭਰ ਵਿੱਚ ਇੱਕ ਬਿਲੀਅਨ ਤੋਂ ਵੱਧ ਵਿਅਕਤੀ ਕਿਸੇ ਨਾ ਕਿਸੇ ਪ੍ਰਕਾਰ ਦੀ ਅਸਮਰੱਥਾ ਦਾ ਸ਼ਿਕਾਰ ਹਨ, ਜਿਨ੍ਹਾਂ ਵਿੱਚੋਂ 200 ਮਿਲੀਅਨ ਨੂੰ ਤੁਰਨ ਫਿਰਨ ਤੇ ਕੰਮ ਕਾਰ ਕਰਨ ਵਿੱਚ ਬਹੁਤ ਕਠਿਨਾਈ ਦਾ ਸਾਹਮਣਾ ਕਰਨਾ ਪੈਂਦਾ ਹੈ। ਦੁਨੀਆਂ ਭਰ ਵਿੱਚ ਫੈਲੇ ਅਪੰਗ ਵਿਅਕਤੀਆਂ ਨੂੰ ਜ਼ਿੰਦਗੀ ਵਿੱਚ ਕਈ ਰੁਕਾਵਟਾਂ ਪੇਸ਼ ਆਉਂਦੀਆਂ ਹਨ। ਵੱਖ-ਵੱਖ ਕਾਰਨਾਂ ਕਰਕੇ ਉਹ ਸਮਾਜਕ ਤੇ ਆਰਥਿਕ ਤੌਰ ਤੇ ਵੀ ਪਛੜੇ ਹੋਏ ਹਨ ਜੋ ਉਨ੍ਹਾਂ ਉਤੇ ਸਿੱਧੇ ਜਾਂ ਅਸਿੱਧੇ ਤੌਰ ਤੇ ਅਸਰ ਪਾਉਂਦੇ ਹਨ।

2011 ਵਿੱਚ ਵਿਸ਼ਵ ਸਿਹਤ ਸੰਸਥਾ ਨੇ ਅਸਮਰੱਥਾ ਬਾਰੇ ਵਿਸ਼ਵ ਰਿਪੋਰਟ (ਡਬਲਿਯੂ ਆਰ ਡੀ) ਜਾਰੀ ਕੀਤੀ। ਬਹੁ-ਵਿਧਾਈ ਪਹੁੰਚ ਅਪਨਾ ਕੇ ਅਸਮਰੱਥਾ ਦੀ ਢੁੱਕਵੀਂ ਤੇ ਆਮ ਸਮਝ ਪ੍ਰਾਪਤ ਕਰਨ ਦਾ ਇਹ ਪਲੇਠਾ ਯਤਨ ਸੀ। ਅਸਮਰੱਥਾ ਨੂੰ ਪਰਿਭਾਸ਼ਿਤ ਕਰਦਿਆਂ, ਅਸਮਰੱਥਾ ਬਾਰੇ ਵਿਸ਼ਵ ਰਿਪੋਰਟ, ਅਸਮਰੱਥਾ ਦੇ ਮੈਡੀਕਲ ਆਯਾਮ ਦੇ ਪ੍ਰਤਿਬੰਧਕ ਵਿਚਾਰ ਨੂੰ ਪਾਸੇ ਕਰਦੇ ਹੋਏ ਸਪੱਸ਼ਟ ਕਰਦੀ ਹੈ ਕਿ ਡਾਕਟਰੀ ਤੇ ਸਮਾਜਕ ਮਾਡਲ ਇੱਕ ਦੂਜੇ ਦੇ ਪੂਰਕ ਨਹੀਂ ਹਨ। ਇਸ ਰਿਪੋਰਟ ਵਿੱਚ ਦਲੀਲ ਦਿੱਤੀ ਗਈ ਹੈ ਕਿ ਅਸਮਰੱਥਾ ਇੱਕ ਜਟਿਲ, ਬਹੁ-ਆਯਾਮੀ ਸਿਧਾਂਤ ਹੈ। ਇਹ ਬੁਨਿਆਦੀ ਤੌਰ ਤੇ ਗਤੀਸ਼ੀਲ ਕਿਸਮ ਦਾ ਹੈ ਜੋ ਮਨੁੱਖੀ ਸਰੀਰ ਵਿਗਿਆਨ ਦੇ ਸੁਭਾਵਕ ਪੱਖਾਂ ਅਤੇ ਸਰੀਰਕ, ਅਤੇ ਮਨੁੱਖੀ ਡੀਲ-ਡੌਲ, ਸਮਾਜਕ ਅਤੇ ਵਿਹਾਰਕ ਵਾਤਾਵਰਨ ਨਾਲ ਸਬੰਧ ਸਥਾਪਤ ਕਰਦਾ ਹੈ। ਅਸਮਰੱਥਾ ਬਾਰੇ ਵਿਸ਼ਵ ਰਿਪੋਰਟ ਕਾਰਜਸ਼ੀਲਤਾ ਦੇ ਏਕੀਕ੍ਰਿਤ ਮਾਡਲ ਅਤੇ ਅਸਮਰੱਥਾ ਨੂੰ ਪ੍ਰਦਰਸ਼ਿਤ ਕਰਦੀ ਹੈ ਜਿਵੇਂ ਕਿ ਕਾਰਜਸ਼ੀਲਤਾ ਅਸਮਰੱਥਾ ਅਤੇ ਸਿਹਤ ਦੀ ਅੰਤਰਰਾਸ਼ਟਰੀ ਵਰਗ ਵੰਡ (ਆਈ ਸੀ ਐੱਫ) ਵਿੱਚ ਪ੍ਰਗਟਾਵਾ ਕੀਤਾ ਗਿਆ ਹੈ।

ਭਾਰਤ ਵਿੱਚ ਅਸਮਰੱਥਾ ਵਾਲੇ ਵਿਅਕਤੀਆਂ (ਬਰਾਬਰ ਮੌਕੇ, ਹੱਕਾਂ ਦੀ ਰਾਖੀ, ਪੂਰਨ ਭਾਗੀਦਾਰੀ ਐਕਟ, 1995, ਏਸ਼ੀਆ ਅਤੇ ਪ੍ਰਸ਼ਾਂਤ ਖੇਤਰ ਵਿੱਚ ਅਸਮਰੱਥਾ ਵਾਲੇ ਵਿਅਕਤੀਆਂ ਨੂੰ ਪੂਰਨ ਭਾਗੀਦਾਰੀ ਅਤੇ ਬਰਾਬਰੀ ਦੀ ਘੋਸ਼ਣਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਲਾਗੂ ਕੀਤਾ ਗਿਆ ਸੀ। ਇਸ ਦੀ ਅਸਮਰੱਥਾ ਦੀ ਪਰਿਭਾਸ਼ਾ ਮੁਤਾਬਕ "ਅਸਮਰੱਥਾ" ਦਾ ਮਤਲਬ ਹੈ (1) ਨੇਤਰਹੀਣਤਾ; (2) ਕਮਜ਼ੋਰ ਨਜ਼ਰ; (3) ਕੋਹੜ – ਠੀਕ ਹੋਇਆ; (4) ਸੁਣਾਈ ਨਾ ਦੇਣਾ; (5) ਗਤੀਸ਼ੀਲਤਾ ਦੀ ਅਸਮਰੱਥਾ; (6) ਮਾਨਸਿਕ ਨੁਕਸ; (7) ਦਿਮਾਗ਼ੀ ਬਿਮਾਰੀ ਆਦਿ। ਪ੍ਰਮਾਣ ਪੱਤਰ ਪ੍ਰਾਪਤ ਕਰਨ ਲਈ ਇਹ 'ਅਸਮਰੱਥਾ ਵਾਲੇ ਵਿਅਕਤੀ' ਦਾ ਹਵਾਲਾ ਦਿੰਦੀ ਹੈ, ਜਿਸ ਦਾ ਮਤਲਬ ਹੈ ਅਜਿਹਾ ਵਿਅਕਤੀ ਜੋ ਕਿਸੇ ਵੀ ਪ੍ਰਕਾਰ ਦੀ ਅਪੰਗਤਾ ਤੋਂ 40 ਪ੍ਰਤਿਸ਼ਤ ਤੋਂ ਘੱਟ ਪੀੜਤ ਨਾ ਹੋਵੇ, ਜਿਵੇਂ ਕਿ ਅਧਿਕਾਰਤ ਡਾਕਟਰੀ ਅਥਾਰਟੀ ਵਲੋਂ ਪ੍ਰਮਾਣਿਤ ਕੀਤਾ ਗਿਆ ਹੈ।

ਅਪੰਗਤਾ ਦੀ ਮਾਤਰਾ ਦੀ ਢੁੱਕਵੀਂ ਸਮੀਖਿਆ ਅਤੇ ਅੰਕੜੇ ਇਕੱਤਰ ਕਰਨ ਦੇ ਮਾਮਲੇ ਵਿੱਚ ਮੁਢਲੀ ਜ਼ਰੂਰਤ ਅਪੰਗਤਾ ਦੀ ਇੱਕ ਸਾਂਝੀ ਪਰਿਭਾਸ਼ਾ ਹੋਣ ਦੀ ਹੈ ਜਿਸ ਨੂੰ ਸਾਰੇ ਸੰਸਥਾਨਾਂ ਵਲੋਂ ਪ੍ਰਵਾਨ ਕੀਤਾ ਜਾਵੇ। ਮੌਜੂਦਾ ਸਮੇਂ ਭਾਰਤ ਵਿੱਚ ਅਪੰਗਤਾ ਦੀ ਧਾਰਨਾ, ਅੰਕੜੇ ਅਤੇ ਨਤੀਜੇ ਇਕੱਤਰ ਕਰਨ ਦੇ ਢੰਗ ਤਰੀਕਿਆਂ ਵਿੱਚ ਫਰਕ ਦਾ ਸਾਹਮਣਾ ਕਰ ਰਿਹਾ ਹੈ। ਉਚਿਤ ਸੇਵਾਵਾਂ ਦੇਣ ਲਈ ਅਪੰਗਤਾ ਬਾਰੇ ਆਮ ਰਾਇ ਹੋਣਾ ਜ਼ਰੂਰੀ ਹੈ। ਇਸ ਦੀ ਅਣਹੋਂਦ ਵਿੱਚ ਅਪੰਗਤਾ ਤੋਂ ਪੀੜਤ ਬਹੁਤ ਸਾਰੇ ਵਿਅਕਤੀ ਇੱਕ ਜਾਂ ਦੂਜੇ ਅਧਿਕਾਰਤ ਅੰਕੜਿਆਂ ਵਿੱਚ ਸ਼ਾਮਲ ਹੋਣੋਂ ਵਾਂਝੇ ਰਹਿ ਜਾਂਦੇ ਹਨ। ਇਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਢੁੱਕਵੀਆਂ ਸੇਵਾਵਾਂ ਹਾਸਲ ਨਹੀਂ ਹੁੰਦੀਆਂ। ਸੰਯੁਕਤ ਰਾਸ਼ਟਰ ਅਪੰਗਤਾ ਕਨਵੈਨਸ਼ਨ ਵਲੋਂ ਅਪੰਗਤਾ ਨੂੰ ਵਿਸ਼ੇਸ਼ ਸ਼ਰਤਾਂ ਤੇ ਲੱਛਣਾਂ ਅਧੀਨ ਪਰਿਭਾਸ਼ਿਤ ਨਾ ਕਰਨ ਦੀ ਵਕਾਲਤ ਕੀਤੀ ਗਈ ਕਿਉਂਕਿ ਇਸ ਦਾ ਮੰਨਣਾ ਹੈ ਕਿ 'ਅਪੰਗਤਾ ਇੱਕ ਲਗਾਤਾਰ ਬਦਲ ਰਹੀ ਧਾਰਨਾ' ਹੈ। ਇਸ ਦੇ ਮੱਦੇਨਜ਼ਰ ਡਬਲਿਯੂ ਆਰ ਡੀ, 2011 ਅਪੰਗਤਾ ਨੂੰ ਸਿਹਤ ਦੀ ਇੱਕ ਹਾਲਤ ਦੇ ਪ੍ਰਭਾਵ ਵਜੋਂ ਵੇਖਣ ਦੀ ਬਜਾਇ ਕਾਰਜਸ਼ੀਲਤਾ ਅਤੇ ਅਪੰਗਤਾ ਦੇ ਇੱਕ ਨਵੇਂ ਏਕੀਕ੍ਰਿਤ ਮਾਡਲ ਵਜੋਂ ਵੇਖਣ ਵੱਲ ਇੱਕ ਮਿਸਾਲੀ ਬਦਲਾਅ ਪੇਸ਼ ਕਰਦੀ ਹੈ ਜੋ ਅਪੰਗਤਾ ਨੂੰ, ਵਾਤਾਵਰਨ ਅਤੇ ਨਿੱਜੀ ਕਾਰਨਾਂ ਦੇ ਸੁਮੇਲ ਨਾਲ ਸਿਹਤ ਦੀ ਇੱਕ ਹਾਲਤ ਵਜੋਂ ਸਮਝਦੀ ਹੈ।

### ਸਿਹਤ ਤੇ ਸੁਰੱਖਿਆ ਦੇ ਮੁੱਦੇ ਅਤੇ ਸਮੱਸਿਆਵਾਂ

2011 ਦੀ ਮਰਦਮਸ਼ੁਮਾਰੀ ਵਿੱਚ ਇਹ ਦੱਸਿਆ ਗਿਆ ਹੈ ਕਿ ਭਾਰਤ ਵਿੱਚ 26 ਮਿਲੀਅਨ ਤੋਂ ਵੱਧ ਲੋਕ ਕਿਸੇ ਨਾ ਕਿਸੇ ਪ੍ਰਕਾਰ ਦੀ ਅਪੰਗਤਾ ਦੇ ਸ਼ਿਕਾਰ ਹਨ। ਇਹ ਕੁੱਲ ਜਨਸੰਖਿਆ ਦਾ 2.21 ਪ੍ਰਤਿਸ਼ਤ ਬਣਦਾ ਹੈ। ਦੇਸ਼ ਦੇ ਕੁੱਲ ਅਪੰਗ ਵਿਅਕਤੀਆਂ ਵਿੱਚੋਂ 14.48 ਮਿਲੀਅਨ ਪੁਰਸ਼ ਹਨ ਅਤੇ 11.82 ਮਿਲੀਅਨ ਔਰਤਾਂ। ਅਪੰਗਤਾ ਦੀ ਦਰ (100,000 ਜਨਸੰਖਿਆ ਪਿੱਛੇ ਅਪੰਗ ਵਿਅਕਤੀਆਂ ਦੀ ਗਿਣਤੀ) ਦੇਸ਼ ਵਿੱਚ 2,215 ਬਣਦੀ ਹੈ। ਪੁਰਸ਼ਾਂ ਦੇ ਮਾਮਲੇ ਵਿੱਚ ਇਹ ਦਰ 2405 ਅਤੇ ਔਰਤਾਂ ਵਿੱਚ 2013 ਬਣਦੀ ਹੈ।

2001 ਦੀ ਮਰਦਮਸ਼ੁਮਾਰੀ ਵਿੱਚ ਵਰਨਣ

ਅਧੀਨ ਪੰਜ ਕਿਸਮ ਦੀ ਅਪੰਗਤਾ ਵਿੱਚ, ਜਿਸ ਨੂੰ ਅੱਗੋਂ 8 ਵਰਗਾਂ ਵਿੱਚ ਵੰਡ ਕੇ ਅੰਕੜੇ ਇਕੱਤਰ ਕੀਤੇ ਗਏ ਹਨ, ਤੁਰਨ ਫਿਰਨ ਦੀ ਅਪੰਗਤਾ 20.28 ਪ੍ਰਤਿਸ਼ਤ ਨਾਲ ਸਭ ਤੋਂ ਵੱਧ ਹੈ। ਇਸ ਲੜੀ ਵਿੱਚ ਦੂਜੀਆਂ ਸ਼੍ਰੇਣੀਆਂ ਇਸ ਪ੍ਰਕਾਰ ਹਨ: ਸੁਣਨ ਦੀ ਅਪੰਗਤਾ (18.92 ਪ੍ਰਤਿਸ਼ਤ), ਦੇਖਣ ਦੀ ਅਪੰਗਤਾ(18.77 ਪ੍ਰਤਿਸ਼ਤ), ਕੋਈ ਹੋਰ ਅਪੰਗਤਾ (ਜਿਸ ਦਾ ਵਰਨਣ ਨਹੀਂ ਕੀਤਾ ਗਿਆ) (18.38 ਪ੍ਰਤਿਸ਼ਤ), ਦਿਮਾਗੀ ਅਪੰਗਤਾ (8.31 ਪ੍ਰਤਿਸ਼ਤ) ਅਤੇ ਬਹੁਪੱਖੀ ਦੀ ਅਪੰਗਤਾ (7.89 ਪ੍ਰਤਿਸ਼ਤ)। ਜੇ ਅਸੀਂ 2001 ਅਤੇ 2011 ਦੇ ਮਰਦਮਸ਼ੁਮਾਰੀ ਦੇ ਅੰਕੜਿਆਂ ਦੀ ਕੁੱਲ ਜਨਸੰਖਿਆ ਦੇ ਪ੍ਰਤਿਸ਼ਤ ਵਜੋਂ ਤੁਲਨਾ ਕਰੀਏ ਤਾਂ ਇਹ ਪਤਾ ਲਗਦਾ ਹੈ ਕਿ ਬੋਲਣ ਅਤੇ ਸੁਣਨ ਦੀ ਅਪੰਗਤਾ ਵਧ ਰਹੀ ਹੈ। 2001 ਵਿੱਚ ਇਹ 0.16 ਪ੍ਰਤਿਸ਼ਤ ਅਤੇ 0.12 ਪ੍ਰਤਿਸ਼ਤ ਸੀ ਅਤੇ ਸੁਣਨ ਵਿੱਚ ਇਹ ਮਮੂਲੀ ਵਧ ਕੇ 0.17 ਪ੍ਰਤਿਸ਼ਤ ਹੋ ਗਈ। ਬੋਲਣ ਦੀ ਅਪੰਗਤਾ ਵਿੱਚ ਜ਼ਿਆਦਾ ਵਾਧਾ ਹੋ ਕੇ ਇਹ 0.42 ਪ੍ਰਤਿਸ਼ਤ ਹੋ ਗਈ। ਕੁੱਲ ਅਪੰਗ ਜਨਸੰਖਿਆ ਦੇ ਪ੍ਰਤਿਸ਼ਤ ਵਜੋਂ 2011 ਵਿੱਚ ਵੇਖਣ ਅਤੇ ਤੁਰਨ ਫਿਰਨ ਦੀ ਅਪੰਗਤਾ ਵਿੱਚ ਵੱਡੀ ਗਿਰਾਵਟ ਆਈ। ਇਹ ਘਟ ਕੇ 18.77 ਪ੍ਰਤਿਸ਼ਤ ਹੋ ਗਈ ਜਦ ਕਿ 2001 ਦੀ ਮਰਦਮਸ਼ੁਮਾਰੀ ਵਿੱਚ ਇਹ ਅੰਕੜੇ ਕ੍ਰਮਵਾਰ 48.55 ਪ੍ਰਤਿਸ਼ਤ ਅਤੇ 27.87 ਪ੍ਰਤਿਸ਼ਤ ਸਨ। ਪਰ ਸੁਣਨ, ਦੂਜੀਆਂ ਅਤੇ ਬਹੁਪੱਖੀ ਅਪੰਗਤਾ ਵਿੱਚ ਵਾਧਾ ਹੋ ਗਿਆ।

2011 ਵਿੱਚ ਪੁਰਸ਼-ਔਰਤ ਅਪੰਗਤਾ ਦੇ ਮਾਮਲੇ ਵਿੱਚ ਖੁਲਾਸਾ ਹੋਇਆ ਕਿ ਮਰਦਾਂ ਵਿੱਚ ਬੋਲਣ ਅਤੇ ਦਿਮਾਗ਼ੀ ਅਪੰਗਤਾ ਵਿੱਚ ਵਾਧਾ ਹੋਇਆ ਹੈ ਜਦ ਕਿ ਔਰਤਾਂ ਵਿੱਚ ਦੇਖਣ, ਸੁਣਨ, ਦੂਜੀਆਂ ਅਤੇ ਬਹੁਪੱਖੀ ਅਪੰਗਤਾ ਪੁਰਸ਼ਾਂ ਦੇ ਮੁਕਾਬਲੇ ਜ਼ਿਆਦਾ ਹੈ ਜੋ ਕਿ ਸਿਹਤ ਤੇ ਸੁਰੱਖਿਆ ਪੱਖੋਂ ਫਿਕਰਮੰਦੀ ਵਾਲੀ ਗੱਲ ਹੈ। ਇਸ ਨਾਲ ਅਨੇਕ ਪੱਧਰ ਉਤੇ ਸਿੱਝਣ ਦੀ ਲੋੜ ਹੈ। 2011 ਦੀ ਮਰਦਮਸ਼ੁਮਾਰੀ ਵਿੱਚ ਇਹ ਪ੍ਰਗਟਾਵਾ ਵੀ ਕੀਤਾ ਗਿਆ ਕਿ ਦਿਹਾਤੀ-ਸ਼ਹਿਰੀ ਖੇਤਰਾਂ ਦੇ ਮਾਮਲੇ ਵਿੱਚ, ਸ਼ਹਿਰੀ ਖੇਤਰਾਂ ਵਿੱਚ ਅਪੰਗਤਾ ਵੱਡੀ ਚਿੰਤਾ ਦਾ ਵਿਸ਼ਾ ਹੈ ਜਿੱਥੇ ਦਿਹਾਤੀ ਖੇਤਰਾਂ ਦੇ ਮੁਕਾਬਲੇ ਸਿਹਤ ਤੇ ਸੁਰੱਖਿਆ ਸਹੂਲਤਾਂ ਅਸਾਨੀ ਨਾਲ ਉਪਲਬਧ ਹਨ। ਸ਼ਹਿਰੀ ਖੇਤਰਾਂ ਵਿੱਚ ਤੁਰਨ ਫਿਰਨ ਨੂੰ ਛੱਡ ਕੇ ਸਾਰੀਆਂ ਹੀ ਅਪੰਗਤਾ ਵਧੀਆਂ ਹਨ ਜੋ ਕਿ ਸਿਹਤ ਤੇ ਸੁਰੱਖਿਆ ਦੀ ਪ੍ਰਮੁੱਖ ਚਿੰਤਾ ਹੈ। ਅੰਕੜੇ ਤਾਲਿਕਾ-1 ਵਿੱਚ ਦਿੱਤੇ ਗਏ ਹਨ।

ਅਪੰਗਤਾ ਬਹੁਤ ਹੀ ਭਿੰਨਤਾ ਵਾਲੀ ਹੈ ਅਤੇ ਸਿਹਤ ਤੇ ਸੁਰੱਖਿਆ ਦੇ ਮੁੱਦਿਆਂ ਦਾ ਵਰਗੀਕਰਨ ਸੰਭਵ ਨਹੀਂ। ਜੇ ਅਸੀਂ ਲੋਕਾਂ ਵਲੋਂ ਦੱਸੀਆਂ ਸਮੱਸਿਆਵਾਂ ਉੱਤੇ ਨਜ਼ਰ ਮਾਰੀਏ ਤਾਂ ਕੁੱਝ ਸਿਹਤ ਹਾਲਤਾਂ ਸਿੱਧੇ ਤੌਰ ਤੇ ਸਰੀਰਕ ਅਪੰਗਤਾ ਨਾਲ ਸਬੰਧਤ ਹਨ ਜਦ ਕਿ ਕੁੱਝ ਦੂਜੀਆਂ ਦਾ ਸਬੰਧ ਸਮਾਜਕ ਵਾਤਾਵਰਨ ਨਾਲ ਹੈ। ਇਸ ਬਾਰੇ ਕੋਈ ਵਿਵਾਦ ਨਹੀਂ ਕਿ ਅਪੰਗਤਾ ਵਾਲੇ ਲੋਕਾਂ ਨੂੰ ਕੁੱਝ ਵਿਸ਼ੇਸ਼ ਸਿਹਤ ਸੰਭਾਲ ਸੇਵਾਵਾਂ ਦੀ ਲੋੜ ਹੈ ਪਰ ਆਮ ਤੌਰ ਤੇ ਵੀ ਉਨ੍ਹਾਂ ਦੀ ਸਮੂਹਕ ਸਿਹਤ ਤੇ ਸੁਰੱਖਿਆ ਦੀ ਨਿਰੰਤਰ ਸਮੀਖਿਆ ਦੀ ਵਧੇਰੇ ਜ਼ਰੂਰਤ ਹੈ।

ਇਸ ਤੱਥ ਦੇ ਬਾਵਜੂਦ ਕਿ ਅੰਤਰਰਾਸ਼ਟਰੀ ਤੇ ਰਾਸ਼ਟਰੀ ਮੰਚਾਂ ਉਤੇ ਦੇਸ਼ ਮੁਢਲੀਆਂ ਸਿਹਤ ਸੰਭਾਲ ਸੇਵਾਵਾਂ ਤੇ ਸੁਰੱਖਿਆ ਦੇਣ ਲਈ ਬਹੁਤ ਸਰਗਰਮ ਹੁੰਗਾਰਾ ਭਰ ਰਹੇ ਹਨ ਪਰ ਹਲੇ ਵੀ ਕਈ ਅਜਿਹੇ ਮੁੱਦੇ ਹਨ ਜਿਨ੍ਹਾਂ ਨੂੰ ਅਪੰਗਤਾ ਦੇ ਸ਼ਿਕਾਰ ਲੋਕਾਂ ਦੀਆਂ ਅਸਲ ਤੇ ਅਪੂਰਨ ਸਿਹਤ ਤੇ ਸੁਰੱਖਿਆ ਲੋੜਾਂ ਬਾਰੇ ਢੁੱਕਵੀਂ ਸੋਚ ਬਣਾਉਣ ਲਈ ਵਿਚਾਰਿਆ ਜਾਣਾ ਬੇਹੱਦ ਜ਼ਰੂਰੀ ਹੈ।

ਜਿੱਥੋਂ ਤੱਕ ਸਿਹਤ ਸਬੰਧੀ ਮੁੱਦਿਆਂ ਦਾ ਮਾਮਲਾ ਹੈ, ਲੋਕਾਂ ਨੂੰ ਸਿਹਤ ਸੇਵਾਵਾਂ ਤੱਕ ਪਹੁੰਚ ਕਰਨ ਲਈ ਕਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਦਾ ਪ੍ਰਮੁੱਖ ਕਾਰਨ ਨਿੱਜੀ ਸਿਹਤ ਸੇਵਾਵਾਂ ਦੇ ਲਗਾਤਾਰ ਵਧ ਰਹੇ ਖਰਚੇ ਅਤੇ ਢੁੱਕਵੀਆਂ ਜਨਤਕ ਸਿਹਤ ਸੇਵਾਵਾਂ ਦੀ ਘਾਟ ਹੈ। ਜ਼ਿਆਦਾਤਰ ਜਨਸੰਖਿਆ ਨੂੰ ਬੁਨਿਆਦੀ ਸਿਹਤ ਸੇਵਾਵਾਂ ਹਾਸਲ ਕਰਨ ਲਈ ਵਿੱਤੋਂ ਬਾਹਰ ਖਰਚਾ ਕਰਨਾ ਪੈਂਦਾ ਹੈ। ਅਪੰਗਤਾ ਵਾਲੇ ਵਿਅਕਤੀਆਂ ਦੇ ਮਾਮਲੇ ਵਿੱਚ ਸੇਵਾਵਾਂ ਦੀ ਲਾਗਤ ਅਤੇ ਲਗਾਤਾਰ ਲੋੜੀਂਦੀ ਸਿਹਤ ਸੰਭਾਲ ਦੇ ਮਾਮਲੇ ਵਿੱਚ ਜ਼ਿਆਦਾ ਬੋਝ ਪੈਂਦਾ ਹੈ। ਦੂਜੀਆਂ ਰੁਕਾਵਟਾਂ ਦੀ ਗੱਲ ਕਰੀਏ ਤਾਂ ਅਪੰਗ ਵਿਅਕਤੀਆਂ ਨੂੰ ਸਿਹਤ ਸੇਵਾਵਾਂ ਹਾਸਲ ਕਰਨ ਵਿੱਚ ਬੁਨਿਆਦੀ ਢਾਂਚੇ ਦੀਆਂ ਔਕੜਾਂ ਕਾਰਨ ਜਿਹੜੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਨ੍ਹਾਂ ਵਿੱਚ ਆਵਾਜਾਈ, ਡਾਕਟਰੀ ਸਮਾਨ ਦੀ ਅਣਹੋਂਦ, ਗ਼ੈਰ ਵਾਜਬ ਪਾਣੀ ਅਤੇ ਸਫ਼ਾਈ ਸਹੂਲਤਾਂ, ਅਲੱਗ ਸਲਾਹ-ਮਸ਼ਵਰਾ ਸਹੂਲਤ ਦੀ ਅਣਹੋਂਦ ਅਤੇ ਦਵਾਈਆਂ ਦੇ ਕਾਊਂਟਰ ਆਦਿ ਸ਼ਾਮਲ ਹਨ। ਇਹ ਪੀ ਡਬਲਿਯੂ ਡੀ ਐਕਟ 1995 ਲਾਗੂ ਹੋਣ ਅਤੇ ਸੁਪਰੀਮ ਕੋਰਟ ਦੇ 2004 ਦੇ ਫੈਸਲੇ ਤੋਂ ਬਾਅਦ ਹੀ ਸੰਭਵ ਹੋਇਆ ਕਿ ਸਰਕਾਰੀ/ਸਥਾਨਕ ਸਰਕਾਰਾਂ ਨੂੰ ਜਨਤਕ ਇਮਾਰਤਾਂ ਵਿੱਚ ਢਲਾਣ ਬਣਾਉਣ ਦੇ ਅਦੇਸ਼ ਦਿੱਤੇ ਗਏ। ਪਰ ਹਲੇ ਵੀ ਸਾਰੇ ਰਾਜਾਂ ਅਤੇ ਸਥਾਨਕ ਖੇਤਰਾਂ ਵਿੱਚ ਇਸ ਹੁਕਮ ਉਤੇ ਅਮਲ ਅਤੇ ਕੰਮ ਹੋਣ ਬਾਰੇ ਰਾਜ ਤੇ ਕੇਂਦਰ ਸਰਕਾਰਾਂ ਵਲੋਂ ਨਿਗਰਾਨੀ ਰੱਖਣ ਦੀ ਲੋੜ ਹੈ। ਹੋਰ, ਅਪੰਗ ਵਿਅਕਤੀਆਂ ਨੂੰ ਜਦੋਂ ਸਿਹਤ ਸੰਭਾਲ ਦੀ ਜ਼ਰੂਰਤ ਹੁੰਦੀ ਹੈ ਤਾਂ ਸਿਹਤ ਕਰਮੀਆਂ ਨਾਲ ਸੰਪਰਕ ਕਾਇਮ ਕਰਨ ਸਮੇਂ ਉਨ੍ਹਾਂ ਨੂੰ ਰੁੱਖੇ ਵਤੀਰੇ ਦਾ ਵੀ ਸ਼ਿਕਾਰ ਹੋਣਾ ਪੈਂਦਾ ਹੈ। ਇਹ ਸਾਰੀਆਂ ਰੁਕਾਵਟਾਂ ਨਾ ਕੇਵਲ ਅਪੰਗਤਾ ਦੇ ਸ਼ਿਕਾਰ ਵਿਅਕਤੀਆਂ ਨੂੰ ਲੋੜ ਸਮੇਂ ਸਿਹਤ ਸੇਵਾਵਾਂ ਦਾ ਲਾਭ ਲੈਣ ਤੋਂ ਨਿਰਉਤਸਾਹਿਤ ਕਰਦੀਆਂ ਹਨ ਸਗੋਂ ਉਨ੍ਹਾਂ ਦੇ ਮਨਾਂ ਵਿੱਚ ਦਿਮਾਗੀ ਤਣਾਅ ਦਾ ਕਾਰਨ ਵੀ ਬਣਦੀਆਂ ਹਨ ਤੇ ਸਿਹਤ ਪ੍ਰਣਾਲੀ ਤੋਂ ਉਨ੍ਹਾਂ ਦਾ ਵਿਸ਼ਵਾਸ ਡੋਲਣ ਲਗਦਾ ਹੈ। ਸਿੱਟੇ ਵਜੋਂ ਬਹੁਤ ਸਾਰੇ ਮਾਮਲਿਆਂ ਵਿੱਚ ਲੋਕ ਅੱਗੇ ਆਉਣੋਂ ਝਿਜਕਦੇ ਹਨ ਅਤੇ ਬਿਨਾਂ ਡਾਕਟਰੀ ਸਹਾਇਤਾ ਦੇ ਹੀ ਰਹਿ ਜਾਂਦੇ ਹਨ। ਇਸ ਨਾਲ ਸਿਰਫ਼ ਨਿੱਜੀ ਪੱਧਰ 'ਤੇ ਹੀ ਸੰਕਟ ਪੈਦਾ ਨਹੀਂ ਹੁੰਦਾ ਸਗੋਂ ਪਰਿਵਾਰ ਉਤੇ ਵੀ ਬੋਝ ਪੈਂਦਾ ਹੈ। ਦਿਮਾਗੀ ਸਿਹਤ ਦੇ ਮੁੱਦਿਆਂ ਉਤੇ ਵਿਚਾਰ ਕਰਨਾ ਅਹਿਮ ਹੈ ਜੋ ਸਮਾਜਕ ਅਤੇ ਵਾਤਾਵਰਨ ਦੀਆਂ ਔਕੜਾਂ ਨਾਲ ਨੇੜਿਉਂ ਜੁੜੇ ਹੋਏ ਹਨ।

ਭਾਰਤੀ ਔਰਤਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਨੂੰ ਪਹਿਲਾਂ ਹੀ ਕਈ ਮੰਚਾਂ ਉਤੇ ਵਿਤਕਰੇ ਬਾਜ਼ੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ ਪਰ ਸਿਹਤ ਸੰਭਾਲ ਦੇ ਮਾਮਲੇ ਵਿੱਚ ਦੇਸ਼ ਹਲੇ ਵੀ ਇਸ ਵਰਗ ਨੂੰ ਬੁਨਿਆਦੀ ਸਿਹਤ ਸੇਵਾਵਾਂ ਦੇਣ ਲਈ ਜੂਝ ਰਿਹਾ ਹੈ। ਸਾਰੇ ਹੀ ਉਮਰ ਵਰਗ ਦੀਆਂ ਅਪੰਗਤਾ ਦੀਆਂ ਸ਼ਿਕਾਰ ਔਰਤਾਂ ਖ਼ਾਨਦਾਨੀ ਸੋਚ ਅਤੇ ਲਿੰਗ ਭੇਦ ਕਾਰਨ ਇਸ ਸਹੂਲਤ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ। ਬਹੁਤ ਸਾਰੀਆਂ ਔਰਤਾਂ ਲਈ ਜਿਨਸੀ ਸ਼ੋਸ਼ਣ ਅਤੇ ਹਿੰਸਾ ਉਨ੍ਹਾਂ ਦੀ ਜ਼ਿੰਦਗੀ ਲਈ ਵੱਡਾ ਖ਼ਤਰਾ ਹਨ ਜਿਸ ਕਾਰਨ ਨਾ ਸਿਰਫ਼ ਅਪੰਗਤਾ

| ਅਪੰਗਤਾ ਸੂਚੀ-1 : ਮਰਦਮਸ਼ੁਮਾਰੀ 2001 ਅਤੇ 2011 | | | | | | | |
|---|---|---|---|---|---|---|---|
| **ਅਪੰਗ ਜਨਸੰਖਿਆ** | | | | | | | |
| **2001** | | | | | | | |
| | ਜਨਸੰਖਿਆ ਦਾ ਪ੍ਰਤਿਸ਼ਤ | ਕੁੱਲ ਜਨਸੰਖਿਆ ਦਾ ਪ੍ਰਤਿਸ਼ਤ | ਅਪੰਗ ਜਨਸੰਖਿਆ | ਮਰਦ | ਔਰਤਾਂ | ਪੇਂਡੂ | ਸ਼ਹਿਰੀ |
| ਕੁੱਲ ਜਨਸੰਖਿਆ | 1,028,610,328 | | | 532,156,772 | 496,453,556 | 742,490,639 | 286,119,689 |
| ਕੁੱਲ ਅਪੰਗ ਜਨਸੰਖਿਆ | 21906769 | 2.13 | | 12,605,635 | 9,301,134 | 16,388,382 | 5518387 |
| ਅਪੰਗਤਾ ਦੀ ਦਰ ਪ੍ਰਤਿ ਲੱਖ ਜਨਸੰਖਿਆ | 2130 | | | 2,369 | 1,874 | 2,207 | 1,929 |
| ਅਪੰਗਤਾ ਦੀ ਕਿਸਮ | | | | | | | |
| ਦੇਖਣ ਵਿੱਚ | 10634881 | 1.03 | 48.55 | 5,732,338.00 | 4,902,543.00 | 7873383 | 2,761,498.00 |
| ਬੋਲਣ ਵਿੱਚ | 1640868 | 0.16 | 7.49 | 942,095.00 | 698,773.00 | 1243854 | 397,014.00 |
| ਸੁਣਨ ਵਿੱਚ | 1261722 | 0.12 | 5.76 | 673,797.00 | 587,925.00 | 1022816 | 238906 |
| ਚਲਣ-ਫਿਰਨ ਵਿੱਚ | 6105477 | 0.59 | 27.87 | 3,902,752.00 | 2,202,725.00 | 4654552 | 1,450,925.00 |
| ਮਾਨਸਿਕ | 2263821 | 0.22 | 10.33 | 1354653 | 909,168.00 | 1593777 | 670044 |
| ਰੀਟ੍ਰਾਡੇਸ਼ਨ | ਐੱਨ.ਏ. | ਐੱਨ.ਏ. | ਐੱਨ.ਏ. | ਐੱਨ.ਏ. | ਐੱਨ.ਏ. | ਐੱਨ.ਏ. | ਐੱਨ.ਏ. |
| ਇਲਨੈੱਸ | ਐੱਨ.ਏ. | ਐੱਨ.ਏ. | ਐੱਨ.ਏ. | ਐੱਨ.ਏ. | ਐੱਨ.ਏ. | ਐੱਨ.ਏ. | ਐੱਨ.ਏ. |
| ਹੋਰ ਕੋਈ | ਐੱਨ.ਏ. | ਐੱਨ.ਏ. | ਐੱਨ.ਏ. | ਐੱਨ.ਏ. | ਐੱਨ.ਏ. | ਐੱਨ.ਏ. | ਐੱਨ.ਏ. |
| ਮਲਟੀਪਲ | ਐੱਨ.ਏ. | ਐੱਨ.ਏ. | ਐੱਨ.ਏ. | ਐੱਨ.ਏ. | ਐੱਨ.ਏ. | ਐੱਨ.ਏ. | ਐੱਨ.ਏ. |
| **2011** | | | | | | | |
| ਕੁੱਲ ਜਨਸੰਖਿਆ | 1,210,864,977 | | | 623270258 | 587584719 | 833748852 | 377106125 |
| ਕੁੱਲ ਅਪੰਗ ਜਨਸੰਖਿਆ | 26,814,994 | 2.21 | | 14,988,593 | 11,826,401 | 18,636,358 | 8,178,636 |
| ਅਪੰਗਤਾ ਦੀ ਦਰ ਪ੍ਰਤਿ ਲੱਖ ਜਨਸੰਖਿਆ | 2,215 | | | 2404.83046 | 2012.71419 | 2235.24842 | 2168.78896 |
| ਅਪੰਗਤਾ ਦੀ ਕਿਸਮ | | | | | | | |
| ਦੇਖਣ ਵਿੱਚ | 5,033,431 | 0.42 | 18.77 | 2,639,028 | 2,394,403 | 3,503,558 | 1,529,873 |
| ਬੋਲਣ ਵਿੱਚ | 1,998,692 | 0.17 | 7.45 | 1,122,987 | 875,705 | 1,303,940 | 694,752 |
| ਸੁਣਨ ਵਿੱਚ | 5,072,914 | 0.42 | 18.92 | 2,678,584 | 2,394,330 | 3,393,728 | 1,679,186 |
| ਚਲਣ-ਫਿਰਨ ਵਿੱਚ | 5,436,826 | 0.45 | 20.28 | 3,370,501 | 2,066,325 | 4,035,741 | 1,401,085 |
| ਮਾਨਸਿਕ | 2,228,844 | 0.18 | 8.31 | 1286656 | 942188 | 1521780 | 707064 |
| ਰੀਟ੍ਰਾਡੇਸ਼ਨ | 1,505,964 | 0.12 | 5.62 | 870,898 | 635,066 | 1,025,900 | 480,064 |
| ਇਲਨੈੱਸ | 722,880 | 0.06 | 2.70 | 415,758 | 307,122 | 495,880 | 227,000 |
| ਹੋਰ ਕੋਈ | 4,927,589 | 0.41 | 18.38 | 2,728,125 | 2,199,464 | 3,293,107 | 1,634,482 |
| ਮਲਟੀਪਲ | 2,116,698 | 0.17 | 7.89 | 1,162,712 | 953,986 | 1,584,504 | 532,194 |

ਕਰਕੇ ਉਨ੍ਹਾਂ ਉਤੇ ਅੱਤਿਆਚਾਰ ਹੁੰਦੇ ਹਨ ਸਗੋਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਕਿਨਾਰੇ ਲਾ ਦਿੱਤਾ ਜਾਂਦਾ ਹੈ। ਜਿਨਸੀ ਅਤੇ ਪ੍ਰਜਣਨ ਸਿਹਤ ਦੇ ਮੁੱਦੇ, ਜੋ ਔਰਤਾਂ ਲਈ ਸਭ ਤੋਂ ਅਹਿਮ ਪੱਖ ਅਤੇ ਲੋੜ ਹੁੰਦੀ ਹੈ, ਨੂੰ ਵੀ ਉੱਚਿਤ ਤਰੀਕੇ ਨਾਲ ਹੱਲ ਨਹੀਂ ਕੀਤਾ ਜਾਂਦਾ। ਜ਼ਿਆਦਾਤਰ ਔਰਤਾਂ ਨੂੰ ਕਿਸੇ ਵੀ ਪ੍ਰਕਾਰ ਦੀ ਸਿਹਤ ਸੰਭਾਲ ਜਾਂ ਸੇਵਾਵਾਂ ਪ੍ਰਾਪਤ ਨਹੀਂ ਹੁੰਦੀਆਂ। ਸਮਾਜਕ ਵਿਤਕਰੇਬਾਜ਼ੀ ਅਤੇ ਪਰਿਵਾਰਕ ਵਿਹਾਰ ਦੇ ਚਲਦਿਆਂ ਔਰਤਾਂ ਨੂੰ ਇਹ ਮੁੱਦੇ ਚੁੱਕਣਾ ਅਤੇ ਸਿਹਤ ਸੇਵਾਵਾਂ ਹਾਸਲ ਕਰਨਾ ਅਕਸਰ ਔਖਾ ਹੋ ਜਾਂਦਾ ਹੈ। ਯੋਜਨਾ ਆਯੋਗ (ਹੁਣ ਨੀਤੀ ਆਯੋਗ) ਨੇ 12ਵੀਂ ਪੰਜ ਸਾਲਾ ਯੋਜਨਾ ਵਿੱਚ ਅਪੰਗਤਾ ਦੀਆਂ ਸ਼ਿਕਾਰ ਔਰਤਾਂ ਦੀਆਂ ਸਿਹਤ ਸੰਭਾਲ ਲੋੜਾਂ ਬਾਰੇ, ਸਿਹਤ ਸੇਵਾਵਾਂ ਹਾਸਲ ਕਰਨ ਵਿੱਚ ਆ ਰਹੀਆਂ ਮੁਸ਼ਕਲਾਂ ਬਾਰੇ ਅਤੇ ਬਹੁਪੱਖੀ ਵਿਤਕਰਿਆਂ ਬਾਰੇ ਚਰਚਾ ਕੀਤੀ ਹੈ।

ਅਪੰਗਤਾ ਦੇ ਸ਼ਿਕਾਰ ਵਿਅਕਤੀਆਂ ਬਾਰੇ ਸੰਯੁਕਤ ਰਾਸ਼ਟਰ ਕਨਵੈਨਸ਼ਨ ਦਾ ਆਰਟੀਕਲ 25, ਬਿਨਾਂ ਕਿਸੇ ਵਿਤਕਰੇ ਦੇ ਅਪੰਗ ਵਿਅਕਤੀਆਂ ਵਲੋਂ ਸਰਵੋਤਮ ਸਿਹਤ ਸੰਭਾਲ ਹਾਸਲ ਕਰਨ ਦੇ ਅਪੰਗ ਵਿਅਕਤੀਆਂ ਦੇ ਹੱਕ ਨੂੰ ਮੁੜ ਤੋਂ ਦੁਹਰਾਉਂਦਾ ਹੈ। ਇਸ ਕਰਕੇ ਇਹ ਦੇਸ਼ਾਂ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਬਿਨਾਂ ਕਿਸੇ ਰੁਕਾਵਟ ਦੇ ਇਸ ਵਰਗ ਨੂੰ ਬੇਹਤਰ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ। 2011 ਦੀ ਡਬਲਿਯੂ ਡੀ ਆਰ ਵਿੱਚ ਸਪੱਸ਼ਟ ਤੌਰ ਤੇ ਇਸ਼ਾਰਾ ਕੀਤਾ ਗਿਆ ਹੈ ਕਿ ਸਾਰੇ ਹੀ ਦੇਸ਼ਾਂ ਵਿੱਚ ਅਪੰਗ ਵਿਅਕਤੀਆਂ ਦੀ ਸਿਹਤ ਦੇ ਨਤੀਜੇ ਮਾੜੇ ਹਨ, ਸਿੱਖਿਆ ਦੀਆਂ ਪ੍ਰਾਪਤੀਆਂ ਘੱਟ

ਹਨ, ਆਰਥਿਕ ਭਾਗੀਦਾਰੀ ਘੱਟ ਹੈ ਅਤੇ ਅਪੰਗਤਾ ਰਹਿਤ ਵਿਅਕਤੀਆਂ ਦੇ ਮੁਕਾਬਲੇ ਗਰੀਬੀ ਦੀ ਦਰ ਜ਼ਿਆਦਾ ਹੈ। ਅਜਿਹਾ ਅੰਸ਼ਕ ਤੌਰ ਤੇ ਇਸ ਕਰਕੇ ਵੀ ਹੈ ਕਿ ਅਪੰਗ ਵਿਅਕਤੀਆਂ ਨੂੰ ਸਿਹਤ, ਸਿੱਖਿਆ, ਰੋਜ਼ਗਾਰ, ਆਵਾਜਾਈ ਅਤੇ ਸੂਚਨਾਵਾਂ ਹਾਸਲ ਕਰਨ ਵਿੱਚ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਮੱਦੇਨਜ਼ਰ ਅਪੰਗ ਵਿਅਕਤੀਆਂ ਦੀ ਸਮੂਹਕ ਸੁਰੱਖਿਆ ਲਈ ਭਾਰਤ ਸਰਕਾਰ ਵਲੋਂ ਰਾਸ਼ਟਰੀ ਨੀਤੀ ਅਤੇ ਪ੍ਰੋਗਰਾਮਾਂ ਦਾ ਗਠਨ ਕੀਤਾ ਗਿਆ ਹੈ।

## ਰਾਸ਼ਟਰੀ ਨੀਤੀ ਅਤੇ ਪ੍ਰੋਗਰਾਮ

ਸਰਕਾਰ ਦਾ ਅਪੰਗਤਾ ਮਾਮਲਿਆਂ ਬਾਰੇ ਵਿਭਾਗ ਰਾਸ਼ਟਰੀ ਨੀਤੀ ਅਤੇ ਪ੍ਰੋਗਰਾਮ ਉਤੇ ਕੰਮ ਕਰਦਾ ਹੈ ਜੋ ਸੂਚੀ-2 – ਰਾਜ ਸੂਚੀ ਅਤੇ ਸੂਚੀ-3 – ਸੰਵਿਧਾਨ ਦੇ ਸੱਤਵੇਂ ਸ਼ਡਿਊਲ ਦੀ ਸਮਵਰਤੀ ਸੂਚੀ ਵਿੱਚ ਆਉਂਦੇ ਹਨ। ਜਿਥੋਂ ਤੱਕ ਇਸ ਅਧੀਨ ਆਉਂਦੇ ਖੇਤਰਾਂ ਦਾ ਸਬੰਧ ਹੈ, ਉਨ੍ਹਾਂ ਵਿੱਚ: ਅਪੰਗ ਤੇ ਰੋਜ਼ਗਾਰ ਦੇ ਅਯੋਗ ਵਿਅਕਤੀਆਂ ਨੂੰ ਰਾਹਤ; ਸਮਾਜਕ ਸੁਰੱਖਿਆ ਅਤੇ ਸਮਾਜਕ ਬੀਮਾ, ਕਿਸੇ ਵੀ ਦੂਜੇ ਵਿਭਾਗ ਦੀ ਸੀਮਾ ਦੇ ਦਾਇਰੇ ਤੱਕ, ਆਉਂਦੇ ਹਨ। ਭਾਰਤ ਸਰਕਾਰ ਵਲੋਂ ਅਪੰਗਤਾ ਮਾਮਲਿਆਂ ਬਾਰੇ ਵਿਭਾਗ ਨੂੰ ਨੀਤੀ, ਯੋਜਨਾਬੰਦੀ ਅਤੇ ਅਪਾਹਜ ਵਿਅਕਤੀਆਂ ਲਈ ਪ੍ਰੋਗਰਾਮਾਂ ਦੇ ਤਾਲਮੇਲ ਵਾਸਤੇ ਨੋਡਲ ਵਿਭਾਗ ਵਜੋਂ ਮਾਨਤਾ ਦਿੱਤੀ ਹੈ। ਪਰ, ਇਸ ਵਰਗ ਦੇ ਮਾਮਲੇ ਵਿੱਚ ਕੁੱਲ ਪ੍ਰਬੰਧਨ ਅਤੇ ਖੇਤਰੀ ਪ੍ਰੋਗਰਾਮਾਂ ਦੀ ਨਿਗਰਾਨੀ ਆਦਿ ਦਾ ਜ਼ਿੰਮਾ ਸਬੰਧਤ ਕੇਂਦਰੀ ਮੰਤਰਾਲਿਆਂ, ਰਾਜ ਸਰਕਾਰਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਪ੍ਰਬੰਧਨ ਦਾ ਹੀ ਹੈ। ਅਪੰਗ ਵਿਅਕਤੀਆਂ ਦੇ ਪੁਨਰਵਾਸ ਅਤੇ ਸਮਾਜਕ, ਸਿੱਖਿਆ ਅਤੇ ਆਰਥਿਕ ਸ਼ਕਤੀਕਰਨ ਲਈ ਵਿਸ਼ੇਸ਼ ਸਕੀਮਾਂ ਜਿਵੇਂ ਕਿ ਸਹਾਇਤਾ ਅਤੇ ਉਪਕਰਨਾਂ ਦੀ ਪੂਰਤੀ, ਵਜ਼ੀਫੇ, ਰਹਾਇਸ਼ੀ ਸਕੂਲ, ਹੁਨਰ ਸਿਖਲਾਈ, ਰਿਆਇਤੀ ਕਰਜ਼ੇ ਅਤੇ ਸਵੈ-ਰੋਜ਼ਗਾਰ ਲਈ ਸਬਸਿਡੀ, ਪੇਸ਼ੇਵਰਾਂ ਦੀ ਸਿੱਖਿਆ ਅਤੇ ਸਿਖਲਾਈ, ਜਾਗਰੂਕਤਾ ਪੈਦਾ ਕਰਨ ਦੀ ਜ਼ਿੰਮੇਵਾਰੀ, ਖੋਜ, ਮੁਲਾਂਕਣ ਅਤੇ ਵਿਸ਼ਿਆਂ ਦੀ ਸਿਖਲਾਈ ਦਾ ਜ਼ਿੰਮਾ ਇਸ ਵਿਭਾਗ ਦਾ ਹੈ।

ਵੱਖ-ਵੱਖ ਵਿਭਾਗ, ਏਜੰਸੀਆਂ ਅਤੇ ਸੰਸਥਾਨ ਅਪੰਗਤਾ ਦੇ ਖੇਤਰ ਵਿੱਚ ਕੰਮ ਕਰ ਰਹੇ ਹਨ। ਇਹ ਹਨ : ਦਿ ਨੈਸ਼ਨਲ ਹੈਂਡੀਕੈਪਡ ਫਾਇਨੈਂਸ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ, ਆਰਟੀਫੀਸ਼ੀਅਲ ਲਿੰਬਜ਼ ਮੈਨੂਫੈਕਚਰਿੰਗ ਕਾਰਪੋਰੇਸ਼ਨ, ਕਾਨਪੁਰ; ਦੀਨ ਦਿਆਲ ਉਪਾਧਿਆਏ ਇੰਸਟੀਚਿਊਟ ਆਫ ਫਿਜ਼ੀਕਲ ਹੈਂਡੀਕੈਪਡ, ਨਵੀਂ ਦਿੱਲੀ; ਨੈਸ਼ਨਲ ਇੰਸਟੀਚਿਊਟ ਆਫ ਵਿਜ਼ੂਅਲੀ ਹੈਂਡੀਕੈਪਡ, ਦੇਹਰਾਦੂਨ; ਨੈਸ਼ਨਲ ਇੰਸਟੀਚਿਊਟ ਆਫ ਮੈਂਟਲੀ ਹੈਂਡੀਕੈਪਡ, ਸਿਕੰਦਰਾਬਾਦ; ਅਲੀ ਯਾਵਰ ਜੰਗ ਨੈਸ਼ਨਲ ਇੰਸਟੀਚਿਊਟ ਫਾਰ ਦੀ ਹੀਅਰਿੰਗ ਹੈਂਡੀਕੈਪਡ, ਮੁੰਬਈ; ਨੈਸ਼ਨਲ ਇੰਸਟੀਚਿਊਟ ਆਫ ਰਿਹੈਬਲੀਟੇਸ਼ਨ ਟ੍ਰੇਨਿੰਗ ਐਂਡ ਰਿਸਰਚ, ਕੱਟਕ; ਨੈਸ਼ਨਲ ਇੰਸਟੀਚਿਊਟ ਫਾਰ ਦਿ ਐਂਮਪਾਵਰਮੈਂਟ ਆਫ ਪਰਸਨਜ਼ ਵਿਦ ਮਲਟੀਪਲ ਡਿਜ਼ੇਬਿਲੀਟੀਜ਼, ਚੇਨੱਈ; ਦਿ ਇੰਡੀਅਨ ਸਾਈਨ ਲੈਂਗੂਏਜ਼ ਰਿਸਰਚ ਐਂਡ ਟ੍ਰੇਨਿੰਗ ਸੈਂਟਰ, ਨਵੀਂ ਦਿੱਲੀ ਆਦਿ।

ਅਪੰਗ ਵਿਅਕਤੀਆਂ ਬਾਰੇ ਪੀ ਡਬਲਿਯੂ ਡੀ ਐਕਟ, 1995 ਵਿੱਚ ਸਿਹਤ ਅਤੇ ਸੁਰੱਖਿਆ ਅਤੇ ਸਮੂਹਕ ਸੁਰੱਖਿਆ ਬਾਰੇ ਮਹੱਤਵਪੂਰਨ ਵਿਵਸਥਾਵਾਂ ਹੇਠ ਲਿਖੇ ਅਨੁਸਾਰ ਹਨ :

1. ਅਪੰਗਤਾ ਨੂੰ ਰੋਕਣਾ, ਸਰਵੇਖਣ, ਅਪੰਗਤਾ ਰੋਕਣ ਦੇ ਵੱਖ-ਵੱਖ ਤਰੀਕਿਆਂ ਨੂੰ ਉਤਸ਼ਾਹਿਤ ਕਰਨਾ, ਖ਼ਤਰੇ ਵਾਲੇ ਮਾਮਲਿਆਂ ਦੀ ਪਛਾਣ ਕਰਨ ਲਈ ਸਾਰੇ ਬੱਚਿਆਂ ਦੀ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਸਿਹਤ ਜਾਂਚ ਪੜਤਾਲ, ਮੁਢਲੇ ਸਿਹਤ ਕੇਂਦਰਾਂ ਦੇ ਅਮਲੇ ਨੂੰ ਸਿਖਲਾਈ ਲਈ ਸਹੂਲਤਾਂ ਮੁਹੱਈਆ ਕਰਵਾਉਣੀਆਂ, ਮਾਂ ਅਤੇ ਬੱਚੇ ਦੀ ਜਨਮ ਤੋਂ ਪਹਿਲਾਂ, ਪਿੱਤਰੀ ਅਤੇ ਜਨਮ ਤੋਂ ਬਾਅਦ ਸਾਂਭ-ਸੰਭਾਲ ਲਈ ਯਤਨ।

2. ਅਸਾਮੀਆਂ ਦੀ ਪਛਾਣ, ਪਛਾਣੀਆਂ ਅਸਾਮੀਆਂ ਦੀ ਸੂਚੀ ਦੀ ਸਮੀਖਿਆ ਅਤੇ ਤਾਜ਼ਾ ਸੂਚੀ, ਅਪੰਗ ਵਿਅਕਤੀਆਂ ਲਈ ਰੋਜ਼ਗਾਰ ਯਕੀਨੀ ਬਣਾਉਣਾ, ਉਮਰ ਦੀ ਉਤਲੀ ਹੱਦ ਵਿੱਚ ਛੋਟ, ਰੋਜ਼ਗਾਰ ਨੂੰ ਨਿਯਮਾਂ ਅਧੀਨ ਕਰਨਾ, ਸਿਹਤ ਅਤੇ ਸੁਰੱਖਿਆ ਉਪਾਅ, ਜਿਹੜੀਆਂ ਥਾਵਾਂ ਉਤੇ ਅਪੰਗ ਵਿਅਕਤੀ ਰੋਜ਼ਗਾਰ ਉਤੇ ਲੱਗੇ ਹਨ ਉਥੇ ਗ਼ੈਰ-ਰੁਕਾਵਟਾਂ ਵਾਲਾ ਵਾਤਾਵਰਨ ਪੈਦਾ ਕਰਨਾ, ਅਪੰਗ ਵਿਅਕਤੀਆਂ ਲਈ 5 ਪ੍ਰਤਿਸ਼ਤ ਰਾਖਵਾਂਕਰਨ।

3. ਅਪੰਗ ਵਿਅਕਤੀਆਂ ਨੂੰ ਸਹਾਇਤਾ ਅਤੇ ਉਪਕਰਨ ਮੁਹੱਈਆ ਕਰਵਾਉਣੇ, ਘਰ ਬਣਾਉਣ ਅਤੇ ਵਪਾਰ ਸਥਾਪਤ ਕਰਨ ਲਈ ਸਸਤੀ ਦਰ ਉਤੇ ਜ਼ਮੀਨ ਤਰਜੀਹੀ ਅਧਾਰ ਉਤੇ ਦੇਣੀ, ਮਨੋਰੰਜਨ ਦੇ ਵਿਸ਼ੇਸ਼ ਕੇਂਦਰ ਸਥਾਪਤ ਕਰਨੇ, ਵਿਸ਼ੇਸ਼ ਸਕੂਲ ਸਥਾਪਤ ਕਰਨੇ, ਸ਼ੋਧ ਕੇਂਦਰਾਂ ਦੀ ਸਥਾਪਨਾ, ਅਪੰਗਤਾ ਵਾਲੇ ਉੱਦਮੀਆਂ ਵਲੋਂ ਕਾਰਖ਼ਾਨਿਆਂ ਦੀ ਸਥਾਪਨਾ।

4. ਸੜਕ, ਰੇਲਵੇ ਅਤੇ ਹਵਾਈ ਸਹੂਲਤਾਂ ਲਈ ਵਿਵਸਥਾ, ਸੜਕ ਸੁਰੱਖਿਆ ਚਿੰਨ੍ਹ, ਜਨਤਕ, ਇਮਾਰਤਾਂ ਵਿੱਚ ਢਲਾਨ, ਬਰੇਲ ਚਿੰਨ੍ਹ ਅਤੇ ਐਲੀਵੇਟਰ ਜਾਂ ਲਿਫਟ ਵਿੱਚ ਸੁਣਾਈ ਦੇਣ ਵਾਲੇ ਇਸ਼ਾਰੇ, ਹਸਪਤਾਲਾਂ, ਮੁਢਲੇ ਸਿਹਤ ਕੇਂਦਰਾਂ ਅਤੇ ਡਾਕਟਰੀ ਸੰਭਾਲ ਅਤੇ ਪੁਨਰਵਾਸ ਸੰਸਥਾਨਾਂ ਵਿੱਚ ਢਲਾਨ ਬਣਾਉਣੀ।

5. ਅਪੰਗਤਾ ਨੂੰ ਰੋਕਣ ਲਈ ਖੋਜ ਨੂੰ ਉਤਸਾਹਿਤ ਅਤੇ ਪ੍ਰਾਯੋਜਿਤ ਕਰਨਾ, ਪੁਨਰਵਾਸ, ਜਿਸ ਵਿੱਚ ਭਾਈਚਾਰਾ ਅਧਾਰਤ ਪੁਨਰਵਾਸ ਵੀ ਸ਼ਾਮਲ ਹੈ, ਸਹਾਇਕ ਯੰਤਰ ਵਿਕਸਤ ਕਰਨੇ ਜਿਸ ਵਿੱਚ ਉਨ੍ਹਾਂ ਦੇ ਮਨੋਵਿਗਿਆਨਕ ਪੱਖ ਵੀ ਸ਼ਾਮਲ ਹੋਣ, ਨੌਕਰੀਆਂ ਦੀ ਪਛਾਣ ਕਰਨੀ, ਦਫ਼ਤਰਾਂ ਅਤੇ ਕਾਰਖ਼ਾਨਿਆਂ ਦੀਆਂ ਥਾਵਾਂ ਵਿੱਚ ਜ਼ਰੂਰੀ ਬਦਲਾਅ। ਵਿਸ਼ੇਸ਼ ਸਿੱਖਿਆ, ਪੁਨਰਵਾਸ ਅਤੇ ਕਾਰਜਸ਼ਕਤੀ ਦੇ ਵਿਕਾਸ ਲਈ ਵਿਸ਼ਵ-ਵਿਦਿਆਲਿਆਂ, ਉੱਚ ਸਿੱਖਿਆ ਸੰਸਥਾਨਾਂ, ਪੇਸ਼ੇਵਰ ਸਭਾਵਾਂ, ਸ਼ੋਧ ਇਕਾਈਆਂ ਜਾਂ ਸੰਸਥਾਨਾਂ, ਗ਼ੈਰ ਸਰਕਾਰੀ ਸੰਗਠਨਾਂ ਲਈ ਵਿੱਤੀ ਮਦਦ ਦੀ ਵੀ ਵਿਵਸਥਾ ਹੈ।

6. ਅਪੰਗਤਾ ਵਾਲੇ ਵਿਅਕਤੀਆਂ ਨੂੰ ਸਮਾਜਕ ਸੁਰੱਖਿਆ ਪੁਨਰਵਾਸ ਪ੍ਰਦਾਨ ਕਰਨਾ, ਗ਼ੈਰ ਸਰਕਾਰੀ ਸੰਗਠਨਾਂ ਨੂੰ ਮਾਲੀ ਸਹਾਇਤਾ, ਅਪੰਗਤਾ ਵਾਲੇ ਕਰਮਚਾਰੀਆਂ ਦੇ ਲਾਭ ਲਈ ਬੀਮਾ ਸਕੀਮ, ਅਪੰਗਤਾ ਵਾਲੇ ਬੇਰੋਜ਼ਗਾਰ ਵਿਅਕਤੀਆਂ ਲਈ ਬੇਰੋਜ਼ਗਾਰੀ ਭੱਤੇ ਦੀ ਅਦਾਇਗੀ ਜੋ ਦੋ ਸਾਲ ਤੋਂ ਵੱਧ ਸਮੇਂ ਲਈ ਵਿਸ਼ੇਸ਼ ਰੋਜ਼ਗਾਰ ਦਫ਼ਤਰ ਕਲ ਪੰਜੀਕ੍ਰਿਤ ਹੋਣ ਅਤੇ ਜਿਨ੍ਹਾਂ ਨੂੰ ਕਿਸੇ ਲਾਭਕਾਰੀ ਭੱਤੇ ਵਿੱਚ ਨੌਕਰੀ ਨਾ ਮਿਲੀ ਹੋਵੇ।

ਭਾਰਤ ਵਿੱਚ ਸਮਾਜਕ ਨਿਆਂ ਤੇ ਸ਼ਕਤੀਕਰਨ ਮੰਤਰਾਲੇ ਅਤੇ ਪਰਿਵਾਰ ਕਲਿਆਣ ਮੰਤਰਾਲੇ ਵਲੋਂ ਕਈ ਪਹਿਲਕਦਮੀਆਂ ਅਰੰਭ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚ ਜ਼ਿਲ੍ਹਾ ਪੁਨਰਵਾਸ ਕੇਂਦਰ ਪ੍ਰਾਜੈਕਟ ਜੋ 1985 ਵਿੱਚ ਸ਼ੁਰੂ ਕੀਤਾ ਗਿਆ, ਸ਼ਾਮਲ ਹੈ। ਚਾਰ ਖੇਤਰੀ ਪੁਨਰਵਾਸ ਸਿਖਲਾਈ ਕੇਂਦਰ, ਜ਼ਿਲ੍ਹਾ ਪੁਨਰਵਾਸ ਕੇਂਦਰ ਸਕੀਮ

ਅਧੀਨ ਮੁੰਬਈ, ਚੇਨੱਈ, ਕੱਟਕ ਅਤੇ ਲਖਨਊ ਵਿਖੇ 1985 ਤੋਂ ਕੰਮ ਕਰ ਰਹੇ ਹਨ ਜਿਥੇ ਪਿੰਡ ਪੱਧਰ ਦੇ ਕਰਮਚਾਰੀਆਂ, ਪੇਸ਼ੇਵਰਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ। ਇਥੇ ਰਾਜ ਸਰਕਾਰ ਦੇ ਅਧਿਕਾਰੀਆਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ, ਸੇਵਾ ਦੇਣ ਵਿੱਚ ਖੋਜ ਅਤੇ ਘੱਟ ਲਾਗਤ ਵਾਲੀਆਂ ਸਹਾਇਤਾ ਸਕੀਮਾਂ ਉਤੇ ਵੀ ਕੰਮ ਕੀਤਾ ਜਾਂਦਾ ਹੈ। ਅਸਲ ਜ਼ਮੀਨੀ ਵਰਤੋਂ ਵਾਸਤੇ ਸਿਖਲਾਈ ਸਮੱਗਰੀ ਅਤੇ ਦਸਤਾਵੇਜ਼ ਤਿਆਰ ਕਰਨ ਤੋਂ ਇਲਾਵਾ ਇਹ ਕੇਂਦਰ ਫੋਲਡਰ, ਪੋਸਟਰ, ਆਡੀਓ-ਵਿਜ਼ੂਅਲ ਫ਼ਿਲਮਾਂ ਅਤੇ ਰਵਾਇਤੀ ਢੰਗਾਂ, ਨੈਸ਼ਨਲ ਇਨਫਰਮੇਸ਼ਨ ਸੈਂਟਰ ਆਨ ਡਿਜ਼ੈਬਿਲਿਟੀ ਐਂਡ ਰਿਹੈਬਲੀਟੇਸ਼ਨ, ਨੈਸ਼ਨਲ ਕੌਂਸਲ ਫਾਰ ਹੈਂਡੀਕੈਪਡ ਫੈਲਫੇਅਰ, ਰਾਸ਼ਟਰੀ ਪੱਧਰ ਦੇ ਸੰਸਥਾਨਾਂ ਜਿਵੇਂ ਐੱਨ ਆਈ ਐੱਮ ਐੱਚ, ਐੱਨ ਆਈ ਐੱਚ ਐੱਚ, ਐੱਨ ਆਈ ਵੀ ਐੱਚ, ਐੱਨ ਆਈ ਓ ਐੱਚ, ਆਈ ਪੀ ਐੱਚ ਦੇ ਸਹਿਯੋਗ ਨਾਲ ਸਮਾਜਕ ਜਾਗਰੂਕਤਾ ਲਈ ਸਮੱਗਰੀ ਵੀ ਤਿਆਰ ਕਰਦੇ ਹਨ। ਸੰਨ 2000 ਵਿੱਚ ਅਪੰਗ ਵਿਅਕਤੀਆਂ ਲਈ 'ਜ਼ਿਲ੍ਹਾ ਅਪੰਗ ਪੁਨਰਵਾਸ ਕੇਂਦਰ' ਨਾਮ ਦੀ ਨਵੀਂ ਸਕੀਮ ਚਾਲੂ ਕੀਤੀ ਗਈ ਸੀ। ਇਹ ਪੁਨਰਵਾਸ ਸੇਵਾਵਾਂ ਪ੍ਰਦਾਨ ਕਰਨ ਅਤੇ ਅਪੰਗ ਵਿਅਕਤੀਆਂ ਬਾਰੇ 1995 ਦੇ ਐਕਟ ਨੂੰ ਲਾਗੂ ਕਰਵਾਉਣ ਵੱਲ ਇੱਕ ਕਦਮ ਸੀ। ਸਰਕਾਰ ਨੇ ਅਪੰਗ ਵਿਅਕਤੀਆਂ ਨੂੰ ਜ਼ਮੀਨੀ ਪੱਧਰ ਉਤੇ ਵਿਆਪਕ ਸੇਵਾਵਾਂ ਪ੍ਰਦਾਨ ਕਰਨ ਲਈ ਜ਼ਿਲ੍ਹਾ ਅਪੰਗਤਾ ਪੁਨਰਵਾਸ ਕੇਂਦਰ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਇਨ੍ਹਾਂ ਸੇਵਾਵਾਂ ਵਿੱਚ ਜਾਗਰੂਕਤਾ ਪੈਦਾ ਕਰਨਾ, ਸਰਵੇਖਣ, ਪਛਾਣ ਅਤੇ ਸ਼ੁਰੂਆਤੀ ਦਖ਼ਲ, ਸਲਾਹ, ਸਹਾਇਕ ਉਪਕਰਨਾਂ ਦੀ ਲੋੜ ਦੀ ਸਮੀਖਿਆ, ਸਹਾਇਕ ਉਪਕਰਨਾਂ ਨੂੰ ਪ੍ਰਦਾਨ ਕਰਨਾ ਤੇ ਲਾਉਣਾ, ਉਨ੍ਹਾਂ ਦੀ ਪੁੱਛ ਪੜਤਾਲ ਤੇ ਮੁਰੰਮਤ, ਚਕਿਤਸਾ ਸੇਵਾਵਾਂ ਜਿਵੇਂ ਫਿਜ਼ੀਓਥੈਰੈਪੀ, ਕਿੱਤਾਮੁਖੀ ਥੈਰੈਪੀ, ਬੋਲਣ ਦੀ ਥੈਰੈਪੀ, ਸਲਾਹ, ਸਰਕਾਰੀ ਅਤੇ ਦਾਨੀ ਸੰਸਥਾਵਾਂ ਰਾਹੀਂ ਖਰਾਬ ਅੰਗਾਂ ਦੀ ਸਰਜਰੀ ਰਾਹੀਂ ਇਨ੍ਹਾਂ ਨੂੰ ਠੀਕ ਕਰਨਾ, ਅਪੰਗਤਾ ਪ੍ਰਮਾਣ ਪੱਤਰ ਅਤੇ ਬੱਸ ਪਾਸ ਜਾਰੀ ਕਰਨ ਵਿੱਚ ਮਦਦ, ਬੈਂਕ ਕਰਜ਼ਾ ਮਨਜ਼ੂਰ ਕਰਵਾਉਣਾ, ਰੁਕਾਵਟ ਰਹਿਤ ਵਾਤਾਵਰਨ ਨੂੰ ਉਤਸਾਹਿਤ ਕਰਨਾ ਆਦਿ ਸ਼ਾਮਲ ਹਨ। ਭਾਰਤ ਸਰਕਾਰ ਵਲੋਂ ਅਪੰਗ ਵਿਅਕਤੀਆਂ ਲਈ ਬਣਾਈ ਰਾਸ਼ਟਰੀ ਨੀਤੀ 2006 ਇੱਕ ਅਹਿਮ ਘਟਨਾ ਤੋਂ ਸਵਾਗਤ ਯੋਗ ਕਦਮ ਹੈ। ਇਸ ਦੇ ਮੁੱਖ ਪ੍ਰਾਵਧਾਨ ਹੇਠ ਲਿਖੇ ਹਨ :

## ਅਪੰਗ ਔਰਤਾਂ

(i) ਅਪੰਗ ਔਰਤਾਂ ਨੂੰ ਥੋੜ੍ਹੇ ਸਮੇਂ ਲਈ ਰਹਿਣ ਵਾਸਤੇ ਘਰ ਮੁਹੱਈਆ ਕਰਵਾਉਣੇ, ਕੰਮਕਾਜੀ ਅਪਾਹਜ ਔਰਤਾਂ ਲਈ ਹੋਸਟਲ ਅਤੇ ਬਿਰਧ ਅਪਾਹਜ ਔਰਤਾਂ ਨੂੰ ਘਰ ਦੇਣੇ।

(ii) ਇਹ ਦੇਖਿਆ ਗਿਆ ਹੈ ਕਿ ਅਪੰਗਤਾ ਵਾਲੀਆਂ ਔਰਤਾਂ ਨੂੰ ਆਪਣੇ ਬੱਚਿਆਂ ਦੀ ਦੇਖਭਾਲ ਕਰਨ ਵਿੱਚ ਗੰਭੀਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰ ਅਪੰਗ ਔਰਤਾਂ ਨੂੰ ਮਾਲੀ ਮਦਦ ਦੇਣ ਲਈ ਇਕ ਪ੍ਰੋਗਰਾਮ ਉਲੀਕੇਗੀ ਤਾਂ ਕਿ ਉਹ ਆਪਣੇ ਬੱਚਿਆਂ ਦੀ ਦੇਖਭਾਲ ਲਈ ਕਿਰਾਏ ਉਤੇ ਸੇਵਾਵਾਂ ਲੈ ਸਕਣ। ਅਜਿਹੀ ਸਹਾਇਤਾ, ਬੱਚਿਆਂ ਲਈ ਦੋ ਬੱਚਿਆਂ ਲਈ ਦੋ ਸਾਲ ਵਾਸਤੇ ਦਿੱਤੀ ਜਾਵੇਗੀ।

## ਅਪੰਗ ਬੱਚੇ

ਅਪੰਗ ਬੱਚੇ ਸਭ ਤੋਂ ਵੱਧ ਪੀੜਤ ਹੁੰਦੇ ਹਨ ਜਿਨ੍ਹਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੁੰਦੀ ਹੈ। ਸਰਕਾਰ ਕੋਸ਼ਿਸ਼ ਕਰੇਗੀ ਕਿ :

(ੳ)ਅਪਾਹਜ ਬੱਚਿਆਂ ਲਈ ਸੰਭਾਲ, ਸੁਰੱਖਿਆ ਆਦਿ ਦੇ ਹੱਕ ਯਕੀਨੀ ਬਣਾਏ ਜਾਣ।

(ਅ) ਸਨਮਾਨ ਅਤੇ ਬਰਾਬਰੀ ਨਾਲ ਵਿਕਸਤ ਹੋਣ ਦਾ ਅਧਿਕਾਰ ਯਕੀਨੀ ਬਣਾਇਆ ਜਾਵੇ ਜਿਸ ਨਾਲ ਅਜਿਹਾ ਵਾਤਾਵਰਨ ਪੈਦਾ ਹੋਵੇਗਾ ਜਿਥੇ ਬੱਚੇ ਆਪਣੇ ਹੱਕ ਦਾ ਇਸਤੇਮਾਲ ਕਰ ਸਕਣਗੇ, ਬਰਾਬਰ ਮੌਕਿਆਂ ਦਾ ਲਾਹਾ ਲੈ ਸਕਣਗੇ ਅਤੇ ਵੱਖ-ਵੱਖ ਕਨੂੰਨਾਂ ਹੇਠ ਪੂਰੀ ਭਾਗੀਦਾਰੀ ਕਰ ਸਕਣਗੇ।

(ੲ) ਸਿੱਖਿਆ, ਸਿਹਤ, ਕਿੱਤਾਮੁਖੀ ਸਿਖਲਾਈ ਅਤੇ ਵਿਸ਼ੇਸ਼ ਪੁਨਰਵਾਸ ਤੱਕ ਅਪੰਗ ਬੱਚਿਆਂ ਦੀ ਪਹੁੰਚ ਅਤੇ ਸ਼ਮੂਲੀਅਤ।

(ਸ) ਗੰਭੀਰ ਅਪੰਗਤਾ ਵਾਲੇ ਬੱਚਿਆਂ ਲਈ ਵਿਕਸਤ ਹੋਣ, ਸਾਂਭ-ਸੰਭਾਲ ਦੀਆਂ ਵਿਸ਼ੇਸ਼ ਲੋੜਾਂ ਦੀ ਮਾਨਤਾ ਅਤੇ ਸੁਰੱਖਿਆ ਦੇ ਹੱਕ ਨੂੰ ਯਕੀਨੀ ਬਣਾਉਣਾ।

## ਰੋਕਥਾਮ, ਸ਼ੁਰੂਆਤੀ ਪਛਾਣ ਅਤੇ ਦਖਲ

(i) ਬੱਚਿਆਂ ਅਤੇ ਗਰਭਵਤੀ ਔਰਤਾਂ ਲਈ ਰਾਸ਼ਟਰੀ, ਖੇਤਰੀ ਅਤੇ ਸਥਾਨਕ ਪੱਧਰ ਉਤੇ ਟੀਕਾਕਰਨ ਪ੍ਰੋਗਰਾਮ, ਜਨਤਕ ਸਿਹਤ ਅਤੇ ਸਾਫ਼-ਸਫ਼ਾਈ ਦਾ ਵਿਸਥਾਰ।

(ii) ਅਪੰਗਤਾ ਰੋਕਣ, ਸ਼ੁਰੂਆਤੀ ਪਛਾਣ ਅਤੇ ਦਖ਼ਲਾਂ ਲਈ ਸਿਖਲਾਈ ਪ੍ਰੋਗਰਾਮ ਅਤੇ ਸਹੂਲਤਾਂ, ਡਾਕਟਰੀ ਅਤੇ ਪੈਰਾ ਮੈਡੀਕਲ ਸਿਹਤ ਕਰਮੀਆਂ ਅਤੇ ਆਂਗਨਵਾੜੀ ਕਰਮੀਆਂ ਲਈ ਵਿਕਸਤ ਕੀਤੀਆਂ ਜਾਣਗੀਆਂ।

(iii) ਅਪੰਗਤਾ ਦੇ ਪ੍ਰਭਾਵਾਂ ਨੂੰ ਸੀਮਤ ਕਰਨ ਲਈ ਢੁੱਕਵੀਂ ਕਾਰਜ ਯੋਜਨਾ ਅਤੇ ਮੌਜੂਦਾ ਸਿਹਤ ਸੇਵਾ ਪ੍ਰਣਾਲੀ ਅਧੀਨ ਉਪ-ਅਪੰਗਤਾ ਦੀ ਰੋਕਥਾਮ ਲਈ ਯੋਜਨਾ ਬਣਾਈ ਜਾਵੇਗੀ।

(iv) ਪੋਸ਼ਣ, ਸਿਹਤ ਸੰਭਾਲ ਅਤੇ ਸਾਫ਼-ਸਫ਼ਾਈ ਪ੍ਰਤਿ ਜਵਾਨ ਹੋ ਰਹੀਆਂ ਬੱਚੀਆਂ, ਗਰਭਵਤੀ ਔਰਤਾਂ ਅਤੇ ਪ੍ਰਜਨਣ ਕਾਲ ਵਿੱਚੋਂ ਲੰਘ ਰਹੀਆਂ ਔਰਤਾਂ ਵਿੱਚ ਜਾਗਰੂਕਤਾ ਪੈਦਾ ਕਰਨ ਵੱਲ ਧਿਆਨ ਦਿੱਤਾ ਜਾਵੇਗਾ। ਰੋਕਥਾਮ ਲਈ ਜਾਗਰੂਕਤਾ ਪ੍ਰੋਗਰਾਮ ਸਕੂਲ ਪੱਧਰ ਅਤੇ ਅਧਿਆਪਕਾਂ ਦੀ ਸਿਖਲਾਈ ਕੋਰਸ ਦੇ ਪੱਧਰ ਉਤੇ ਬਣਾਏ ਜਾਣਗੇ।

## ਪ੍ਰੋਗਰਾਮ ਅਤੇ ਪੁਨਰਵਾਸ

(i) ਪੂਰਨ ਪੁਨਰਵਾਸ ਸੇਵਾਵਾਂ, ਜਿਸ ਵਿੱਚ ਮਨੁੱਖੀ ਸਰੋਤ ਵਿਕਾਸ, ਖੋਜ ਅਤੇ ਦੀਰਘਕਾਲੀ ਵਿਸ਼ੇਸ਼ ਪੁਨਰਵਾਸ ਵੀ ਸ਼ਾਮਲ ਹੋਣਗੇ, ਲਈ ਰਾਜ ਪੱਧਰੀ ਕੇਂਦਰ ਸਥਾਪਤ ਕੀਤੇ ਜਾਣਗੇ।

(ii) ਗੰਭੀਰ ਦਿਮਾਗੀ ਰੋਗਾਂ ਤੋਂ ਪੀੜਤ ਵਿਅਕਤੀਆਂ ਲਈ ਮਾਨਸਕ ਸਾਂਭ ਸੰਭਾਲ ਘਰ ਸਥਾਪਤ ਕਰਨ ਨੂੰ ਜ਼ਿਲ੍ਹਾ ਪੱਧਰੀ ਪੰਚਾਇਤੀ ਰਾਜ ਸੰਸਥਾਵਾਂ ਅਧੀਨ ਉਤਸਾਹਿਤ ਕੀਤਾ ਜਾਵੇਗਾ। ਇਸ ਵਿੱਚ ਗ਼ੈਰ ਸਰਕਾਰੀ ਸੰਗਠਨਾਂ ਦੀ ਵੀ ਸ਼ਮੂਲੀਅਤ ਹੋਵੇਗੀ। ਬਦਲਵੇਂ ਤੌਰ ਤੇ, ਪਰਿਵਾਰਕ ਸਹਾਇਤਾ ਸਮੂਹਾਂ ਨੂੰ ਮਨੋਰੋਗ ਅਪੰਗਤਾ ਵਾਲੇ ਵਿਅਕਤੀਆਂ ਲਈ ਸਾਂਭ-ਸੰਭਾਲ ਸੰਸਥਾਨ ਬਣਾਉਣ ਲਈ ਉਤਸਾਹਿਤ ਕੀਤਾ ਜਾਵੇਗਾ। ਇਸ ਵਿੱਚ ਭਾਈਚਾਰੇ ਜਾਂ ਪਰਿਵਾਰ ਦੀ ਮਦਦ ਨਹੀਂ ਹੋਵੇਗੀ।

12ਵੀਂ ਪੰਜ ਸਾਲਾ ਯੋਜਨਾ ਵਿੱਚ ਭਾਰਤ ਸਰਕਾਰ ਨੇ ਕੇਂਦਰ ਸਰਕਾਰ ਦੇ ਮੰਤਰਾਲਿਆਂ, ਜਿਨ੍ਹਾਂ ਵਿੱਚ ਸੂਚਨਾ ਤਕਨੀਕ, ਸ਼ਹਿਰੀ ਹਵਾਬਾਜ਼ੀ, ਸਿਹਤ ਅਤੇ ਪਰਿਵਾਰ ਭਲਾਈ, ਮਨੁੱਖੀ ਸਰੋਤ ਵਿਕਾਸ, ਕਿਰਤ ਤੇ ਰੋਜ਼ਗਾਰ, ਰੇਲਵੇ, ਦਿਹਾਤੀ ਵਿਕਾਸ, ਔਰਤ ਤੇ ਬਾਲ ਵਿਕਾਸ ਮੰਤਰਾਲਾ

ਸ਼ਾਮਲ ਹਨ, ਵਲੋਂ ਕੀਤੇ ਜਾਣ ਵਾਲੇ ਸੰਭਾਵੀ ਕਾਰਜਾਂ ਦਾ ਖਾਕਾ ਤਿਆਰ ਕੀਤਾ ਸੀ, ਜਿਨ੍ਹਾਂ ਦਾ ਲਾਭ ਅਪੰਗਤਾ ਵਾਲੇ ਵਿਅਕਤੀਆਂ ਨੂੰ ਹੋਵੇਗਾ। ਰਾਜਾਂ ਨੂੰ ਵੀ ਅਜਿਹੇ ਕਾਰਜ ਕਰਨ ਦੀ ਸਲਾਹ ਦਿੱਤੀ ਗਈ ਸੀ।

ਇਸ ਵਲੋਂ ਅਪੰਗ ਵਿਅਕਤੀਆਂ ਦੇ ਹੱਕਾਂ ਦੀ ਰਾਖੀ ਲਈ ਵੱਖ-ਵੱਖ ਕਨੂੰਨਾਂ ਬਾਰੇ ਜਾਣਕਾਰੀ ਵੀ ਪੇਸ਼ ਕੀਤੀ ਗਈ। ਅਪੰਗਤਾ ਬਾਰੇ ਵਰਤਮਾਨ ਕਨੂੰਨ ਇਹ ਹਨ – ਅਪੰਗ ਵਿਅਕਤੀਆਂ (ਬਰਾਬਰ ਦੇ ਮੌਕੇ, ਹੱਕਾਂ ਦੀ ਰਾਖੀ ਅਤੇ ਸੰਪੂਰਨ ਭਾਗੀਦਾਰੀ) ਬਾਰੇ ਐਕਟ, 1995, ਦੀ ਨੈਸ਼ਨਲ ਟ੍ਰਸਟ ਫਾਰ ਵੈਲਫੇਅਰ ਆਫ ਪਰਸਨਜ਼ ਵਿਦ ਔਇਜ਼ਮ, ਸ਼ੈਰੀਬਰਲ ਪਾਲਸੀ, ਮੈਂਟਲ ਰਿਟਾਰਡੇਸ਼ਨ ਐਂਡ ਮਲਟੀਪਲ ਡਿਜ਼ੇਬਿਲਿਟੀਜ਼ ਐਕਟ, 1999, ਰਿਹੈਬਲੀਟੇਸ਼ਨ ਕੌਂਸਲ ਆਫ ਇੰਡੀਆ 1992, ਮੈਂਟਲ ਹੈਲਥ ਐਕਟ 1987, ਰਾਈਟ ਟੂ ਐਜੂਕੇਸ਼ਨ ਐਕਟ 2009, ਪ੍ਰੋਟੈਕਸ਼ਨ ਆਫ ਚਾਈਲਡ ਰਾਈਟਸ ਐਕਟ 2005, ਕਿ ਨੈਸ਼ਨਲ ਕਮਿਸ਼ਨ ਫਾਰ ਵਿਮੈਨ ਐਕਟ 1990, ਅਪਰੈਂਟਿਸ ਐਕਟ 2005, ਕ੍ਰਿਮੀਨਲ ਪ੍ਰੋਸੀਜ਼ਰ ਕੋਰਟ 1973 ਆਦਿ।

ਉਪਰੋਕਤ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਹਲੇ ਹੋਰ ਬਹੁਤ ਕੁੱਝ ਕੀਤਾ ਜਾਣਾ ਬਾਕੀ ਹੈ। ਬੇਹਤਰ ਪ੍ਰਣਾਲੀ ਸਥਾਪਤ ਕਰਨ ਲਈ ਅਗਾਂਹਵਧੂ ਪਹੁੰਚ ਅਖਤਿਆਰ ਕਰਨ ਦੀ ਲੋੜ ਹੈ। ਅਪੰਗ ਵਿਅਕਤੀਆਂ ਲਈ ਬਰਾਬਰੀ ਦੇ ਮੌਕਿਆਂ ਬਾਰੇ ਸੰਯੁਕਤ ਰਾਸ਼ਟਰ ਦੇ ਮਿਆਰੀ ਨਿਯਮਾਂ ਦੇ ਸਰਵੇਖਣ ਵਿੱਚ ਪਤਾ ਚਲਿਆ ਕਿ ਹੁੰਗਾਰਾ ਦੇਣ ਵਾਲੇ 42 ਪ੍ਰਤਿਸ਼ਤ ਦੇਸ਼ਾਂ ਵਿੱਚ ਪੁਨਰਵਾਸ ਨੀਤੀਆਂ ਨੂੰ ਨਹੀਂ ਅਪਣਾਇਆ ਗਿਆ, 50 ਪ੍ਰਤਿਸ਼ਤ ਦੇਸ਼ਾਂ ਵਿੱਚ ਅਪੰਗ ਵਿਅਕਤੀਆਂ ਦੇ ਪੁਨਰਵਾਸ ਲਈ ਕਾਨੂੰਨ ਪਾਸ ਨਹੀਂ ਕੀਤੇ ਗਏ ਅਤੇ 40 ਪ੍ਰਤਿਸ਼ਤ ਦੇਸ਼ਾਂ ਵਿੱਚ ਪੁਨਰਵਾਸ ਪ੍ਰੋਗਰਾਮ ਨਹੀਂ ਚਲਾਏ ਗਏ। ਇਥੋਂ ਤੱਕ ਕਿ ਚੰਗੇ ਕਨੂੰਨ ਅਤੇ ਪੁਨਰਵਾਸ ਸਬੰਧਤ ਨੀਤੀਆਂ ਵਾਲੇ ਦੇਸ਼ਾਂ ਵਿੱਚ ਵੀ ਅਮਲ ਪਛੜ ਗਿਆ। ਪ੍ਰਣਾਲੀਗਤ ਰੁਕਾਵਟਾਂ ਦੀ ਪਛਾਣ ਇਸ ਤਰ੍ਹਾਂ ਕੀਤੀ ਗਈ – ਰਣਨੀਤਕ ਯੋਜਨਾਬੰਦੀ ਦੀ ਘਾਟ, ਸਰੋਤਾਂ ਅਤੇ ਸਿਹਤ ਸਬੰਧੀ ਬੁਨਿਆਦੀ ਢਾਂਚੇ ਦੀ ਕਮੀ, ਸੇਵਾਵਾਂ ਦੇ ਪ੍ਰਬੰਧਨ, ਤਾਲਮੇਲ ਅਤੇ ਨਿਗਰਾਨੀ ਲਈ ਜ਼ਿੰਮੇਵਾਰ ਏਜੰਸੀ ਦੀ ਕਮੀ, ਨਾ-ਵਾਜਬ ਸਿਹਤ ਜਾਣਕਾਰੀ ਪ੍ਰਣਾਲੀਆਂ ਅਤੇ ਸੰਚਾਰ ਰਣਨੀਤੀਆਂ, ਜਟਿਲ ਰੈਫਰਲ ਪ੍ਰਣਾਲੀਆਂ ਅਤੇ ਅਪੰਗਤਾ ਵਾਲੇ ਲੋਕਾਂ ਨਾਲ ਸੰਵਾਦ ਦੀ ਅਣਹੋਂਦ। ਰਾਸ਼ਟਰੀ ਪੁਨਰਵਾਸ ਯੋਜਨਾਵਾਂ ਅਤੇ ਸੁਧਰੀ ਹੋਈ ਅੰਤਰ-ਖੇਤਰੀ ਭਾਈਵਾਲੀ ਦੀ ਫੌਰੀ ਲੋੜ ਹੈ।

## ਅੱਗੇ ਦਾ ਰਸਤਾ

ਭਾਰਤ ਨੇ ਸ਼ਮੂਲੀਅਤ ਵਾਲੀ ਅਪੰਗਤਾ ਨੀਤੀ ਅਤੇ ਪ੍ਰੋਗਰਾਮ ਤਿਆਰ ਕਰਨ ਦਾ ਯਤਨ ਕੀਤਾ ਹੈ ਅਤੇ ਅਪੰਗਾਂ ਦੇ ਹੱਕਾਂ ਦੀ ਵਕਾਲਤ ਕਰਕੇ ਵਿਕਾਸਸ਼ੀਲ ਜਗਤ ਵਿੱਚ ਵਾਹ-ਵਾਹ ਪ੍ਰਾਪਤ ਕੀਤੀ ਹੈ। ਭਾਰਤੀ ਪ੍ਰਧਾਨ ਮੰਤਰੀ ਨੇ ਆਪਣੇ ਲੋਕਪ੍ਰਿਯ ਪ੍ਰੋਗਰਾਮਾਂ ਦੀ ਲੜੀ 'ਮਨ ਦੀ ਬਾਤ' ਵਿੱਚ ਇਸ ਮੁੱਦੇ ਨੂੰ ਚੁੱਕਿਆ ਹੈ। ਪਰ ਹਲੇ ਵੀ ਬਹੁਤ ਸਾਰੇ ਮੁੱਦੇ ਅਜਿਹੇ ਹਨ ਜਿਨ੍ਹਾਂ ਨਾਲ ਨਜਿੱਠਿਆ ਜਾਣਾ ਬਾਕੀ ਹੈ। ਢੁੱਕਵੇਂ ਅਮਲ ਉਤੇ ਧਿਆਨ ਕੇਂਦਰਿਤ ਕਰਨਾ ਹੋਵੇਗਾ। ਅਪੰਗਤਾ ਵਾਲੇ ਵਿਅਕਤੀਆਂ ਨੂੰ ਨਿਆਂ ਦੇਣਾ ਹੋਵੇਗਾ ਅਤੇ ਜ਼ਿਆਦਾ ਸ਼ਮੂਲੀਅਤ ਵਾਲੇ ਸਮਾਜ ਦਾ ਨਿਰਮਾਣ ਕਰਨਾ ਪਵੇਗਾ। ਸਭ ਤੋਂ ਪਹਿਲਾਂ ਭਾਰਤ ਵਿੱਚ ਅਪੰਗਤਾ ਦੀ ਮਾਤਰਾ ਨੂੰ ਸਪੱਸ਼ਟਤਾ ਨਾਲ ਅਤੇ ਇਸ ਦੀ ਪਰਿਭਾਸ਼ਾ ਨੂੰ ਧਿਆਨ ਵਿੱਚ ਰੱਖ ਕੇ ਸਮਝਣਾ ਹੋਵੇਗਾ। ਇਸ ਦੀ ਅਣਹੋਂਦ ਵਿੱਚ ਸਹੀ ਅੰਕੜੇ ਇਕੱਤਰ ਕਰਨਾ ਅਤੇ ਢੁੱਕਵੀਂ ਨੀਤੀ ਅਪਣਾਉਣਾ ਇੱਕ ਚੁਨੌਤੀ ਹੋਵੇਗੀ। ਭਾਰਤ ਨੂੰ ਇਸ ਮੁੱਦੇ ਨਾਲ ਨਜਿੱਠਣ ਲਈ ਏਕੀਕ੍ਰਿਤ ਅਤੇ ਬਹੁ-ਵਿਧਾਈ ਪਹੁੰਚ ਅਖਤਿਆਰ ਕਰਨੀ ਹੋਵੇਗੀ। ਇਸ ਦੇ ਲਈ ਬੇਹਤਰ ਤਾਲਮੇਲ ਅਤੇ ਇਸ ਮੁੱਦੇ ਉਤੇ ਕੰਮ ਕਰ ਰਹੇ ਵਿਭਾਗਾਂ ਅਤੇ ਏਜੰਸੀਆਂ ਦਰਮਿਆਨ ਬੇਹਤਰ ਨੈੱਟਵਰਕਿੰਗ ਦੀ ਲੋੜ ਹੈ। ਸਮਾਜਕ ਵਿਤਕਰੇ, ਸਹੂਲਤਾਂ ਅਤੇ ਸੇਵਾਵਾਂ ਤੱਕ ਪਹੁੰਚ ਕਰਨ ਦੇ ਰਸਤੇ ਵਿੱਚ ਆਉਣ ਵਾਲੀਆਂ ਰੁਕਾਵਟਾਂ ਨਾਲ ਸਿੱਝਣ ਲਈ ਸਥਾਨਕ ਸਰਕਾਰਾਂ ਅਤੇ ਭਾਈਚਾਰਿਆਂ ਦੀ ਭਾਗੀਦਾਰੀ ਬਹੁਤ ਹੀ ਜ਼ਰੂਰੀ ਹੈ। ਸੇਵਾਵਾਂ ਦੇ ਹਰੇਕ ਪੱਧਰ ਉਤੇ ਸਿੱਖਿਅਤ ਅਮਲੇ ਦੀ ਤੈਨਾਤੀ ਬਹੁਤ ਜ਼ਰੂਰੀ ਹੈ ਤਾਂ ਕਿ ਆਮ ਜਨਤਾ ਵਿੱਚ ਅਪੰਗਤਾ ਨੂੰ ਰੋਕਿਆ ਜਾ ਸਕੇ ਅਤੇ ਅਪੰਗ ਵਿਅਕਤੀਆਂ ਨੂੰ ਵਿਸ਼ੇਸ਼ ਸਾਂਭ-ਸੰਭਾਲ ਅਤੇ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ। ਸਮਾਜਕ ਸੁਰੱਖਿਆ ਸਕੀਮਾਂ ਦੁਆਰਾ ਸਿਹਤ ਸੰਭਾਲ ਸੁਰੱਖਿਆ ਸਾਰੇ ਲੋੜਵੰਦਾਂ ਨੂੰ ਮੁਹੱਈਆ ਕਰਵਾਉਣ ਦੀ ਜ਼ਰੂਰਤ ਹੈ।

*(ਲੇਖਕ ਦਿੱਲੀ ਯੂਨੀਵਰਸਟੀ ਦੇ ਸੋਸ਼ਲ ਵਰਕ ਵਿਭਾਗ ਵਿੱਚ ਅਸਿਸਟੈਂਟ ਪ੍ਰੋਫੈਸਰ ਹਨ)*
*e-mail :shashi.socialwork@gmail.com*

### ਜੰਮੂ ਕਸ਼ਮੀਰ ਲਈ ਵਿਸ਼ੇਸ਼ ਉਦਯੋਗ ਪਹਿਲਕਦਮੀ ਉਡਾਨ ਦੀ ਮਿਆਦ ਵਧਾਈ ਗਈ

ਜੰਮੂ-ਕਸ਼ਮੀਰ ਲਈ ਵਿਸ਼ੇਸ਼ ਉਦਯੋਗ ਪਹਿਲ ਉਡਾਨ ਜਿਸ ਦੀ ਮਿਆਦ ਸ਼ੁਰੂ ਵਿੱਚ 2015-16 ਤੱਕ ਸੀ, ਹੁਣ ਉਸ ਨੂੰ ਵਧਾ ਕੇ 2019-20 ਤੱਕ ਕਰ ਦਿੱਤਾ ਗਿਆ ਹੈ।

ਉਡਾਨ ਇਕ ਰਾਸ਼ਟਰੀ ਏਕਤਾ ਸਕੀਮ ਹੈ, ਜਿਸ ਦਾ ਉਦੇਸ਼ ਜੰਮੂ-ਕਸ਼ਮੀਰ ਦੇ ਨੌਜਵਾਨਾਂ ਨੂੰ ਦੇਸ਼ ਦੀ ਮੁੱਖਧਾਰਾ ਨਾਲ ਜੋੜਨਾ ਹੈ। ਇਹ ਸਕੀਮ ਨਾ ਸਿਰਫ਼ ਜੰਮੂ-ਕਸ਼ਮੀਰ ਦੇ ਨੌਜਵਾਨਾਂ ਨੂੰ ਮਹਾਰਤ ਵਿਕਾਸ ਅਤੇ ਨੌਕਰੀਆਂ ਦੇ ਮੌਕੇ ਦੇਣ ਲਈ ਹੈ ਸਗੋਂ ਕੱਟੜਤਾ ਦਾ ਵਿਰੋਧ ਪੈਦਾ ਕਰਦੀ ਹੈ ਅਤੇਇਨ੍ਹਾਂ ਨੂੰ ਦਹਿਸ਼ਤਗਰਦੀ ਤੋਂ ਦੂਰ ਰੱਖਦੀ ਹੈ।

ਉਡਾਨ ਜੰਮੂ-ਕਸ਼ਮੀਰ ਦੇ ਨੌਜਵਾਨਾਂ ਦੀ ਭਾਰਤ ਦੇ ਸਭ ਤੋਂ ਵਧੀਆ ਕਾਰਪੋਰੇਟ ਜਗਤ ਵਿੱਚ ਪਹੁੰਚ ਬਣਾਉਂਦੀ ਹੈ ਅਤੇ ਕਾਰਪੋਰੇਟ ਭਾਰਤ ਦੀ ਪਹੁੰਚ ਰਾਜ ਦੀ ਸ਼ਾਨਦਾਰ ਪ੍ਰਤਿਭਾ ਦੇ ਪੂਲ ਤੱਕ ਬਣਦੀ ਹੈ। ਹੁਣ ਤੱਕ, 67 ਮੋਢੀ ਕਾਰਪੋਰੇਟ ਘਰਾਣਿਆਂ ਨੇ ਰਾਸ਼ਟਰੀ ਮਹਾਰਤ ਵਿਕਾਸ ਕਾਰਪੋਰੇਸ਼ਨ ਨਾਲ ਉਡਾਨ ਅਧੀਨ ਸਾਂਝ ਵਿੱਚ ਸੰਗਠਤ ਖੁਦਰਾ, ਬੈਂਕਿੰਗ, ਮਾਲੀ ਸੇਵਾਵਾਂ, ਸੂਚਨਾ ਤਕਨਾਲੋਜੀ, ਸੂਚਨਾ ਤਕਨਾਲੋਜੀ ਈ-ਸੇਵਾਵਾਂ, ਬੁਨਿਆਦੀ ਢਾਂਚਾ, ਮਹਿਮਾਨਨਿਵਾਜ਼ੀ ਆਦਿ ਖੇਤਰਾਂ ਵਿੱਚ ਰਾਜ ਦੇ ਨੌਜਵਾਨਾਂ ਨੂੰ ਸਿਖਲਾਈ ਲਈ ਵਚਨਬੱਧਤਾ ਜ਼ਾਹਰ ਕੀਤੀ ਹੈ। 19000 ਤੋਂ ਵੱਧ ਉਮੀਦਵਾਰਾਂ ਦੀ ਚੋਣ ਕੀਤੀ ਗਈ ਹੈ, 15000 ਨੇ ਸਿਖਲਾਈ ਲਈ ਦਾਖ਼ਲਾ ਲੈ ਲਿਆ ਹੈ, ਉਨ੍ਹਾਂ ਵਿੱਚੋਂ 8,700 ਨੇ ਸਿਖਲਾਈ ਪੂਰੀ ਕਰ ਲਈ ਹੈ ਅਤੇ 6,838 ਨੂੰ ਨੌਕਰੀਆਂ ਦੀ ਪੇਸ਼ਕਸ਼ ਮਿਲ ਗਈ ਹੈ। ਇਸ ਸਕੀਮ ਦਾ ਟੀਚਾ 40,000 ਗ੍ਰੈਜੂਏਟ, ਪੋਸਟ ਗ੍ਰੈਜੂਏਟ ਅਤੇ 3-ਸਾਲਾ ਇੰਜਨੀਅਰਿੰਗ ਡਿਪਲੋਮਾ ਵਾਲਿਆਂ ਨੂੰ ਸਿਖਲਾਈ ਦੇਣ ਅਤੇ ਉਨ੍ਹਾਂ ਲਈ ਮੌਕਿਆਂ ਦੇ ਮੌਕੇ ਬਣਾਉਣਾ, 2019-20 ਤੱਕ ਹਾਸਲ ਕਰ ਲੈਣ ਦਾ ਹੈ। ਇਸ ਨੂੰ ਲਾਗੂ ਕਰਨ ਦੀ ਗਤੀ ਵਧਾਉਣ ਲਈ ਵੱਡੇ ਪੈਮਾਨੇ ਉਤੇ ਚੋਣ ਸ਼ੁਰੂ ਕੀਤੀ ਗਈ ਹੈ। ਹੁਣ ਤੱਕ, ਰਾਜ ਦੇ ਸਭ ਜ਼ਿਲ੍ਹਿਆਂ ਵਿੱਚ 67 ਮੈਗਾ ਚੋਣ ਡਰਾਈਵ ਚਲਾਈਆਂ ਗਈਆਂ ਹਨ।

# ਅਸਮਰੱਥਾ – ਇੱਕ ਪੇਸ਼ੇਵਰ ਦਾ ਦ੍ਰਿਸ਼ਟੀਕੋਣ

ਅਰੁਨਿਮਾ ਡੇ

ਸਾਡੇ ਸਮਾਜ ਵਿੱਚ, ਜਿਥੇ ਕਿ ਅਸਰਮੱਥਾ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ, ਸਿਹਤ ਵਿਕਾਸ ਦਾ ਅਹਿਮ ਸੰਕੇਤਕ ਹੈ। ਅਸਮਰੱਥਾ ਨੂੰ ਆਮ ਤੌਰ ਤੇ ਕਿਸੇ ਵਿਅਕਤੀ ਦੇ ਜੀਵਨ ਵਿੱਚ ਕਮੀ ਵਜੋਂ ਦੇਖਿਆ ਜਾਂਦਾ ਹੈ ਜਿਸ ਦੇ ਸਿੱਟੇ ਵਜੋਂ ਉਸ ਦਾ ਜੀਵਨ ਕਈ ਢੰਗਾਂ ਨਾਲ ਸੀਮਿਤ ਹੋ ਜਾਂਦਾ ਹੈ। ਇਹ ਵਧੇਰੇ ਕਰਕੇ ਪ੍ਰਤੱਖ ਹੈ ਕਿ ਇਲਾਕਾਈ ਅਤੇ ਰੋਗ ਵਿਗਿਆਨ ਸਬੰਧੀ ਪੱਖਾਂ ਨੂੰ ਸਿਹਤ ਦੇ ਖੇਤਰ ਵਿੱਚ ਵੱਡੇ ਪੱਧਰ ਉਤੇ ਅਧਿਐਨ ਦਾ ਵਿਸ਼ਾ ਬਣਾਇਆ ਜਾਂਦਾ ਹੈ ਜਦ ਕਿ ਸਿਹਤ ਮੁੱਦਿਆਂ ਦੇ ਮਹੱਤਵਪੂਰਨ ਹਿੱਸੇ ਅਸਮਰੱਥ ਨੂੰ ਆਮ ਤੌਰ ਤੇ ਅਣਦੇਖਿਆ ਕਰ ਦਿੱਤਾ ਜਾਂਦਾ ਹੈ।

## ਅਸਮਰੱਥਾ – ਪੂਰਨ ਪਰਿਭਾਸ਼ਾ


ਸਰੀਰਕ ਵਿਗਾੜ, ਅਸਮਰੱਥਾ ਅਤੇ ਅਪਾਹਜਤਾ ਆਪਸ ਵਿੱਚ ਜੁੜੇ ਹੋਏ ਹਨ ਅਤੇ ਵਿਸ਼ੇਸ਼ ਅਰਥ ਰਖਦੇ ਹਨ ਫਿਰ ਵੀ ਇਨ੍ਹਾਂ ਨੂੰ ਇੱਕ-ਦੂਜੇ ਦਾ ਸਮਾਨਾਰਥਕ ਮੰਨ ਲਿਆ ਜਾਂਦਾ ਹੈ। ਵਿਸ਼ਵ ਸਿਹਤ ਸੰਸਥਾ ਦੇ ਮੈਨੁਅਲ ਮੁਤਾਬਕ, 'ਸਰੀਰਕ ਵਿਗਾੜ ਸਰੀਰ ਦੇ ਢਾਂਚੇ, ਦਿੱਖ ਅਤੇ ਅੰਗਾਂ ਜਾਂ ਅੰਗ-ਪ੍ਰਣਾਲੀ ਵਿੱਚ ਕਿਸੇ ਕਾਰਨ ਕਿਸੇ ਤਰ੍ਹਾਂ ਦੇ ਵਿਗਾੜ ਨਾਲ ਸਬੰਧ ਰੱਖਦਾ ਹੈ। ਸਿਧਾਂਤਕ ਰੂਪ ਵਿੱਚ ਸਰੀਰਕ ਵਿਗਾੜ ਅੰਗਾਂ ਦੇ ਪੱਧਰ ਉਤੇ ਕਿਸੇ ਵਿਗਾੜ ਨੂੰ ਦਰਸਾਉਂਦਾ ਹੈ ਅਤੇ ਅਸਮਰੱਥਾ ਸਰੀਰਕ ਵਿਗਾੜ ਦੇ ਨਤੀਜੇ ਵਜੋਂ ਕਿਸੇ ਵਿਅਕਤੀ ਦੀਆਂ ਸਰਗਰਮੀਆਂ ਅਤੇ ਹੋਰ ਕਾਰ-ਵਿਹਾਰ ਵਿੱਚ ਆਈ ਰੁਕਾਵਟ ਨੂੰ ਕਹਿੰਦੇ ਹਨ। ਇੰਞ ਅਸਮਰੱਥਾ ਵਿਅਕਤੀ ਦੇ ਪੱਧਰ ਉਤੇ ਆਏ ਵਿਗਾੜ ਦੀ ਪ੍ਰਤਿਨਿਧਤਾ ਕਰਦੀ ਹੈ। ਦੂਜੇ ਪਾਸੇ ਅਪਾਹਜਤਾ ਸਰੀਰਕ ਵਿਗਾੜਾਂ ਅਤੇ ਅਸਮਰੱਥਾਵਾਂ ਦੇ ਸਿੱਟੇ ਵਜੋਂ ਵਿਅਕਤੀ ਦੇ ਮੁਥਾਜ ਹੋ ਜਾਣ ਦੇ ਅਨੁਭਵ ਨਾਲ ਸਬੰਧਿਤ ਹੈ। ਅਪਾਹਜਤਾ ਇੰਞ ਕਿਸੇ ਵਿਅਕਤੀ ਦੇ ਆਲੇ-ਦੁਆਲੇ ਨਾਲ ਮਿਲਵਰਤਨ ਅਤੇ ਉਸ ਮੁਤਾਬਕ ਖ਼ੁਦ ਨੂੰ ਢਾਲਣ ਨੂੰ ਦਰਸਾਉਂਦੀ ਹੈ।' (ਵਿਸ਼ਵ ਸਿਹਤ ਸੰਗਠਨ 1980)।

## ਸਮੱਸਿਆ ਦੀ ਵਿਆਪਕਤਾ

ਸੂਚੀ-1 ਵਿੱਚ ਦਰਸਾਈ 2001-2011 ਦਰਮਿਆਨ ਭਾਰਤ ਵਿੱਚ ਅਸਮਰੱਥਾ ਦੀ ਸ਼ਿਕਾਰ ਔਰਤਾਂ-ਮਰਦਾਂ ਦੀ ਵਸੋਂ ਬਾਰੇ ਰਹਾਇਸ਼ੀ ਪੱਧਰ ਦੇ ਅੰਕੜੇ ਦਿਖਾਉਂਦੀ ਹੈ। ਇਹ ਸਪੱਸ਼ਟ ਰੂਪ ਵਿੱਚ ਦੱਸਦੀ ਹੈ ਕਿ ਪਿਛਲੇ ਦਹਾਕੇ (2001-2011) ਦੌਰਾਨ ਪੇਂਡੂ ਅਤੇ ਸ਼ਹਿਰੀ, ਦੇਸ਼ ਦੇ ਦੋਹਾਂ ਇਲਾਕਿਆਂ ਵਿੱਚ ਅਸਮਰੱਥਾ ਦੇ ਸ਼ਿਕਾਰ ਵਿਅਕਤੀਆਂ ਦੇ ਪ੍ਰਤਿਸ਼ਤ ਵਿੱਚ ਵਾਧਾ ਦਰਜ ਹੋਇਆ ਹੈ। ਇਸੇ ਦਾ ਇਕ ਹੋਰ ਹਿੱਸਾ ਇਹ ਵੀ ਦੱਸਦਾ ਹੈ ਕਿ ਸ਼ਹਿਰੀ ਇਲਾਕਿਆਂ ਦੇ ਮੁਕਾਬਲੇ ਪੇਂਡੂ ਇਲਾਕਿਆਂ ਵਿੱਚ ਅਸਮਰੱਥਾ ਦੀ ਸ਼ਿਕਾਰ ਵਸੋਂ ਦੀ ਗਿਣਤੀ ਘੱਟ ਹੈ ਜਦ ਕਿ ਦਹਾਕੇ ਦੌਰਾਨ ਔਸਤ ਵਿੱਚ ਸ਼ਹਿਰੀ ਇਲਾਕਿਆਂ ਨੇ ਕਾਫ਼ੀ ਵਾਧਾ ਦਰਜ ਕਰਾਇਆ ਹੈ। ਸੂਚੀ ਤੋਂ ਇਹ ਵੀ ਪਤਾ ਲਗਦਾ ਹੈ ਕਿ ਦਹਾਕੇ ਦੌਰਾਨ ਔਰਤ-ਮਰਦ ਦੋਹਾਂ ਵਿੱਚ ਅਸਮਰੱਥ ਵਸੋਂ ਦੀ ਗਿਣਤੀ ਵਿੱਚ ਹਲਕਾ ਵਾਧਾ ਦਰਜ ਹੋਇਆ ਹੈ। ਅਸਮਰੱਥ ਵਸੋਂ ਵਿੱਚ ਮਰਦਾਂ ਦੀ ਔਸਤ ਵਧੇਰੇ ਹੈ ਜਦ ਕਿ ਇਸ ਦਹਾਕੇ ਦੀ ਔਸਤ ਵਿੱਚ ਵੀ ਵਾਧਾ ਦਰਜ ਹੋਇਆ ਹੈ ਜੋ ਕਿ ਮਰਦਾਂ ਦੇ ਮੁਕਾਬਲੇ ਔਰਤਾਂ ਦਰਮਿਆਨ ਵਧੇਰੇ ਹੈ।

## ਸਭਿਆਚਾਰ ਅਤੇ ਅਸਮਰੱਥਾ

ਅਸਮਰੱਥਾ ਬਾਰੇ ਦੱਸਣ ਦਾ ਇਕ ਹੋਰ ਢੰਗ ਸਾਡੇ ਵਲੋਂ ਇਸ ਸਮੱਸਿਆ ਨਾਲ ਜੂਝ ਰਹੇ ਲੋਕਾਂ ਵੱਲ ਜਤਾਇਆ ਵਤੀਰਾ ਅਤੇ ਉਨ੍ਹਾਂ ਬਾਰੇ ਦੱਸਣ ਜਾਂ ਉਨ੍ਹਾਂ ਨੂੰ ਪੇਸ਼ ਕਰਨ ਦਾ ਢੰਗ ਹੈ। ਵਿਅਕਤੀ ਨੇ ਕਿਤੇ ਵੀ ਜਨਮ ਲਿਆ ਹੋਵੇ ਅਸਮਰੱਥਾ ਇਕ ਚੁਨੌਤੀ ਵਾਂਗ ਹੁੰਦੀ ਹੈ। ਇਹ ਚੁਨੌਤੀ ਹੋਰ ਵਿਆਪਕ ਰੂਪ ਧਾਰ ਲੈਂਦੀ ਹੈ ਜਦ ਉਹ ਭਾਰਤ ਜਿਹੇ ਵਿਕਸਤ ਹੋ ਰਹੇ ਦੇਸ਼ ਵਿੱਚ ਜਨਮੇ ਅਸਮਰੱਥ ਵਿਅਕਤੀ ਨਾਲ ਜੁੜੀ ਹੁੰਦੀ ਹੈ। ਸਭਿਆਚਾਰਕ ਪਿਛੋਕੜ ਨੂੰ ਸਮਝਣਾ ਅਤੇ ਸਭਿਆਚਾਰ ਮੁਖੀ ਨਮੂਨੇ ਦੀ ਪਾਲਨਾ ਕਰਨਾ



ਅਸਮਰੱਥ ਵਿਅਕਤੀ ਅਤੇ ਉਨ੍ਹਾਂ ਦੀ ਸੇਵਾ ਵਿੱਚ ਲਗੇ ਲੋਕਾਂ ਲਈ ਬਹੁਤ ਮਹੱਤਵਪੂਰਨ ਹੈ। ਸਮਾਨ ਕਦਰਾਂ-ਕੀਮਤਾਂ ਅਤੇ ਦ੍ਰਿਸ਼ਟੀਕੋਨਾਂ ਦੀ ਸਾਂਝ ਦੋਹਾਂ ਧਿਰਾਂ ਲਈ ਕਾਰਜ ਨੂੰ ਸੁਖਾਲਾ ਬਣਾ ਦਿੰਦੀ ਹੈ ਕਿਉਂਕਿ ਦ੍ਰਿਸ਼ਟੀਕੋਨ ਆਮ ਤੌਰ ਤੇ ਸਭਿਆਚਾਰ ਤੋਂ ਪ੍ਰਭਾਵਿਤ ਹੁੰਦੇ ਹਨ (ਸਟੋਨ, 2005)। ਇਸ ਤੋਂ ਇਲਾਵਾ, ਭਾਸ਼ਾ, ਲੋਕਾਂ ਵਲੋਂ ਸਮਾਜ ਅਤੇ ਮੌਜੂਦਾ ਸਮਾਜਕ ਦ੍ਰਿਸ਼ ਨਾਲ ਦੇਖਣ ਦਾ ਨਜ਼ਰੀਆ ਸਿਰਜਦੀ ਹੈ। ਇਹ ਭਾਈਚਾਰੇ ਦੀਆਂ ਧਾਰਨਾਵਾਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਸਮਾਜ ਵਿੱਚ ਵਿਅਕਤੀਆਂ ਦੀਆਂ ਜ਼ਿੰਦਗੀਆਂ ਉਤੇ ਅਸਰ ਪਾਉਂਦੀ ਹੈ। ਇਸ ਲਈ ਅਸਮਰੱਥਾ ਦੇ ਮੁੱਦੇ ਬਾਰੇ ਗੱਲ ਕਰਨ ਲੱਗਿਆਂ ਵਿਸ਼ੇਸ਼ ਧਿਆਨ ਦਿੱਤੇ ਜਾਣ ਦੀ ਲੋੜ ਹੈ ਕਿਉਂਕਿ ਇਸ ਦਾ ਭਾਈਚਾਰੇ ਅਤੇ ਇਸ ਦੇ ਵਿਅਕਤੀਆਂ ਵਲੋਂ ਖ਼ੁਦ ਆਪਣੇ-ਆਪ ਨੂੰ ਦੇਖੇ ਜਾਣ ਉਪਰ ਡੂੰਘਾ ਅਸਰ ਪੈ ਸਕਦਾ ਹੈ। ਕੁੱਝ ਗੱਲਾਂ, ਕੁਦਰਤੀ ਅਸਮਰੱਥ ਵਿਅਕਤੀਆਂ ਨੂੰ ਨੀਵਾਂ ਕਰਕੇ ਦਿਖਾਉਂਦੀਆਂ, ਸ਼ਖ਼ਸੀਅਤਾਂ ਨੂੰ ਦਬਾਉਂਦੀਆਂ ਅਤੇ ਗਲਤ ਢੰਗ ਦੀਆਂ ਧਾਰਨਾਵਾਂ ਵਿਕਸਤ ਕਰਦੀਆਂ ਹਨ। ਇਸ ਲਈ ਅਸਮਰੱਥ ਵਿਅਕਤੀਆਂ ਬਾਰੇ ਕਨੂੰਨ (ਪੀ ਡਬਲਿਯੂ ਡੀ) 1995 ਮਨੁੱਖੀ ਗੌਰਵ ਨੂੰ ਯਕੀਨੀ ਬਣਾਉਂਦਾ ਹੈ ਅਤੇ ਅਸਮਰੱਥ ਵਿਅਕਤੀਆਂ, ਸਿੱਖਣ ਵਿੱਚ ਅਸਮਰੱਥ ਵਿਅਕਤੀ ਅਤੇ ਮਾਨਸਿਕ ਦਬਾਅ ਹੇਠ ਰਹਿ ਰਹੇ ਵਿਅਕਤੀ ਆਦਿ ਨੂੰ ਸ਼ਾਮਲ ਕਰਦਾ ਹੈ।

## ਪੇਸ਼ੇਵਰ ਦਖ਼ਲ ਦੀ ਲੋੜ

ਇਹ ਦੱਸਣਾ ਜ਼ਰੂਰੀ ਲਗਦਾ ਹੈ ਕਿ ਸਭਿਆਚਾਰ ਦੇ ਵਿਲੱਖਣ ਦ੍ਰਿਸ਼ਟੀਕੋਨ ਦਾ ਵੱਖ-ਵੱਖ ਨਜ਼ਰੀਏ ਤੋਂ ਵਿਸ਼ਲੇਸ਼ਣ ਕਰਨ ਉਤੇ ਅਸਮਰੱਥਾ ਨੂੰ ਇੱਕ ਡੂੰਘਾ ਅਰਥ ਮਿਲਦਾ ਹੈ। ਅਸਮਰੱਥਾ ਨੂੰ ਸਮਝਣ ਲਈ ਇਕ ਸਟੀਕ ਅਤੇ ਅਰਥਪੂਰਨ ਪੱਧਰ, ਸੇਵਾ ਉਪਲਬਧ ਕਰਾਉਣ ਵਾਲਿਆਂ ਲਈ ਬਹੁਤ ਲਾਹੇਵੰਦ ਸਾਬਤ ਹੋ ਸਕਦਾ ਹੈ। ਇਸ ਤੋਂ ਇਲਾਵਾ ਸਮਾਜ ਵੱਖ-ਵੱਖ ਸਥਿਤੀਆਂ ਵਿੱਚ ਅਜਿਹੇ ਲੋਕਾਂ ਨੂੰ ਵੱਖ-ਵੱਖ ਸੰਬੋਧਨਾਂ ਨਾਲ ਮੁਖ਼ਾਤਿਬ ਹੁੰਦਾ ਹੈ। ਇਸ ਦੇ ਨਤੀਜੇ ਵਜੋਂ ਅਸਮਰੱਥਾ ਨਾਲ ਜੁੜੇ ਕਲੰਕ ਨੂੰ ਕਦੇ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਕਿਸੇ ਵਿਅਕਤੀ ਵਿੱਚ ਅਸਮਰੱਥਾ ਮੌਜੂਦ ਹੋਣ ਉਤੇ ਪਰਿਵਾਰ ਦੇ ਕਾਰ-ਵਿਹਾਰ ਉਪਰ ਵੱਡਾ ਨਕਾਰਾਤਮਕ ਪ੍ਰਭਾਵ ਪੈਂਦਾ ਹੈ। ਇਹ ਸਥਿਤੀ ਪਰਿਵਾਰ ਦੇ ਅੰਦਰਲੇ ਸਬੰਧਾਂ ਵਿੱਚ ਵੀ ਵਿਗਾੜ ਪੈਦਾ ਕਰਦੀ ਹੈ ਅਤੇ ਭਾਵਨਾਤਮਕ ਪਰੇਸ਼ਾਨੀ ਦਾ ਕਾਰਨ ਬਣਦੀ ਹੈ ਅਤੇ ਨਾਲ ਦੀ ਨਾਲ ਵਿਅਕਤੀ ਦੇ ਮਾਪਿਆਂ ਨਾਲ ਜਾਂ ਹੋਰ ਪਰਿਵਾਰਕ ਮੈਂਬਰਾਂ ਨਾਲ ਸਬੰਧ ਨੂੰ ਵੀ ਢਾਅ ਲਾਉਂਦੀ ਹੈ। ਅਜਿਹੀਆਂ ਸਥਿਤੀਆਂ ਦਾ ਖਿਆਲ ਨਾ ਰੱਖਣ ਉਤੇ ਪਰਿਵਾਰ ਇਕ ਸਦੀਵੀ ਸੰਕਟ ਦੀ ਸਥਿਤੀ ਵਿੱਚ ਬਣਿਆ ਰਹਿੰਦਾ ਹੈ ਜਿਸ ਨਾਲ ਅੰਤ ਵਿੱਚ ਪਰਿਵਾਰ ਟੁੱਟ ਸਕਦਾ ਹੈ ਅਤੇ ਘਰ ਵਿੱਚ ਇਕ ਨਕਾਰਾਤਮਕ ਮਹੌਲ ਬਣ ਸਕਦਾ ਹੈ। ਅਸਮਰੱਥ ਵਿਅਕਤੀ ਦੇ ਪਰਿਵਾਰਕ ਮੈਂਬਰਾਂ ਵਲੋਂ ਉਸ ਤੋਂ ਕੋਈ ਵੱਡੀ ਆਸ ਨਹੀਂ ਰੱਖੀ ਜਾਂਦੀ ਅਤੇ ਅਜਿਹੇ ਪਰਿਵਾਰ ਦਾ ਆਰਥਿਕ ਅਤੇ ਸਮਾਜਕ ਰੁਤਬਾ ਵੀ ਨੀਂਵਾਂ ਹੋ ਜਾਂਦਾ ਹੈ। ਮਾਪਿਆਂ ਦਾ ਵਿੱਦਿਅਕ ਪੱਧਰ ਅਤੇ 'ਅਸਮਰੱਥਾ' ਨਾਲ ਉਨ੍ਹਾਂ ਦਾ ਪਹਿਲਾਂ ਦਾ ਅਨੁਭਵ ਵੀ ਪੂਰੀ ਸਥਿਤੀ ਨੂੰ ਰੂਪਮਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਬਾਕੀ ਦੇ ਬਚੇ ਦੂਰ ਦੇ ਪਰਿਵਾਰਕ ਮੈਂਬਰਾਂ, ਦੋਸਤਾਂ, ਗੁਆਂਢੀਆਂ ਅਤੇ ਹੋਰਨਾਂ ਲੋਕਾਂ ਵਲੋਂ ਅਸਮਰੱਥ ਵਿਅਕਤੀ ਪ੍ਰਤਿ ਜਤਾਏ ਵਤੀਰੇ ਰਾਹੀਂ ਸਮਾਜਕ ਸਿਲਸਿਲਾ ਨਿਰਧਾਰਤ ਹੁੰਦਾ ਹੈ ਅਤੇ ਉਸ ਵਿੱਚ ਵਿਅਕਤੀਆਂ ਦੇ ਸਮਾਜਕ ਵਿਹਾਰ ਦੀ ਨੇਮਬੰਦੀ ਹੁੰਦੀ ਹੈ। ਅਜਿਹੀਆਂ ਸਥਿਤੀਆਂ ਤੋਂ ਉਪਜੇ ਵੱਖ-ਵੱਖ ਹਲਾਤ ਪੇਸ਼ੇਵਰ ਦਖ਼ਲ ਦੀ ਮੰਗ ਕਰਦੇ ਹਨ ਅਤੇ ਸਮਾਜ ਦੇ ਇਸ ਹਿੱਸੇ ਲਈ ਕੰਮ ਕਰ ਰਹੇ ਸਮਾਜਕ ਕਾਰਕੁੰਨਾਂ ਦੀ ਭੂਮਿਕ ਨੂੰ ਜ਼ਰੂਰੀ ਸਿੱਧ ਕਰਦੇ ਹਨ।

## ਅਸਮਰੱਥਾ ਤੇ ਦੇਖਭਾਲ ਕਰਨ ਵਾਲੇ : ਸੰਭਾਵਨਾਵਾਂ ਅਤੇ ਚੁਨੌਤੀਆਂ

ਅਸਮਰੱਥਾ ਦੇ ਸ਼ਿਕਾਰ ਵਿਅਕਤੀਆਂ ਨੂੰ ਸੇਵਾਵਾਂ ਦੇਣਾ ਆਪਣੇ-ਆਪ ਵਿੱਚ ਚੁਨੌਤੀਪੂਰਨ ਕੰਮ ਹੈ। ਸੇਵਾਵਾਂ ਦੇਣ ਵਾਲੇ ਵਿਅਕਤੀਆਂ ਨੂੰ ਇੱਥੇ ਦੋ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ - ਮੁੱਢਲੀ ਜਾਂ ਗ਼ੈਰ-ਰਸਮੀ ਸ਼੍ਰੇਣੀ ਜਿਸ ਵਿੱਚ ਪਰਿਵਾਰਕ ਮੈਂਬਰ ਜਾਂ ਮਿੱਤਰ ਸ਼ਾਮਲ ਹਨ ਅਤੇ ਰਸਮੀ ਤੌਰ ਤੇ ਸੇਵਾਵਾਂ ਦੇਣ ਵਾਲੇ ਜਿਨ੍ਹਾਂ ਵਿੱਚ ਡਾਕਟਰ, ਨਰਸਾਂ ਜਾਂ ਹੋਰ ਕੋਈ ਵੀ ਪੇਸ਼ੇਵਰ ਲੋਕ ਸ਼ਾਮਲ ਹਨ ਜੋ ਅਸਮਰੱਥਾ ਦੇ ਸ਼ਿਕਾਰ ਵਿਅਕਤੀ ਦੀ ਸੇਵਾ ਸੰਭਾਲ ਵਿੱਚ ਲੱਗੇ ਹਨ। ਇਸ ਪ੍ਰਸੰਗ ਵਿੱਚ 'ਸਭਿਆਚਾਰਕ ਵਿਚੋਲਗੀ' ਨਮੂਨਾ ਵੱਡੀ ਦਿਲਚਸਪੀ ਦਾ ਸਬਬ ਬਣ ਸਕਦਾ ਹੈ। ਇਸ ਧਾਰਨਾ ਨੂੰ ਮੁੱਖ ਤੌਰ ਤੇ ਸਿਹਤ ਸੰਭਾਲ ਸ਼ੋਧਕਾਰਾਂ ਵਲੋਂ ਇਹ ਦੱਸਣ ਲਈ ਵਰਤਿਆ ਗਿਆ ਹੈ ਕਿ ਕਿਵੇਂ ਮਰੀਜ਼ ਦੇ ਭਾਈਚਾਰੇ ਤੋਂ ਸਿਹਤ-ਸੰਭਾਲ ਪੇਸ਼ੇਵਰ ਲੋਕ ਆਮ ਤੌਰ ਤੇ ਮਰੀਜ਼ ਨੂੰ ਇਹ ਸਮਝਣ ਵਿੱਚ ਮਦਦ ਕਰਦੇ ਹਨ ਕਿ ਸਿਹਤ-ਸੰਭਾਲ ਸੇਵਾਵਾਂ ਕਿਵੇਂ ਕੀਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਤੋਂ ਸੇਵਾਵਾਂ ਕਿਵੇਂ ਹਾਸਲ ਕੀਤੀਆਂ ਜਾਣ। ਦੇਖਭਾਲ ਕਰਨ ਵਾਲੇ, ਜੋ ਕਿ ਅਸਮਰੱਥਾ ਦੇ ਇਲਾਜ ਵਾਲੇ ਮਹੌਲ ਵਿੱਚ ਕੰਮ ਕਰਦਾ ਹੈ, ਸਭ ਤੋਂ ਵਧੀਆ ਸੇਵਾ ਦਸਤੂਰ ਨੂੰ ਪ੍ਰੇਰਿਤ ਕਰਦੇ ਹਨ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਦੇ ਸੁਮੇਲ ਨਾਲ ਸੇਵਾ ਸੰਭਾਲ ਕਰਨ ਵਾਲੇ ਦੇ ਸਭਿਆਚਾਰਕ ਵਿਚੋਲਗੀ ਨਮੂਨੇ ਦੀ ਵਰਤੋਂ ਕਰਦੇ ਹਨ। ਇਹ ਨਮੂਨਾ ਸਮਾਜ ਦੇ ਸਭਿਆਚਾਰਕ ਪੱਖ ਨੂੰ ਸਾਹਮਣੇ ਰਖਦਿਆਂ ਸੇਵਾ-ਸੰਭਾਲ ਕਰਨ ਵਾਲਿਆਂ ਵਲੋਂ ਇਲਾਜ ਵਿੱਚ ਭਿੰਨਤਾ ਲਿਆਉਂਦਾ ਹੈ। ਉਦਾਹਰਣ ਵਜੋਂ ਧਾਰਮਿਕ ਜੁੜਾਅ, ਸਿੱਖਿਆ, ਜਨ-ਸੰਚਾਰ ਸਾਧਨ, ਕਿੱਤਾ ਅਤੇ ਆਮਦਨ ਮਹੱਤਵਪੂਰਨ ਤੱਤ ਮੰਨੇ ਗਏ ਹਨ ਜੋ ਕਿ ਅਸਮਰੱਥਾ ਨੂੰ ਲੈ ਕੇ ਲੋਕਾਂ ਦੇ ਵਤੀਰੇ, ਦ੍ਰਿਸ਼ਟੀਕੋਨ ਅਤੇ ਸਮਝ ਨੂੰ ਪ੍ਰਭਾਵਤ ਕਰਦੇ ਹਨ। ਇਸ ਢੰਗ ਨਾਲ ਸੇਵਾ-ਸੰਭਾਲ ਕਰਨ ਵਾਲੇ ਨੂੰ ਭਿੰਨ-ਭਿੰਨ ਭਾਈਚਾਰਿਆਂ ਅਤੇ ਮੁੱਖਧਾਰਾ ਸੇਵਾਵਾਂ ਦਰਮਿਆਨ 'ਸਭਿਆਚਾਰਕ ਪੁਲ' ਵਜੋਂ ਕੰਮ ਕਰਨ ਦੀ ਖੁੱਲ੍ਹ ਮਿਲਦੀ ਹੈ। ਇੰਝ ਇਸ ਨਮੂਨੇ ਨੂੰ ਅਜਿਹੇ ਧਾਰਨਾਗਤ ਢਾਂਚੇ ਵਜੋਂ ਦੇਖਿਆ ਜਾ ਸਕਦਾ ਹੈ 'ਸਭਿਆਚਾਰ ਵਿਚੋਲੀਏ' ਨੂੰ ਸਮੱਸਿਆ ਦਾ ਵਿਸ਼ਲੇਸ਼ਣ ਕਰਨ ਲਈ ਆਪਣੀ ਸਮਝ-ਬੂਝ ਨੂੰ ਸੇਧ ਦੇਣ ਅਤੇ ਸਭਿਆਚਾਰਕ ਪੱਖੋਂ ਢੁੱਕਵੇਂ ਹੱਲ ਤਿਆਰ ਕਰਨ ਵਿੱਚ ਮਦਦ ਕਰ ਸਕਦਾ ਹੈ। ਇੰਝ ਇਹ ਨਮੂਨਾ ਸਾਨੂੰ ਨਾ ਸਿਰਫ਼ ਵੱਖ-ਵੱਖ ਤੱਤਾਂ ਨੂੰ ਨਿੱਜੀ ਪੱਧਰ ਉਤੇ ਸਗੋਂ ਵੱਖ-ਵੱਖ ਪੱਧਰਾਂ ਉਤੇ ਦੇਖ ਸਕਣ ਦੇ ਯੋਗ ਬਣਾਉਂਦਾ ਹੈ ਜੋ ਕਿ ਵਿਅਕਤੀ ਨੂੰ ਪਰਿਵਾਰ, ਭਾਈਚਾਰੇ ਅਤੇ ਵਿਆਪਕ ਸੇਵਾ ਪ੍ਰਣਾਲੀ ਨਾਲ ਜੋੜਦਾ ਹੈ।

'ਸਭਿਆਚਾਰਕ ਵਿਚੋਲਗੀ' ਨਮੂਨੇ ਮੁਤਾਬਕ ਇਲਾਜ ਲਈ ਦਖ਼ਲ ਦੇਣ ਵਾਲੀਆਂ ਰਣਨੀਤੀਆਂ ਵਿੱਚ ਭਰੋਸਾ ਤੇ ਸਬੰਧ ਕਾਇਮ ਕਰਨ ਦੇ ਨਾਲ-ਨਾਲ ਸੰਪਰਕਾਂ ਨੂੰ ਬਣਾ ਕੇ ਰੱਖਣਾ ਸ਼ਾਮਲ ਹੈ। ਜਿਵੇਂ ਕਿ ਸੋਤਨਿਕ ਅਤੇ ਜੈਜ਼ੇਵਸਕੀ ਸਪੱਸ਼ਟ ਰੂਪ

ਵਿੱਚ ਇਨ੍ਹਾਂ ਸਭਿਆਚਾਰਕ ਨਮੂਨਾ ਰਣਨੀਤੀਆਂ ਨਾਲ ਸਬੰਧਿਤ ਵਿਸ਼ੇਸ਼ ਤੱਤਾਂ ਵੱਲ ਸੰਕੇਤ ਕਰਦਿਆਂ ਸਮਰਥਨ ਵਿਚੋਲਗੀ ਸੰਪਰਕ ਤੰਤਰ, ਸੰਵਾਦ, ਨਵੇਂ ਢੰਗ-ਤਰੀਕੇ ਕਾਇਮ ਕਰਨ, ਦਖ਼ਲ ਦੇਣ ਅਤੇ ਜਾਗਰੂਕਤਾ ਜਿਹੇ ਤੱਤਾਂ ਦੀ ਗੱਲ ਕਰਦੇ ਹਨ। ਇਸ ਦਾ ਭਾਵੇਂ ਕੁਝ ਵੀ ਅਰਥ ਨਿਕਲਦਾ ਹੋਵੇ ਅਸਮਰੱਥਾ ਦੇ ਸ਼ਿਕਾਰ ਵਿਅਕਤੀ ਨੂੰ ਸੇਵਾ-ਸੰਭਾਲ ਦੇਣ ਵਾਲੇ ਨੂੰ ਇਲਾਜ ਸਮੇਂ ਸਭਿਆਚਾਰਕ ਵਿਚੋਲਗੀ ਦੇ ਤਿੰਨ ਪੜਾਵਾਂ, ਸਮੱਸਿਆ ਦੀ ਪਛਾਣ, ਇਲਾਜ ਰਣਨੀਤੀਆਂ ਅਤੇ ਜਾਇਜ਼ਾ ਨਤੀਜਿਆਂ ਸਮੇਂ ਇਨ੍ਹਾਂ ਤੱਤਾਂ ਨੂੰ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ (ਸੋਤਨਿਕ ਅਤੇ ਜੈਜ਼ੇਵਸਕੀ 2005)। ਇਸ ਲਈ ਸਭਿਆਚਾਰ ਵਿਚੋਲੀਏ ਨੂੰ ਜੋਖਮ ਲੈਣ ਵਾਲਾ ਤੇ ਅਸਪੱਸ਼ਟ ਭੂਮਿਕਾਵਾਂ ਨਿਭਾਉਣ ਦੀ ਸਹਿਣਸ਼ਕਤੀ ਰੱਖਣ ਵਾਲਾ ਹੋਣਾ ਚਾਹੀਦਾ ਹੈ। ਉਸ ਅੰਦਰ ਭਾਈਚਾਰੇ ਪ੍ਰਤਿ ਭਰੋਸਾ ਅਤੇ ਸਨਮਾਨ ਹੋਣਾ ਚਾਹੀਦਾ ਹੈ। ਉਸ ਨੂੰ ਵੱਖ-ਵੱਖ ਸਿਲਸਿਲਿਆਂ (ਵਿਅਕਤੀ ਦਾ ਸਭਿਆਚਾਰਕ ਸਿਲਸਿਲਾ ਅਤੇ ਸੇਵਾ ਡਲਿਵਰੀ ਸਿਲਸਿਲਾ) ਦੇ ਹਾਸ਼ੀਏ ਉਤੇ ਰਹਿੰਦਿਆਂ ਕੰਮ ਕਰਨ ਦੇ ਸਮਰੱਥ ਹੋਣਾ ਚਾਹੀਦਾ ਹੈ ਅਤੇ ਸਭ ਤੋਂ ਵੱਧ ਕੇ ਉਸ ਨੂੰ ਆਪਣੀ ਗੱਲ ਦੂਜੇ ਤੱਕ ਪਹੁੰਚਾਉਣ ਵਿੱਚ ਮਾਹਰ ਹੋਣਾ ਚਾਹੀਦਾ ਹੈ। ਅਸਮਰੱਥਾ ਦੇ ਮਰਜ਼ ਉਪਰ ਕੇਂਦਰਿਤ ਪੇਸ਼ੇਵਰ ਵਿਅਕਤੀ ਨੂੰ ਅਜਿਹਾ ਸਭਿਆਚਾਰਕ ਵਿਚੋਲੀਆ ਹੋਣਾ ਚਾਹੀਦਾ ਹੈ ਜੋ ਹੇਠ ਲਿਖਤ ਕਾਰਜ ਨਿਭਾ ਸਕੇ :

- ਬਦਲਾਅ ਦਾ ਕਾਰਨ ਬਣ ਸਕੇ।
- ਅਸਮਰੱਥਾ ਦੀ ਮੁਸ਼ਕਲ ਨਾਲ ਜੂਝਣ ਵਾਲੇ ਪਰਿਵਾਰਾਂ ਲਈ ਵੱਖ-ਵੱਖ ਮਦਦ ਸੇਵਾਵਾਂ ਉਪਲਬਧ ਕਰਾ ਸਕੇ।
- ਪਰਿਵਾਰ ਅਤੇ ਭਾਈਚਾਰੇ ਨੂੰ ਅਸਮਰੱਥਾ ਦੇ ਸ਼ਿਕਾਰ ਵਿਅਕਤੀ ਨਾਲ ਮਿਲ ਕੇ ਕੰਮ ਕਰਨ ਲਈ ਪ੍ਰੇਰਿਤ ਕਰੇ।
- ਵਿਅਕਤੀ ਅਤੇ ਪਰਿਵਾਰ ਨੂੰ ਵੱਖ-ਵੱਖ ਗ਼ੈਰ-ਜ਼ਰੂਰੀ ਸਥਿਤੀਆਂ ਨਾਲ ਨਜਿੱਠਣ ਵਿੱਚ ਮਦਦ ਕਰ ਸਕੇ।
- ਅੰਤਰ-ਸਭਿਆਚਾਰਕ ਸੰਚਾਰ ਵਿੱਚ ਪਾਰਦਰਸ਼ਤਾ ਨੂੰ ਉਤਸ਼ਾਹ ਦੇਵੇ।
- ਪਰਿਵਾਰ ਨੂੰ ਮਦਦ ਸਰੋਤਾਂ ਜਿਵੇਂ ਕਿ ਮਨੋਵਿਗਿਆਨਕ ਸੇਵਾ ਅਤੇ ਲੋੜ ਪੈਣ ਉਤੇ ਸੀ ਬੀ ਟੀ (ਕਾਗਨੇਟਿਵ ਬਿਹੇਵਿਅਰਲ ਥੈਰੇਪੀ) ਅਤੇ ਮਨੋਚਕਿਤਸਾ ਨਾਲ ਜੋੜ ਸਕੇ।
- ਸੰਖੇਪ ਰੂਪ ਵਿੱਚ ਸਮਝਾਉਣ, ਸਿੱਖਿਅਤ ਕਰਨ, ਕਾਰਜ-ਸ਼ਾਲਾਵਾਂ, ਸੈਮੀਨਾਰ ਆਦਿ ਲਾਉਣ, ਖਿਡੌਣੇ ਅਤੇ ਪੁਸਤਕਾਲੇ, ਮੁੜ-ਵਸੇਬਾ ਸਾਜ਼-ਸਮਾਨ ਸਹਾਇਕ ਸਮੱਗਰੀ, ਲੰਮੇ ਅਤੇ ਘੱਟ ਮਿਆਦ ਵਾਲੇ ਅਰਾਮ ਕੇਂਦਰ, ਸਮਾਜਕ ਮਦਦ, ਜਾਣਕਾਰੀ, ਸਲਾਹ ਅਤੇ ਸੇਧ ਸੇਵਾਵਾਂ, ਆਵਾਜਾਈ ਸਹਾਇਤਾ ਉਪਲਬਧ ਕਰਾ ਸਕੇ ਅਤੇ ਇਕੋ ਜਿਹੀਆਂ ਸਮੱਸਿਆਵਾਂ ਵਾਲੇ ਪਰਿਵਾਰਾਂ ਨੂੰ ਲੈ ਕੇ ਆਪਸੀ ਸਹਾਇਤਾ ਧੜੇ ਕਾਇਮ ਕਰ ਸਕੇ।
- ਸਭਿਆਚਾਰਕ ਪੱਖੋਂ ਉਸਾਰੂ ਮਹੌਲ ਨੂੰ ਸੁਚਾਰੂ ਬਣਾ ਸਕੇ।
- ਅਸਮਰੱਥਾ ਦੇ ਸ਼ਿਕਾਰ ਵਿਅਕਤੀਆਂ ਦੇ ਸਹਿਭਾਗਤਾ ਵਾਲੇ ਵਿਕਾਸ ਵਿੱਚ ਮਦਦਗਾਰ ਹੋਵੇ।

ਇਸ ਦੇ ਨਾਲ-ਨਾਲ ਪੇਸ਼ੇਵਰ ਸੇਵਾ-ਸੰਭਾਲ ਕਰਤਾ ਦੇ ਕੰਮਾਂ ਵਿੱਚ ਵਿਅਕਤੀ ਦੀਆਂ ਨਿੱਜੀ ਲੋੜਾਂ ਮੁਤਾਬਕ ਮੁੱਢਲੀ, ਬਹੁ-ਪੱਧਰੀ, ਲੰਮੇਰੇ ਸਮੇਂ ਵਾਲੀ ਅਤੇ ਗੁੰਝਲਦਾਰ ਚਕਿਤਸਾ, ਵਿਅਕਤੀ ਦੇ ਇਲਾਜ ਦੀ ਲਗਾਤਾਰ ਨਿਗਰਾਨੀ ਅਤੇ ਜਾਇਜ਼ਾ ਅਤੇ ਲੋੜ ਮੁਤਾਬਕ ਇਲਾਜ ਪ੍ਰੋਗਰਾਮ ਵਿੱਚ ਸੁਧਾਰ, ਮਾਪਿਆਂ ਦੇ ਗਿਆਨ ਅਤੇ ਰੋਗ ਨਾਲ ਨਜਿੱਠਣ ਦੀ ਯੋਗਤਾ ਦੇ ਪੱਧਰ ਵਿੱਚ ਵਾਧਾ ਅਤੇ ਮਨੋਵਿਗਿਆਨਕ ਮਦਦ ਸ਼ਾਮਲ ਹਨ। ਭਾਰਤੀ ਪਰਿਪੇਖ ਨੂੰ ਧਿਆਨ ਵਿੱਚ ਰਖਦਿਆਂ, ਕਿਹਾ ਜਾ ਸਕਦਾ ਹੈ ਕਿ ਇਥੇ ਲੋਕ ਆਪਣੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਨਿਭਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਰੋਗ ਵਧਣ ਨਾਲੋਂ ਉਸ ਦੀ ਰੋਕਥਾਮ ਨੂੰ ਪਹਿਲ ਦਿੰਦੇ ਹਨ (ਉਸਕੂਲ, 2010)। ਅਸਮਰੱਥਾ ਦੇ ਸ਼ਿਕਾਰ ਵਿਅਕਤੀ ਦੀ ਪੇਸ਼ੇਵਰ ਸਹਾਇਤਾ ਵਿੱਚ ਜੀਵਨ ਦੇ ਸਾਰੇ ਖੇਤਰਾਂ ਦੇ ਹਵਾਲੇ ਨਾਲ ਪਰਿਵਾਰਾਂ ਦੀ ਹਰ ਤਰ੍ਹਾਂ ਦੀ ਮਦਦ ਸ਼ਾਮਲ ਹੈ ਅਤੇ ਇਸ ਨੂੰ ਹੇਠ ਲਿਖਤ ਸੇਵਾਵਾਂ ਤੱਕ ਪਹੁੰਚ ਦੇ ਸਮਰੱਥ ਬਣਾਉਣਾ ਚਾਹੀਦਾ ਹੈ :

- ਸਿਹਤ ਸੰਭਾਲ, ਸਿੱਖਿਆ, ਸਮਾਜਕ ਲਾਭ ਅਤੇ ਰਹਾਇਸ਼ ਸਹੂਲਤਾਂ।
- ਵਿਸ਼ੇਸ਼ ਸਹਾਇਕ ਸਮੱਗਰੀ ਅਤੇ ਮੁੜ-ਵਸੇਬਾ ਸਾਜ਼-ਸਮਾਨ।
- ਸਮਾਜਕ ਮੁੜ-ਵਸੇਬਾ ਅਤੇ ਸਿਖਲਾਈ, ਰੋਜ਼ਗਾਰ ਅਤੇ ਨੌਕਰੀ 'ਤੇ ਲਾਉਣ ਵਿੱਚ ਮਦਦ।
- ਨਿੱਜੀ ਸਹਾਇਤਾ, ਸਹਾਰਾ ਅਤੇ ਕਨੂੰਨੀ ਸੁਰੱਖਿਆ।
- ਭਾਈਚਾਰੇ ਵਿੱਚ ਅਰਥਪੂਰਨ ਵਿਹਲ ਵੇਲੇ ਦੀਆਂ ਮਨੋਰੰਜਕ ਸਰਗਰਮੀਆਂ, ਸਭਿਆਚਾਰਕ ਖੇਡ ਅਤੇ ਮਨੋਰੰਜਨ ਕੇਂਦਰਾਂ ਵਿੱਚ ਸਹਿਭਾਗਤਾ।

ਇਸ ਲਈ ਕਿਹਾ ਜਾ ਸਕਦਾ ਹੈ ਕਿ ਇਸ ਮੁੱਦੇ ਨਾਲ ਸਬੰਧਿਤ ਕਾਰਜਕਰਤਾ ਨੂੰ ਸੰਪਰਕ ਬਣਾਉਣ ਦੀ ਸਮਰੱਥਾ ਦੇ ਕਾਬਲ ਹੋਣਾ ਚਾਹੀਦਾ ਹੈ। ਉਸ ਨੂੰ ਸਮੱਸਿਆ ਹੱਲ ਕਰਨ ਦੀ ਯੋਗਤਾ ਨਾਲ ਲੈਸ ਹੋਣਾ ਚਾਹੀਦਾ ਹੈ ਅਤੇ ਸਭਿਆਚਾਰਕ ਵਿਚੋਲੀਏ ਦੀ ਭੂਮਿਕਾ ਵਿੱਚ ਪੂਰਾ ਉਤਰਦਿਆਂ ਨਵਾਂ ਸਿੱਖਣ ਦੀ ਲਗਨ ਵਾਲਾ ਹੋਣਾ ਚਾਹੀਦਾ ਹੈ।

## ਸਿੱਟਾ

ਅਸਮਰੱਥਾ ਦੇ ਸ਼ਿਕਾਰ ਵਿਅਕਤੀ ਦੇ ਸ਼ਕਤੀਕਰਨ ਨੂੰ ਮੁੱਖ ਤੌਰ ਤੇ ਸਾਹਮਣੇ ਰੱਖਦਿਆਂ ਸਮਾਜ ਦੀ ਇਸ ਸ਼੍ਰੇਣੀ ਨਾਲ ਅਸਰਦਾਇਕ ਢੰਗ ਨਾਲ ਕੰਮ ਕਰਦਿਆਂ ਪ੍ਰਬੰਧ ਦੀਆਂ ਵੱਖ-ਵੱਖ ਰਣਨੀਤੀਆਂ ਨੂੰ ਅਜ਼ਮਾਇਆ ਜਾਣਾ ਚਾਹੀਦਾ ਹੈ, ਪਰ ਸਭਿਆਚਾਰਕ ਰੂਪ ਵਿੱਚ ਪੱਕਾ ਨਮੂਨਾ ਇਸ ਦਾ ਲਾਜ਼ਮੀ ਹਿੱਸਾ ਹੈ ਜਿਸ ਨੂੰ ਕਿ ਸਭ ਤੋਂ ਵੱਧ ਵਰਤਿਆ ਜਾਣਾ ਚਾਹੀਦਾ ਹੈ। ਇਸ ਨਾਲ ਯਕੀਨਨ ਇਸ ਸ਼੍ਰੇਣੀ ਨਾਲ ਕੰਮ ਕਰਨ ਵਿੱਚ ਉਸਾਰੂ ਬਦਲਾਅ ਆਉਣਗੇ। ਇਸ ਤੋਂ ਛੁੱਟ ਅਸਮਰੱਥਾ ਦੇ ਮੁੱਦੇ ਨਾਲ ਨਜਿੱਠਣ ਅਤੇ ਸੇਵਾ-ਸੰਭਾਲ ਕਰਤਾ ਦੀ ਭੂਮਿਕਾ ਉਲੀਕਣ ਸਬੰਧੀ ਆਮ ਤੌਰ ਤੇ ਕੋਈ ਹੋਰ ਪੇਸ਼ੇਵਰ ਢੰਗ ਤਰੀਕਾ ਨਹੀਂ ਹੈ ਜਿਸ ਉਪਰ ਆਮ ਸਹਿਮਤੀ ਬਣੀ ਹੋਵੇ। ਇਸ ਗੱਲ ਦੀ ਜ਼ਰੂਰ ਸਫ਼ਾਰਸ਼ ਕੀਤੀ ਜਾਂਦੀ ਹੈ ਕਿ ਸਥਿਤੀ ਦੇ ਪੈਦਾ ਹੋਣ ਉਤੇ ਇਸ ਨੂੰ ਸਮਝਣ ਅਤੇ ਵਿਅਕਤੀ ਦੀ ਲੋੜ ਅਤੇ ਹਲਾਤ ਉਤੇ ਅਧਾਰਿਤ ਸੰਗਠਤ ਰਣਨੀਤੀ ਦੀ ਵਰਤੋਂ, ਸਭ ਤੋਂ ਵੱਧ ਮਹੱਤਵਪੂਰਨ ਹੈ।

*(ਲੇਖਕ ਵਿੱਦਿਆਸਾਗਰ ਸਕੂਲ ਆਫ ਸੋਸ਼ਲ ਵਰਕ, ਵਿੱਦਿਆਸਾਗਰ ਯੂਨੀਵਰਸਟੀ, ਕੋਲਕਤਾ ਵਿੱਚ ਸਹਾਇਕ ਪ੍ਰੋਫੈਸਰ ਹਨ।)*

*e-mail :arunimadey2002@gmail.com*

# ਵੱਖਰੀ ਤਰ੍ਹਾਂ ਸਮਰੱਥਾਂ ਲਈ ਟਰਾਂਸਪੋਰਟ ਵਿੱਚ ਪਹੁੰਚ : ਮੌਜੂਦਾ ਦ੍ਰਿਸ਼ ਅਤੇ ਅੱਗੇ ਦਾ ਰਸਤਾ

ਡਾ. ਦੇਵਰਸ਼ੀ ਚੌਰਸੀਆ

## ਇਸ ਮੁੱਦੇ 'ਤੇ ਕਾਬੂ ਪਾਉਣ ਲਈ ਵਿਸ਼ਵ ਭਰ 'ਚ ਪਹਿਲਕਦਮੀ

"ਪਹੁੰਚ ਦਾ ਮਤਲਬ ਹੈ ਹਰੇਕ ਵਿਅਕਤੀ ਨੂੰ ਬਰਾਬਰ ਪਹੁੰਚ ਦੇਣਾ ਅਤੇ ਸਹੂਲਤਾਂ ਤੇ ਸੇਵਾਵਾਂ ਦੇ ਇਸਤੇਮਾਲ ਤੋਂ ਵਾਂਝੇ ਰਹਿ ਕੇ ਅਪੰਗਤਾ ਵਾਲੇ ਵਿਅਕਤੀਆਂ ਨੂੰ ਕਿਵੇਂ ਵੀ ਇਸ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਦਾ (ਸੰਯੁਕਤ ਰਾਸ਼ਟਰ 2007)।" ਅਪੰਗ ਵਿਅਕਤੀਆਂ ਦੇ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਕਨਵੈਨਸ਼ਨ, ਜਿਸ ਉਤੇ ਭਾਰਤ ਨੇ ਦਸਤਖ਼ਤ ਕੀਤੇ ਹਨ, ਦਾ ਆਰਟੀਕਲ 9 ਸਰਕਾਰ ਤੇ ਅਪੰਗ ਵਿਅਕਤੀਆਂ ਦੀ (1) ਜਾਣਕਾਰੀ, (2) ਆਵਾਜਾਈ, (3) ਭੌਤਿਕ ਵਾਤਾਵਰਨ, (4) ਸੰਚਾਰ ਤਕਨੀਕ ਅਤੇ (5) ਸੇਵਾਵਾਂ ਤੱਕ ਅਤੇ ਹੰਗਾਮੀ ਸੇਵਾਵਾਂ ਪਹੁੰਚ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਪਾਉਂਦਾ ਹੈ।

ਅਪੰਗ ਵਿਅਕਤੀਆਂ ਲਈ ਸਰਬ ਵਿਆਪਕ ਪਹੁੰਚ ਅਹਿਮ ਹੈ ਤਾਂ ਕਿ ਉਨ੍ਹਾਂ ਦੀ ਬਰਾਬਰ ਦੇ ਮੌਕੇ ਪ੍ਰਾਪਤ ਕਰਨ ਵਿੱਚ ਪਹੁੰਚ ਹੋ ਸਕੇ ਅਤੇ ਉਹ ਅਜ਼ਾਦ ਰਹਿ ਕੇ ਸਮਾਵੇਸ਼ੀ ਸਮਾਜ ਵਿੱਚ ਜ਼ਿੰਦਗੀ ਦੇ ਸਾਰੇ ਪੱਖਾਂ ਵਿੱਚ ਪੂਰੀ ਭਾਗੀਦਾਰੀ ਕਰ ਸਕਣ। 'ਅਪੰਗਤਾ ਵਾਲੇ ਵਿਅਕਤੀ (ਬਰਾਬਰ ਮੌਕੇ, ਹੱਕਾਂ ਦੀ ਰਾਖੀ ਅਤੇ ਸੰਪੂਰਨ ਭਾਗੀਦਾਰੀ) ਐਕਟ, 1995 ਦੇ ਸੈਕਸ਼ਨ 44,45,46 ਵਿੱਚ ਆਵਾਜਾਈ, ਸੜਕ ਅਤੇ ਉਸਰੇ ਵਾਤਾਵਰਨ ਵਿੱਚ ਗ਼ੈਰ-ਵਿਤਕਰੇਬਾਜ਼ੀ ਨੂੰ ਸਪੱਸ਼ਟ ਤੌਰ ਤੇ ਬਿਆਨ ਕੀਤਾ ਗਿਆ ਹੈ।

## ਭਾਰਤੀ ਦ੍ਰਿਸ਼

ਭਾਰਤ ਦੇ ਸ਼ਹਿਰਾਂ ਵਿੱਚ ਜਨਸੰਖਿਆ ਦਾ ਵੱਡਾ ਹਿੱਸਾ ਰੋਜ਼ਾਨਾ ਆਪਣੀ ਮੰਜ਼ਲ ਉਤੇ ਪੁੱਜਣ ਲਈ ਜਨਤਕ ਆਵਾਜਾਈ ਉਤੇ ਨਿਰਭਰ ਹੈ। ਇਹ ਫੇਰੇ ਕਈ ਪ੍ਰਕਾਰ ਦੇ ਹੋ ਸਕਦੇ ਹਨ ਜਿਵੇਂ ਕੰਮ, ਪੜ੍ਹਾਈ, ਮਨੋਰੰਜਨ ਆਦਿ। ਨਿੱਜੀ ਵਾਹਨ ਘੱਟ ਹੋਣ ਕਾਰਨ ਲੰਮੀ ਦੂਰੀ ਦੀ ਯਾਤਰਾ, ਮਹਿੰਗਾ ਤੇਲ, ਸਭ ਤੋਂ ਜ਼ਿਆਦਾ ਸੜਕਾਂ ਉਤੇ ਹਮੇਸ਼ਾ ਖ਼ਤਰੇ ਵਿੱਚ ਰਹਿਣ ਕਰਕੇ ਬੱਸਾਂ ਅਤੇ ਰੇਲ ਨੈੱਟਵਰਕ ਭਾਰਤੀ ਸਮਾਜ ਵਿੱਚ ਇਕ ਅਹਿਮ ਭੂਮੀਕਾ ਨਿਭਾਉਂਦਾ ਹੈ। ਇਹ ਸਥਾਨਕ ਆਰਥਿਕਤਾ ਦਾ ਮੁੱਖ ਵਾਹਕ ਵੀ ਹੈ। ਦੇਸ਼ ਭਰ ਵਿੱਚ ਜਨਤਕ ਆਵਾਜਾਈ ਦੇ ਬੁਨਿਆਦੀ ਢਾਂਚੇ ਉਤੇ ਅਪਾਰ ਧੰਨ ਖਰਚਿਆ ਜਾਂਦਾ ਹੈ ਤਾਂ ਕਿ ਸ਼ਹਿਰਾਂ ਦੀ ਰਫ਼ਤਾਰ ਦੇ ਹਾਣ ਦਾ ਹੋਇਆ ਜਾ ਸਕੇ। ਪਰ ਜ਼ਿਆਦਾਤਰ ਬੁਨਿਆਦੀ ਢਾਂਚਾ ਅਤੇ ਸੇਵਾਵਾਂ ਅਪੰਗ ਵਿਅਕਤੀਆਂ ਲਈ ਲਾਭਕਾਰੀ ਨਹੀਂ ਹਨ। ਸਮਾਜ ਦੇ ਕਮਜ਼ੋਰ ਸਮੂਹਾਂ ਜਿਵੇਂ ਬਿਰਧਾਂ, ਬੱਚਿਆਂ, ਗਰਭਵਤੀ ਔਰਤਾਂ ਅਤੇ ਆਰਜ਼ੀ ਅਪੰਗਤਾ ਵਾਲੇ ਵਿਅਕਤੀਆਂ ਲਈ ਇਹ ਗ਼ੈਰ-ਮਿੱਤਰਤਾ ਵਾਲਾ ਵਾਤਾਵਰਨ ਬਣਾਉਂਦੇ ਹਨ। ਗਲੀਆਂ, ਆਵਾਜਾਈ ਬਦਲਣ ਦੇ ਸਥਾਨਾਂ, ਪੌੜੀਆਂ ਚੜ੍ਹਨ, ਪੜ੍ਹਨ/ਸੰਕੇਤਾਂ ਨੂੰ ਸਮਝਣ ਤੇ ਅਢੁੱਕਵੇਂ ਡਿਜ਼ਾਈਨ ਕੀਤੇ ਵਾਹਨਾਂ ਵਿੱਚ ਆਪਣੇ-ਆਪ ਨੂੰ ਅਨੁਕੂਲ ਬਣਾਉਣ ਵਿੱਚ ਅਸਮਰੱਥ ਵਿਅਕਤੀਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਭਾਰਤੀ ਸ਼ਹਿਰ ਬੇਸ਼ੁਮਾਰ ਯਾਤਰੀ ਪੈਦਾ ਕਰਦੇ ਹਨ ਪਰ ਜ਼ਿਆਦਾਤਰ ਬੁਨਿਆਦੀ ਢਾਂਚਾ ਅਤੇ ਸੇਵਾਵਾਂ ਕੁੱਝ ਖ਼ਾਸ ਵਰਤੋਂਕਾਰਾਂ ਲਈ ਬਣਾਏ ਗਏ ਹਨ। ਅਪੰਗ ਵਿਅਕਤੀਆਂ ਦੇ ਛੋਟੇ ਵਰਗ ਬਾਰੇ ਕੀ ਕੀਤਾ ਗਿਆ? ਜੇ ਅਸੀਂ ਬਿਰਧਾਂ, ਬੱਚਿਆਂ, ਗਰਭਵਤੀ ਔਰਤਾਂ ਅਤੇ ਆਰਜ਼ੀ ਅਪੰਗਤਾ ਵਾਲੇ ਵਿਅਕਤੀਆਂ ਉਤੇ ਵਿਚਾਰ ਕਰੀਏ ਤਾਂ ਅਪੰਗ ਵਿਅਕਤੀਆਂ ਦੀ ਛੋਟੀ ਜਿਹੀ ਗਿਣਤੀ ਕਈ ਗੁਣਾਂ ਵਧ ਜਾਵੇਗੀ। ਜਾਗਰੂਕਤਾ ਅਤੇ ਸਮਾਜਕ ਸੰਵਾਦ ਰਾਹੀਂ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਆਵਾਜਾਈ ਸੇਵਾਵਾਂ ਦੀ ਰੂਪਰੇਖਾ ਬਣਾਉਣ ਸਮੇਂ ਹਰੇਕ ਵਰਤੋਂਕਾਰ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਤੇਜ਼ੀ ਨਾਲ ਬਦਲ ਰਹੀ ਦੁਨੀਆਂ ਵਿੱਚ ਬਿਹਤਰ ਤਕਨੀਕ ਉਤੇ ਅਮਲ, ਜਾਗਰੂਕਤਾ ਅਤੇ ਸਮਾਜਕ ਬਰਾਬਰੀ ਦੀ ਧਾਰਨਾਂ ਨੂੰ ਧਿਆਨ ਵਿੱਚ ਰੱਖਦਿਆਂ ਸਾਡੀ ਆਵਾਜਾਈ ਪ੍ਰਨਾਲੀ ਨੂੰ ਅਨੁਕੂਲਣ ਦਾ ਪ੍ਰਦਰਸ਼ਨ ਕਰਨ ਦੀ ਲੋੜ ਹੈ ਤਾਂ ਕਿ ਸਾਰੇ ਹੀ ਵਰਤੋਂਕਾਰਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ।

## ਇਸ ਮੁੱਦੇ ਨਾਲ ਜੁੜੀਆਂ ਚੁਣੌਤੀਆਂ

ਜਨਤਕ ਆਵਾਜਾਈ ਤੱਕ ਪਹੁੰਚ ਭਾਰਤੀ ਸ਼ਹਿਰਾਂ ਵਿੱਚ ਸਾਰੇ ਵਰਤੋਂਕਾਰਾਂ ਲਈ ਚੁਣੌਤੀ ਹੈ। ਜਨਤਕ ਥਾਵਾਂ, ਆਵਾਜਾਈ ਸਹੂਲਤਾਂ ਅਤੇ ਵਾਹਨਾਂ ਨੂੰ ਵੀ ਅਪੰਗ ਵਿਅਕਤੀਆਂ ਨੂੰ ਧਿਆਨ ਵਿੱਚ ਰੱਖ ਕੇ ਨਹੀਂ ਬਣਾਇਆ ਗਿਆ। ਰਾਸ਼ਟਰੀ ਪੱਧਰ ਉਤੇ ਜੇ ਐੱਨ ਐੱਨ ਯੂ ਆਰ ਐੱਮ ਸ਼ਹਿਰਾਂ ਲਈ ਬੱਸ ਰੈਪਿਡ ਟ੍ਰਾਂਜਿਟ ਪ੍ਰਨਾਲੀਆਂ (ਬੀ ਆਰ ਟੀ ਐੱਸ) ਤਿਆਰ ਕਰਨ ਦਾ ਪ੍ਰਮੁੱਖ ਕਾਰਨ ਬਣਿਆ ਹੈ ਤਾਂ ਕਿ ਕੁਸ਼ਲ ਜਨਤਕ ਆਵਾਜਾਈ ਪ੍ਰਨਾਲੀ ਪ੍ਰਦਾਨ ਕੀਤੀ ਜਾ ਸਕੇ। ਬੀ ਆਰ ਟੀ ਐੱਸ ਤਜਵੀਜ਼ਾਂ ਵਿੱਚ ਅਪੰਗ ਵਿਅਕਤੀਆਂ ਦੇ ਮੁੱਦਿਆਂ ਦਾ ਤਾਂ ਧਿਆਨ ਰੱਖਿਆ ਗਿਆ ਹੈ ਪਰ ਜਾਗਰੂਕਤਾ ਤੇ ਇਨ੍ਹਾਂ ਮੁੱਦਿਆਂ ਪ੍ਰਤਿ ਸੰਵੇਦਨਸ਼ੀਲਤਾ ਦੀ ਕਮੀ ਦੇ ਚਲਦਿਆਂ ਅਸੀਂ ਮਿਆਰਾਂ ਨੂੰ ਲਾਗੂ ਕਰਨ ਅਤੇ ਅਪੰਗ ਵਿਅਕਤੀਆਂ ਨੂੰ ਸਹੂਲਤਾਂ ਦੇਣ ਵਿੱਚ ਅਸਮਰੱਥ ਹਾਂ। ਦੂਜੇ

ਮਸਲਿਆਂ ਵਿੱਚ ਮੌਜੂਦਾ ਬੁਨਿਆਦੀ ਢਾਂਚੇ ਦਾ ਮਾੜਾ ਰੱਖ-ਰਖਾਅ ਸ਼ਾਮਲ ਹੈ।

ਜਿਥੇ ਅਪੰਗ ਵਿਅਕਤੀਆਂ ਲਈ ਕੁੱਝ ਜਤਨਕ ਸਹੂਲਤਾਂ ਮੌਜੂਦ ਹਨ, ਤਾਂ ਉਹ ਅਣਵਰਤੀਆਂ ਪਈਆਂ ਹਨ ਕਿਉਂਕਿ ਉਨ੍ਹਾਂ ਨੂੰ ਦੂਸਰੀਆਂ ਸਹੂਲਤਾਂ ਨਾਲ ਏਕੀਕ੍ਰਿਤ ਨਹੀਂ ਕੀਤਾ ਗਿਆ, ਜਾਂ ਉਹ ਇਕੱਲਤਾ ਵਿੱਚ ਹਨ ਜਿਨ੍ਹਾਂ ਨੂੰ ਨਜਾਇਜ਼ ਕਬਜ਼ਿਆਂ ਨੇ ਪਹੁੰਚ ਤੋਂ ਬਾਹਰ ਕਰ ਦਿੱਤਾ ਹੈ। ਬਾਹਰੀ ਵਾਤਾਵਰਨ ਦੀ ਗੱਲ ਕਰੀਏ ਤਾਂ ਪੈਦਲ ਰਸਤੇ ਅਤੇ ਗਲਬੇ ਵਿਆਪਕ ਅਤੇ ਚੌੜੇ ਹੋਣੇ ਚਾਹੀਦੇ ਹਨ ਜਿਥੇ ਲੋਕ ਆਪਣੀ ਯਾਤਰਾ ਕਰ ਸਕਣ। ਇਨ੍ਹਾਂ ਵਿੱਚ ਰਹਾਇਸ਼ੀ ਖੇਤਰਾਂ ਵਿਚਲੇ ਰਸਤੇ ਵੀ ਸ਼ਾਮਲ ਹਨ (ਮਲਹੋਤਰਾ, 2010)। ਮਾੜੀ ਜਨਤਕ ਸੰਕੇਤ ਪ੍ਰਣਾਲੀ ਬਾਰੇ ਕੋਈ ਨਹੀਂ ਜਾਣਦਾ ਕਿ ਇਹ ਮੌਜੂਦ ਹਨ। ਲਾਜ਼ਮੀ ਪਹੁੰਚ ਦੀ ਜਾਣਕਾਰੀ ਸੰਭਾਵਿਤ ਵਰਤੋਂਕਾਰਾਂ ਅਤੇ ਦੂਜੇ ਸ਼ਹਿਰੀਆਂ ਨੂੰ ਦੇਣੀ ਚਾਹੀਦੀ ਹੈ। ਭਾਰਤ ਵਰਗਾ ਦੇਸ਼ ਜਿਥੇ ਗ਼ੈਰ-ਮਿੱਤਰਤਾ ਵਾਲੇ ਜਨਤਕ ਬੁਨਿਆਦੀ ਢਾਂਚੇ ਉਤੇ ਜਨਸੰਖਿਆ ਦਾ ਵੱਡਾ ਦਬਾਅ ਹੈ, ਅਤੇ ਜਿਥੇ ਦੂਜੇ ਸ਼ਹਿਰੀਆਂ ਦੀ ਤੁਲਨਾ ਵਿੱਚ ਜਨਤਕ ਸਹੂਲਤਾਂ ਦੀ ਵਰਤੋਂ ਲਈ ਅਪੰਗ ਵਿਅਕਤੀਆਂ ਨੂੰ ਇੱਕ ਤਰ੍ਹਾਂ ਨਾਲ ਨਕਾਰ ਦਿੱਤਾ ਗਿਆ ਹੈ, ਅਜਿਹੇ ਹਲਾਤ ਅਪੰਗ ਵਿਅਕਤੀਆਂ ਨੂੰ ਜਨਤਕ ਆਵਾਜਾਈ ਦੀ ਵਰਤੋਂ ਕਰਨ ਤੋਂ ਰੋਕਦੇ ਹਨ। ਮੌਜੂਦਾ ਸਮੇਂ ਅਸੀਂ ਸਹੂਲਤਾਂ ਵਿੱਚ ਸੁਧਾਰ ਕੀਤਾ ਹੈ ਪਰ ਅਪੰਗ ਵਿਅਕਤੀ ਪਿਛਲੇ ਮਾੜੇ ਅਨੁਭਵਾਂ ਕਰਕੇ ਇਨ੍ਹਾਂ ਨੂੰ ਪੂਰੇ ਭਰੋਸੇ ਨਾਲ ਇਸਤੇਮਾਲ ਨਹੀਂ ਕਰ ਰਹੇ। ਅਪੰਗ ਵਿਅਕਤੀ ਵਿਲੱਖਣ ਹੁੰਦੇ ਹਨ ਜਿਨ੍ਹਾਂ ਦੀ ਬਣੇ ਵਾਤਾਵਰਨ ਨੂੰ ਵਰਤਨ ਦੀ ਇੱਕ ਸੀਮਾ ਹੁੰਦੀ ਹੈ। ਆਮ ਵਿਅਕਤੀ ਦੀ ਤੁਲਨਾ ਵਿੱਚ ਸਮਾਜ ਨੂੰ ਇਸ ਪਾਸੇ ਵਧੇਰੇ ਧਿਆਨ ਦੇਣ ਦੀ ਜ਼ਰੂਰਤ ਹੈ (ਕੈਨੇਡੀ ਅਤੇ ਹੇਸਲਾ, 2008)।


ਭਾਰਤ ਸਰਕਾਰ ਨੇ 'ਸੁਗਮਿਆ ਭਾਰਤ ਅਭਿਆਨ' ਨਾਮ ਦੀ ਰਾਸ਼ਟਰੀ ਪੱਧਰ ਦੀ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਜਿਸ ਦਾ ਮਕਸਦ ਸਾਰੇ ਸ਼ਹਿਰੀਆਂ, ਜਿਸ ਵਿੱਚ ਅਪੰਗ ਵਿਅਕਤੀ ਵੀ ਸ਼ਾਮਲ ਹਨ, ਲਈ ਸਹਾਇਕ ਤੇ ਰੁਕਾਵਟ ਰਹਿਤ ਵਾਤਾਵਰਨ ਸਿਰਜ ਕੇ, ਸਰਬ ਵਿਆਪੀ ਪਹੁੰਚ ਹਾਸਲ ਕਰਨਾ ਹੈ।

## ਡਿਜ਼ਾਈਨ ਦਿਸ਼ਾ-ਨਿਰਦੇਸ਼ ਅਤੇ ਮਿਆਰ

ਬਹੁਤ ਸਾਰੇ ਦੇਸ਼ਾਂ ਵਿੱਚ ਡਿਜ਼ਾਈਨ ਦੇ ਦਿਸ਼ਾ-ਨਿਰਦੇਸ਼ ਅਤੇ ਮਿਆਰ ਮੌਜੂਦ ਹਨ। ਰਾਸ਼ਟਰੀ ਮਿਆਰ ਦੀ ਗ਼ੈਰ-ਹਾਜ਼ਰੀ ਵਿੱਚ, ਦੂਜੇ ਦੇਸ਼ਾਂ ਦੇ ਮਿਆਰਾਂ ਨੂੰ ਇਸਤੇਮਾਲ ਕਰਨ ਦੀ ਸਫ਼ਾਰਸ਼ ਕੀਤੀ ਜਾਂਦੀ ਹੈ। ਅਪੰਗ ਵਿਅਕਤੀਆਂ ਅਤੇ ਬਿਰਧਾਂ ਲਈ ਕੇਂਦਰੀ ਲੋਕ ਨਿਰਮਾਣ ਵਿਭਾਗ ਵਲੋਂ ਰੁਕਾਵਟ ਰਹਿਤ ਉਸਾਰੇ ਵਾਤਾਵਰਨ ਲਈ ਦਿੱਤੇ ਗਏ ਦਿਸ਼ਾ-ਨਿਰਦੇਸ਼ ਤੇ ਪੁਨਰ ਵਿਚਾਰ ਕਰਕੇ ਹੋਰ ਵਿਸਥਾਰ ਕਰਨ ਦੀ ਲੋੜ ਹੈ ਤਾਂ ਕਿ ਹਰ ਕੋਈ ਇਨ੍ਹਾਂ ਨੂੰ ਹੋਰ ਵਧੀਆ ਤਰੀਕੇ ਨਾਲ ਵਰਤ ਸਕੇ ਅਤੇ ਡਿਜ਼ਾਈਨ ਜ਼ਮੀਨੀ ਪੱਧਰ ਉਤੇ ਲਾਗੂ ਕੀਤਾ ਜਾ ਸਕੇ। ਸਾਰੇ ਹੀ ਪੱਧਰਾਂ ਉਤੇ ਯਤਨ ਕਰਨ ਦੀ ਜ਼ਰੂਰਤ ਹੈ। ਬਹੁਤ ਸਾਰੇ ਅਦਾਰੇ (ਸਰਕਾਰੀ, ਅਰਧ-ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਗਠਨ) ਇਸ ਬਾਰੇ ਕੰਮ ਕਰ ਰਹੇ ਹਨ। ਸੰਸਥਾਨ ਕਾਰਜਸ਼ਾਲਾ ਅਤੇ ਸੈਮੀਨਾਰ ਆਯੋਜਿਤ ਕਰਕੇ ਆਮ ਜਨਤਾ ਅਤੇ ਸ਼ਹਿਰ ਦੇ ਵਿਕਾਸ ਲਈ ਜ਼ਿੰਮੇਵਾਰ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਵਿੱਚ ਜਾਗਰੂਕਤਾ ਫੈਲਾਅ ਰਹੇ ਹਨ। ਮੁਢਲੇ ਪੜਾਅ ਉਤੇ ਵਿਦਿਅਕ ਤੇ ਖੋਜ ਸੰਸਥਾਨ ਵਿਦਿਆਰਥੀਆਂ ਦਰਮਿਆਨ ਜਾਗਰੂਕਤਾ ਫੈਲਾਉਣ ਲਈ ਕਾਫੀ ਯੋਗਦਾਨ ਪਾ ਸਕਦੇ ਹਨ। ਉਹ ਮੌਕੇ ਉਤੇ ਹੀ ਵਿਦਿਅਕ ਤੇ ਸ਼ੋਧ ਪ੍ਰਾਜੈਕਟਾਂ ਦੇ ਤੌਰ ਤੇ ਵਰਤਮਾਨ ਹਲਾਤ ਦਾ ਦਸਤਾਵੇਜ਼ੀਕਰਨ ਦਾ ਕਾਰਜ ਕਰ ਸਕਦੇ ਹਨ ਤਾਂ ਕਿ ਸਮੱਸਿਆਵਾਂ ਦੇ ਕਾਰਨ ਦੇ ਮੁਲਾਂਕਣ ਲਈ ਕੀਮਤੀ ਜਾਣਕਾਰੀ ਅਤੇ ਅੰਕੜੇ ਇਕੱਤਰ ਕੀਤੇ ਜਾ ਸਕਣ ਅਤੇ ਸਮਾਜ ਦੇ ਭਲੇ ਵਾਸਤੇ ਬਦਲਾਅ ਲਈ ਹੱਲ ਸੁਝਾਏ ਜਾ ਸਕਣ।

## ਮੌਜੂਦਾ/ਨਵੇਂ ਵਿਕਾਸ ਦੀ ਲੋੜ

ਸਮਾਜ ਦੇ ਸਾਰੇ ਵਰਗਾਂ ਦੀ ਲੋੜ ਪੂਰੀ ਕਰਨ ਲਈ ਸਾਨੂੰ ਬਹੁ-ਵਿਧਾਈ ਆਵਾਜਾਈ ਪ੍ਰਣਾਲੀ ਦੀ ਲੋੜ ਹੈ। ਸਰਕਾਰ ਜੇ ਐੱਨ ਯੂ ਆਰ ਐੱਮ ਰਾਹੀਂ ਇਨ੍ਹਾਂ ਪ੍ਰਾਜੈਕਟਾਂ ਵਾਸਤੇ ਧੰਨ ਮੁਹੱਈਆ ਕਰਵਾਉਂਦੀ ਹੈ। ਅਸੀਂ ਬੱਸ ਸਟਾਪ, ਮੈਟਰੋ ਸਟੇਸ਼ਨ ਅਤੇ ਬੀ ਆਰ ਟੀ ਐੱਸ ਪ੍ਰਣਾਲੀਆਂ ਦੀ ਉਸਾਰੀ ਸ਼ੁਰੂ ਕਰ ਦਿੱਤੀ ਹੈ। ਇਹ ਪਹੁੰਚ ਵਿੱਚ ਹੋ ਸਕਦੇ ਹਨ ਜਿਸ ਦੀਆਂ ਵਿਸ਼ੇਸ਼ਤਾਈਆਂ ਪਹੁੰਚ ਵਾਲੇ ਡਿਜ਼ਾਈਨ ਅਤੇ ਮਿਆਰ ਹਨ ਪਰ ਅਸਲੀ ਸਫਲਤਾ ਯਾਤਰਾ ਵਾਸਤੇ ਪੂਰੀ ਤਰ੍ਹਾਂ ਪਹੁੰਚ ਵਾਲੀ 'ਯਾਤਰਾ ਲੜੀ' ਪ੍ਰਦਾਨ ਕਰਨ ਵਿੱਚ ਪਈ ਹੈ। ਮਿਸਾਲ ਦੇ ਤੌਰ ਤੇ, ਇੱਕ ਕਮਜ਼ੋਰ ਨਜ਼ਰ ਅਤੇ ਪਹੀਆ ਕੁਰਸੀ ਵਰਤਨ ਵਾਲੇ ਵਿਅਕਤੀ ਨੂੰ ਸੁਤੰਤਰ ਤਰੀਕੇ ਨਾਲ ਇਧਰ-ਉਧਰ ਜਾਣ ਲਈ ਏਕੀਕ੍ਰਿਤ ਬੁਨਿਆਦੀ ਢਾਂਚਾ ਮਿਲਣਾ ਚਾਹੀਦਾ ਹੈ ਜਿਥੇ ਪੈਦਲ ਤੁਰਨ, ਪੈਰਾ-ਆਵਾਜਾਈ ਤਰੀਕੇ ਤੋਂ ਲੈ ਕੇ ਬੀ ਆਰ ਟੀ ਐੱਸ ਸਟਾਪ ਤੋਂ ਮੈਟਰੋ ਸਟੇਸ਼ਨ ਬਾਰੇ ਸਾਰੀ ਜ਼ਰੂਰੀ ਜਾਣਕਾਰੀ ਪ੍ਰਾਪਤ ਹੋਵੇ। ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ, ਜਨਤਕ ਆਵਾਜਾਈ ਦੇ ਸਾਰੇ ਹੀ ਵਰਤੋਂਕਾਰ, ਸ਼ੁਰੂਆਤ ਅਤੇ ਯਾਤਰਾ ਦੇ ਅੰਤ ਵਿੱਚ ਪੈਦਲ ਯਾਤਰੀ ਹੁੰਦੇ ਹਨ। ਪਹੁੰਚ ਵਾਲਾ ਪੈਦਲ ਯਾਤਰੀ ਬੁਨਿਆਦੀ ਢਾਂਚਾ ਜਿਵੇਂ ਕਿ ਗਲੀਆਂ, ਰੁਕਾਵਟਾਂ ਵਾਲੀ ਢਲਾਨ ਜਿਥੇ ਬੱਚਿਆਂ ਅਤੇ ਬਾਲਗਾਂ ਲਈ ਜੰਗਲੇ ਲੱਗੇ ਹੋਣ, ਫੁੱਟਪਾਥ ਉਤੇ ਸਪਰਸ਼ਯੋਗ ਪੈਦਲ ਪਾਰ-ਪੱਥ ਆਦਿ ਦਾ ਵਿਕਾਸ ਕਰਨਾ ਅਹਿਮ ਹੈ। ਉਸਾਰੇ ਹੋਏ ਭੌਤਿਕ ਬੁਨਿਆਦੀ ਢਾਂਚੇ ਤੱਕ ਅਪਹੁੰਚ ਸਮਾਜ ਦੇ ਅਪੰਗ ਵਿਅਕਤੀਆਂ ਦੀ ਪੂਰਨ ਭਾਗੀਦਾਰੀ ਦੇ ਮਾਰਗ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ (ਹੈਨਰੀ, 2009)। ਜਨਤਕ ਆਵਾਜਾਈ ਸਹੂਲਤਾਂ ਦੀ ਵਰਤੋਂ ਵਿੱਚ ਵਾਧਾ ਕਰਨ ਦਾ ਸਭ ਤੋਂ ਸੌਖਾ ਤਰੀਕਾ ਇੱਕ ਅਜਿਹਾ ਵਾਤਾਵਰਨ ਸਥਾਪਤ ਕਰਨਾ ਹੈ ਜਿਥੇ ਪੈਦਲ ਪਹੁੰਚ ਸੁਰੱਖਿਅਤ, ਸਹੂਲਤ ਵਾਲੀ ਤੇ ਅਰਾਮਦਾਇਕ ਹੋਵੇ (ਗ੍ਰਿਫਨ, 2000)।




ਜਨਤਕ ਸੂਚਨਾ ਪ੍ਰਣਾਲੀ, ਪਖ਼ਾਨੇ ਦੀਆਂ ਸਹੂਲਤਾਂ, ਪੈਦਲ ਯਾਤਰੀਆਂ ਲਈ ਚੌਰਾਹੇ ਦੇ ਸੰਕੇਤਾਂ, ਢਲਾਨਾਂ, ਜੰਗਲਿਆਂ, ਸਪਰਸ਼ਯੋਗ ਪੈਦਲ ਪਾਰ ਰਾਹ ਆਦਿ ਲਈ ਬੁਨਿਆਦੀ ਢਾਂਚੇ ਦਾ ਰੱਖ-ਰਖਾਅ, ਜਿਸ ਵਿੱਚ ਮੁਰੰਮਤ ਅਤੇ ਰੱਖ-ਰਖਾਅ ਨੀਤੀ ਸ਼ਾਮਲ ਹੋਵੇ, ਦਾ ਗਠਨ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਵਰਤਮਾਨ ਪਹੁੰਚ

ਯੋਗਤਾ ਲਈ ਇਸ ਨੂੰ ਵਧੀਆ ਹਲਾਤ ਵਿੱਚ ਰੱਖਿਆ ਜਾ ਸਕੇ।

### ਸੁਗਮਿਆ ਭਾਰਤ ਅਭਿਆਨ (ਜਾਗਰੂਕਤਾ ਤੇ ਸਿਖਲਾਈ)

ਅੱਗੇ ਦਾ ਰਸਤਾ : ਰਾਸ਼ਟਰੀ ਪੱਧਰ ਦੀ ਪਹੁੰਚ ਮੁਹਿੰਮ ਨੂੰ ਸਮਾਜ ਦੇ ਸਾਰੇ ਵਰਗਾਂ, ਸਕੂਲਾਂ, ਕਾਲਜਾਂ, ਪੇਸ਼ੇਵਰਾਂ, ਵਿਕਾਸ ਅਥਾਰਟੀਆਂ ਦੇ ਅਫ਼ਸਰਾਂ, ਸ਼ਹਿਰੀ ਸਥਾਨਕ ਸਭਾਵਾਂ, ਰਾਜਨੀਤਕਾਂ, ਨੌਕਰਸ਼ਾਹਾਂ ਆਦਿ ਦਰਮਿਆਨ ਜਾਗਰੂਕਤਾ ਫੈਲਾਉਣ ਲਈ ਮੌਕੇ ਤੇ ਸਮੇਂ ਦੀ ਲੋੜ ਵਜੋਂ ਲੈਣਾ ਚਾਹੀਦਾ ਹੈ ਤਾਂ ਕਿ ਇਸ ਨੂੰ ਸਾਡੀਆਂ ਰੋਜ਼ਾਨਾ ਦੀਆਂ ਲੋੜਾਂ ਦਾ ਹਿੱਸਾ ਬਣਾ ਕੇ ਜੀਵਨ ਸ਼ੈਲੀ ਨਾਲ ਜੋੜਿਆ ਜਾ ਸਕੇ। ਜਾਗਰੂਕਤਾ ਵਿੱਚ ਵਾਧਾ ਕਰਨਾ ਪਹੁੰਚ ਬਾਰੇ ਸਿਖਲਾਈ ਦਾ ਮੁੱਖ ਧੁਰਾ ਹੋਣਾ ਚਾਹੀਦਾ ਹੈ। ਪਹੁੰਚ ਯੋਗਤਾ ਨੂੰ ਉੱਚ ਗੁਣਤਾ ਅਤੇ ਸਥਿਰ ਆਵਾਜਾਈ ਪ੍ਰਣਾਲੀ ਦੇ ਮੁੱਖ ਅੰਗ ਵਜੋਂ ਲਗਾਤਾਰ ਸਵੀਕਾਰ ਕੀਤਾ ਜਾ ਰਿਹਾ ਹੈ। ਅਸਲ ਵਿੱਚ ਆਵਾਜਾਈ ਪ੍ਰਣਾਲੀ ਦੇ ਸਾਡੇ ਵਰਗੇ ਸਾਰੇ ਵਰਤੋਂਕਾਰਾਂ ਨੂੰ ਬੱਸਾਂ, ਟਰਾਮਾਂ, ਆਵਾਜਾਈ ਬਦਲਣ, ਜਹਾਜ਼ਾਂ ਤੇ ਸਮੁੰਦਰੀ ਜਹਾਜ਼ਾਂ ਪ੍ਰਤਿ ਸੌਖੀ ਪਹੁੰਚ ਤੋਂ ਫਾਇਦਾ ਲੈਣਾ ਚਾਹੀਦਾ ਹੈ (ਕੁਲੇਨ, 2006)। ਹੁਨਰਮੰਦ ਚਾਲਕਾਂ, ਕੰਡਕਟਰਾਂ, ਆਵਾਜਾਈ ਸੰਚਾਲਕਾਂ, ਸਹੂਲਤ ਦੇਣ ਵਾਲਾ ਅਮਲਾ, ਸੁਰੱਖਿਆ ਅਮਲਾ ਆਦਿ ਨੂੰ ਸਿਖਲਾਈ ਦੇਣ ਦੀ ਜ਼ਰੂਰਤ ਹੈ ਤਾਂ ਕਿ ਉਹ ਸਾਰੇ ਵਰਤੋਂਕਾਰਾਂ ਦੀ ਸੇਵਾ ਕਰ ਸਕਣ ਅਤੇ ਅਪੰਗ ਵਿਅਕਤੀਆਂ ਨੂੰ ਵਿਸ਼ੇਸ਼ ਸੰਭਾਲ ਪ੍ਰਦਾਨ ਕਰ ਸਕਣ। ਸਿਖਲਾਈ ਦੀ ਅਣਹੋਂਦ ਵਿੱਚ ਪਹੁੰਚ ਯੋਗ ਵਾਹਨ ਅਤੇ ਸਹੂਲਤਾਂ ਲਈ ਕੀਤੇ ਨਿਵੇਸ਼ ਅਤੇ ਯਤਨਾਂ ਨੂੰ ਬੂਰ ਨਹੀਂ ਪੈ ਸਕਦਾ ਅਤੇ ਅਪੰਗ ਵਿਅਕਤੀਆਂ ਨੂੰ ਪਹੁੰਚ ਬਹੁਤ ਅਸਾਨੀ ਨਾਲ ਮਨ੍ਹਾਂ ਕੀਤੀ ਜਾ ਸਕਦੀ ਹੈ।

ਸੂਚਨਾ ਤੇ ਸੰਚਾਰ ਤਕਨੀਕ (ਆਈ ਸੀ ਟੀ) ਦੀ ਵਰਤੋਂ ਅਤੇ ਵਾਹਨਾਂ ਦੇ ਡਿਜ਼ਾਈਨ ਅਤੇ ਈਂਧਣ ਵਿੱਚ ਪ੍ਰਦੂਸ਼ਣ ਰਹਿਤ ਤਕਨੀਕ ਦਾ ਸੰਕਲਪ, ਜਨਤਕ ਆਵਾਜਾਈ ਦੇ ਬੁਨਿਆਦੀ ਢਾਂਚੇ ਨੂੰ ਹੋਰ ਪਹੁੰਚ ਯੋਗ, ਸੁਰੱਖਿਆ ਅਤੇ ਸਾਰੇ ਵਰਤੋਂਕਾਰਾਂ ਖ਼ਾਸ ਕਰਕੇ ਅਪੰਗ ਵਿਅਕਤੀਆਂ ਲਈ ਸੂਚਨਾ ਜਾਣਕਾਰੀ ਦੇਣ ਦਾ ਜਵਾਬ ਹੋ ਸਕਦਾ ਹੈ। ਐਲਿਜ਼ਾਬੈਥ ਬਰਟਨ ਅਤੇ ਕਿਨ ਮਿਸ਼ੇਲ ਨੇ 2006 ਵਿੱਚ ਛਪੀ ਆਪਣੀ ਕਿਤਾਬ 'ਇਨਕਲਿਊਸਿਵ ਅਰਬਨ ਡਿਜ਼ਾਈਨ – ਸਟਰੀਟ ਆਫ ਲਾਈਫ' ਵਿੱਚ ਬਿਲਕੁੱਲ ਠੀਕ ਹੀ ਕਿਹਾ ਸੀ ਕਿ 'ਲੋਕ ਉਨ੍ਹਾਂ ਨੂੰ ਪ੍ਰਦਾਨ ਕੀਤੇ ਵਾਤਾਵਰਨ ਦੁਆਰਾ ਅਪੰਗ ਕਰ ਦਿੱਤੇ ਜਾਂਦੇ ਹਨ।' ਜੇ ਅਸੀਂ ਸਹੀ ਅਰਥਾਂ ਵਿੱਚ ਆਪਣੇ ਸ਼ਹਿਰਾਂ ਨੂੰ ਸਮਾਰਟ ਬਣਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਸ਼ਹਿਰਾਂ ਨੂੰ ਪਹੁੰਚਯੋਗ, ਸੁਰੱਖਿਅਤ ਅਤੇ ਉਮਰ, ਲਿੰਗ, ਸਰੀਰਕ ਹਾਲਤ ਅਤੇ ਆਰਥਿਕ ਰੁਤਬੇ ਜਿਹੇ ਭਿੰਨ ਭੇਦਾਂ ਤੋਂ ਮੁਕਤ ਬਣਾਉਣਾ ਪਵੇਗਾ।

*(ਲੇਖਕ ਸਕੂਲ ਆਫ ਪਲਾਨਿੰਗ ਐਂਡ ਆਰਕੀਟੈਕਚਰ ਭੋਪਾਲ ਦੇ ਫੈਕਲਟੀ ਮੈਂਬਰ ਹਨ)*

*e-mail :dchaurasia@spabhopal.ac.in*

## ਕੀ ਤੁਸੀਂ ਜਾਣਦੇ ਹੋ?

ਇੰਚੀਉਨ ਰਣਨੀਤੀ ਏਸ਼ੀਆਈ ਅਤੇ ਪ੍ਰਸ਼ਾਂਤ ਖੇਤਰ ਅਤੇ ਵਿਸ਼ਵ ਲਈ ਇੱਕ ਅਜਿਹੀ ਕਾਰਜ ਯੋਜਨਾ ਹੈ ਜਿਸ ਦਾ ਉਦੇਸ਼ ਅਪਾਹਜ ਲੋਕਾਂ ਲਈ ਰੁਕਾਵਟ ਮੁਕਤ ਸਮਾਜ ਬਨਾਉਣਾ ਹੈ ਅਤੇ ਦਹਾਕੇ ਵਿੱਚ ਇਨ੍ਹਾਂ ਦੇ ਅਧਿਕਾਰਾਂ ਨੂੰ ਯਕੀਨੀ ਬਨਾਉਣਾ ਹੈ, ਇਸ ਰਣਨੀਤੀ ਵਿੱਚ, ਖੇਤਰਾਂ ਵਿੱਚ ਅਪਾਹਜਤਾ ਦੇ ਸਮੁੱਚੇ ਵਿਕਾਸ ਟੀਚੇ ਸ਼ਾਮਲ ਹਨ ਜਿਨ੍ਹਾਂ ਬਾਰੇ ਪਹਿਲੀ ਵਾਰੀ ਸਹਿਮਤੀ ਹੋਈ ਹੈ। ਇਹ ਰਣਨੀਤੀ, 29 ਅਕਤੂਬਰ ਤੋਂ 2 ਨਵੰਬਰ 2012 ਤੱਕ ਇੰਚੀਉਨ, ਕੋਰੀਆ ਵਿਖੇ ਹੋਈ ਏਸ਼ੀਆ ਅਤੇ ਪ੍ਰਸ਼ਾਂਤ ਲਈ ਸੰਯੁਕਤ ਰਾਸ਼ਟਰ ਆਰਥਿਕ ਅਤੇ ਸਮਾਜਕ ਕਮਿਸ਼ਨ ਦੇ ਮੈਂਬਰ ਦੇਸ਼ਾਂ ਦੇ ਮੰਤਰੀਆਂ ਅਤੇ ਨੁਮਾਂਇੰਦਿਆਂ ਦੀ ਬੈਠਕ ਵਿੱਚ ਅਪਨਾਈ ਗਈ ਸੀ।

ਇੰਚੀਓਨ ਰਣਨੀਤੀ ਨਾਮ, ਦਹਾਕੇ ਦੀ ਕਾਰਜ ਯੋਜਨਾ ਨੂੰ ਉਸ ਸ਼ਹਿਰ ਨਾਲ ਜੋੜਦਾ ਹੈ ਜਿਥੇ ਇਹ ਅਪਨਾਈ ਗਈ ਸੀ। ਇਸ ਦੇ ਉਦੇਸ਼ ਏਸ਼ੀਆ ਪ੍ਰਸ਼ਾਂਤ ਖੇਤਰ ਨੂੰ, ਇਸ ਖੇਤਰ ਵਿੱਚ ਰਹਿ ਰਹੇ 65 ਕਰੋੜ ਅਪਾਹਜ ਲੋਕਾਂ ਨੂੰ, ਜੋ ਵਧੇਰੇ ਕਰਕੇ ਗਰੀਬੀ ਵਿੱਚ ਰਹਿ ਰਹੇ ਹਨ, ਆਪਣੇ ਅਧਿਕਾਰਾਂ ਦੀ ਪ੍ਰਾਪਤੀ ਅਤੇ ਜੀਵਨ ਪੱਧਰ ਵਿੱਚ ਸੁਧਾਰ ਆਉਣ ਉਪਰ ਨਜ਼ਰ ਰੱਖਣ ਦੇ ਕਾਬਲ ਬਣਾਉਣਗੇ। ਇਸ ਕਾਰਜਨੀਤੀ ਵਿੱਚ ਜੋ 2013–2022 ਦੇ ਦਹਾਕੇ ਵਿੱਚ ਲਾਗੂ ਹੋਣੀ ਹੈ, ਦੇ 10 ਉਦੇਸ਼ ਮਿਥੇ ਗਏ ਹਨ। ਇਨ੍ਹਾਂ ਉਦੇਸ਼ਾਂ ਵਿੱਚ ਕਾਰਜ ਲਈ 27 ਟੀਚੇ ਮਿਥੇ ਗਏ ਹਨ ਅਤੇ ਉੱਨਤੀ ਮਾਪਣ ਲਈ 62 ਸੰਕੇਤਕ ਹਨ। ਇਨਚਿਓਨ ਕਾਰਜਨੀਤੀ ਅਧੀਨ ਸਰਕਾਰਾਂ ਵਲੋਂ ਅਪਾਹਜ ਵਿਅਕਤੀਆਂ ਬਾਰੇ ਜਾਣਕਾਰੀ ਇਕੱਠੀ ਕਰਨੀ ਹੈ ਤਾਂ ਜੋ ਇਹ ਪਤਾ ਕੀਤਾ ਜਾ ਸਕੇ ਕਿ ਉਨ੍ਹਾਂ ਲਈ ਕੀ ਕੁੱਝ ਕਰਨਾ ਚਾਹੀਦਾ ਹੈ।

ਇੰਚੀਉਨ ਰਣਨੀਤੀ ਦਾ ਮੁੱਖ ਉਦੇਸ਼ ਹੈ ਕਿ ਅਪਾਹਜ ਵਿਅਕਤੀਆਂ ਨੂੰ ਇੱਜ਼ਤ ਨਾਲ ਦੇਖਿਆ ਜਾਵੇ, ਉਹ ਆਪਣੀ ਪਸੰਦ ਖੁਦ ਚੁਣ ਸਕਣ, ਉਨ੍ਹਾਂ ਨਾਲ ਕੋਈ ਭੇਦਭਾਵ ਨਾ ਹੋਵੇ ਅਤੇ ਉਹ ਦੂਸਰੇ ਵਿਅਕਤੀਆਂ ਵਾਂਗ ਹੀ ਸਮਾਜ ਵਿੱਚ ਬਰਾਬਰ ਦੇ ਭਾਗੀਦਾਰ ਹੋ ਸਕਣ।

ਇਸ ਕਾਰਜਨੀਤੀ ਅਧੀਨ 10 ਉਦੇਸ਼ ਹਨ : ਉਦੇਸ਼–1 : ਗਰੀਬੀ ਘਟਾਓ ਅਤੇ ਕੰਮ ਅਤੇ ਰੋਜ਼ਗਾਰ ਦੇ ਮੌਕੇ ਵਧਾਓ; ਉਦੇਸ਼-2: ਰਾਜਨੀਤਕ ਪ੍ਰਕਿਰਿਆ ਅਤੇ ਫੈਸਲੇ ਲੈਣ ਵਿੱਚ ਸ਼ਾਮਲ ਕਰਨ ਨੂੰ ਉਤਸ਼ਾਹਤ ਕਰੋ; ਉਦੇਸ਼–3: ਭੌਤਿਕੀ ਵਾਤਾਵਰਨ, ਜਨਤਕ ਟਰਾਂਸਪੋਰਟ, ਗਿਆਨ, ਸੂਚਨਾ ਅਤੇ ਸੰਚਾਰ ਤੱਕ ਪਹੁੰਚ ਵਿੱਚ ਵਾਧਾ ਕਰੋ; ਉਦੇਸ਼–4: ਸਮਾਜਕ ਸੁਰੱਖਿਆ ਮਜ਼ਬੂਤ ਕਰੋ; ਉਦੇਸ਼–5: ਅਪਾਹਜ ਬੱਚਿਆਂ ਲਈ ਸ਼ੁਰੂ ਤੋਂ ਹੀ ਦਖ਼ਲ-ਅੰਦਾਜ਼ੀ ਅਤੇ ਸਿੱਖਿਆ ਦਾ ਪਸਾਰ ਕਰੋ; ਉਦੇਸ਼–6: ਲਿੰਗ ਸਮਾਨਤਾ ਅਤੇ ਔਰਤਾਂ ਦਾ ਸ਼ਕਤੀਕਰਨ ਕਰਨਾ ਯਕੀਨੀ ਬਣਾਓ; ਉਦੇਸ਼–7 : ਆਫ਼ਤਾਂ ਵੇਲੇ ਖ਼ਤਰਿਆਂ ਵਿੱਚ ਕਮੀ ਲਿਆਉਣ ਅਤੇ ਉਨ੍ਹਾਂ ਦੇ ਪ੍ਰਬੰਧਨ ਦਾ ਅਪਾਹਜਤਾ ਸਮਾਵੇਸ਼ੀ ਹੋਣਾ ਯਕੀਨੀ ਬਣਾਓ; ਉਦੇਸ਼–8 : ਅਪਾਹਜਤਾ ਅੰਕੜਿਆਂ ਦੀ ਵਿਸ਼ਵਾਸਯੋਗਤਾ ਅਤੇ ਉਨ੍ਹਾਂ ਦੇ ਮਿਲਾਉਣ ਨੂੰ ਯਕੀਨੀ ਬਣਾਓ; ਉਦੇਸ਼–9 : ਅਪਾਹਜ ਵਿਅਕਤੀਆਂ ਦੇ ਅਧਿਕਾਰਾਂ ਦੀ ਕਨਵੈਂਨਸ਼ਨ ਦੇ ਤਸਦੀਕੀਕਰਨ ਅਤੇ ਉਸ ਦੇ ਲਾਗੂ ਕਰਨ ਅਤੇ ਰਾਸ਼ਟਰੀ ਕਾਨੂੰਨਾਂ ਦੇ ਉਸ ਨਾਲ ਤਾਲਮੇਲ ਵਿੱਚ ਤੇਜ਼ੀ ਲਿਆਓ; ਉਦੇਸ਼–10 : ਖੇਤਰ ਦੇ ਅੰਦਰ, ਖੇਤਰੀ ਅਤੇ ਦੂਸਰੇ ਖੇਤਰਾਂ ਨਾਲ ਸਹਿਯੋਗ ਵਿੱਚ ਵਾਧਾ ਕਰੋ। ❑

# ਵਿਕਾਸ ਦਾ ਖ਼ਾਕਾ

ਪ੍ਰਧਾਨ ਮੰਤਰੀ ਦੁਆਰਾ "ਸਟੈਂਡਅੱਪ ਇੰਡੀਆ" ਪਹਿਲਕਦਮੀ ਦੀ ਸ਼ੁਰੂਆਤ

5 ਅਪ੍ਰੈਲ 2016 ਨੂੰ ਪ੍ਰਧਾਨ ਮੰਤਰੀ ਨੇ ਨੋਇਡਾ ਵਿਖੇ ਦਲਿਤ, ਆਦਿਵਾਸੀ ਅਤੇ ਔਰਤਾਂ ਦੇ ਉੱਦਮਾਂ ਨੂੰ ਉਤਸ਼ਾਹ ਦੇਣ ਲਈ ਸਟੈਂਡ ਅੱਪ ਇੰਡੀਆ ਪਹਿਲ ਦੀ ਸ਼ੁਰੂਆਤ ਕੀਤੀ। ਇਸ ਪਹਿਲ ਦਾ ਉਦੇਸ਼ ਦਲਿਤਾਂ, ਆਦਿਵਾਸੀਆਂ ਅਤੇ ਔਰਤਾਂ ਨੂੰ ਉੱਦਮ ਲਗਾਉਣ ਲਈ ਉਤਸਾਹਤ ਕਰਨਾ ਹੈ। ਇਸ ਪਹਿਲ ਦਾ ਮਕਸਦ, ਇਨ੍ਹਾਂ ਸ਼੍ਰੇਣੀਆਂ ਦੇ ਘੱਟੋ-ਘੱਟ ਦੋ ਚਾਹਵਾਨ ਉੱਦਮੀਆਂ ਨੂੰ ਕਰਜ਼ਾ ਦੇਣਾ ਹੈ ਜੋ ਦਸ ਲੱਖ ਤੋਂ ਇੱਕ ਕਰੋੜ ਰੁਪਏ ਤੱਕ ਹੋ ਸਕਦਾ ਹੈ। ਇਸ ਮੌਕੇ ਉਤੇ 5,100 ਈ-ਰਿਕਸ਼ਾ ਵੀ ਵੰਡੇ ਗਏ।

## ਵਿਸ਼ਵ-ਵਿਆਪੀ ਕੌਸ਼ਲਤਾ ਵਿਕਾਸ ਦੇ ਮਿਆਰ

ਭਾਰਤੀ ਮਹਾਰਤ ਮਾਪਦੰਡਾਂ ਦਾ ਵਿਸ਼ਵ ਦੇ ਮਾਪਦੰਡਾਂ ਨਾਲ ਤਾਲਮੇਲ ਲਈ ਹਾਲ ਹੀ ਵਿੱਚ ਦੇਸ਼ ਤੋਂ ਬਾਹਰ ਮਹਾਰਤ ਮਾਪਦੰਡ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ। ਮਹਾਰਤ ਵਿਕਾਸ ਵਿੱਚ ਇਹ ਮਾਪਦੰਡ, 15 ਭਾਰਤੀ ਮਹਾਰਤ ਕੌਸ਼ਲਾਂ ਵਿੱਚ 82 ਚੁਣੇ ਹੋਏ ਕਾਰਜਾਂ ਲਈ ਜੋ ਇੰਗਲੈਂਡ ਦੇ ਮਾਪਦੰਡਾਂ ਨਾਲ ਮਿਲਾਏ ਗਏ ਹਨ। ਆਸ ਹੈ ਕਿ ਸਰਕਾਰ ਦੀਆਂ ਦੋ ਵੱਡੀਆਂ ਪਹਿਲਾਂ, ਭਾਰਤ ਵਿੱਚ ਬਣਾਓ ਅਤੇ ਨਿਪੁੰਨ ਭਾਰਤ ਨੂੰ ਵੱਡਾ ਹੁੰਗਾਰਾ ਦੇਣਗੇ।

ਇੰਗਲੈਂਡ ਦੇ ਮਾਪਦੰਡ, ਭਾਰਤੀ ਮਹਾਰਤ ਮਾਪਦੰਡਾਂ ਦੇ ਮਿਆਰੀਕਰਨ ਲਈ ਇਸ ਲਈ ਚੁਣੇ ਗਏ ਸਨ ਕਿਉਂਕਿ ਖਾੜੀ ਸਹਿਯੋਗ ਕੌਂਸਲ (ਜੀ ਸੀ ਸੀ) ਦੇ ਸਾਰੇ ਦੇਸ਼ ਇੰਗਲੈਂਡ ਦੇ ਨਿਪੁੰਨਤਾ ਸਰਟੀਫਿਕੇਟ ਨੂੰ ਮਾਨਤਾ ਦਿੰਦੇ ਹਨ। ਇਸ ਤਰ੍ਹਾਂ ਭਾਰਤੀ ਕਾਰੀਗਰਾਂ ਦੀ ਜਮਾਤ ਦੀ ਅੰਤਰਰਾਸ਼ਟਰੀ ਪਹੁੰਚ ਬਹੁਤ ਵਧ ਜਾਵੇਗੀ ਅਤੇ ਉਹ ਭਾਰਤ ਵਿੱਚ ਚਲ ਰਹੀਆਂ ਅੰਤਰਰਾਸ਼ਟਰੀ ਕੰਪਨੀਆਂ ਵਿੱਚ ਵੀ ਕੰਮ ਕਰਨ ਦੇ ਸਮਰੱਥ ਹੋ ਜਾਣਗੇ।

ਜਿਥੇ ਕਿਤੇ ਵੀ ਭਾਰਤੀ ਮਾਪਦੰਡਾਂ ਅਤੇ ਇੰਗਲੈਂਡ ਦੇ ਮਾਪਦੰਡਾਂ ਵਿੱਚ ਫਰਕ ਨਜ਼ਰ ਆਵੇਗਾ, ਅਜਿਹੇ ਕਾਰੀਗਰ ਜੋ ਕੰਮ ਲਈ ਦੂਸਰੇ ਦੇਸ਼ਾਂ ਵਿੱਚ ਜਾਣ ਦੇ ਚਾਹਵਾਨ ਹੋਣਗੇ ਉਹ ਇੱਕ ਬਰਿਜ ਟਰੇਨਿੰਗ ਲੈਣਗੇ। ਇੰਗਲੈਂਡ ਦੇ ਵਧੀਕ ਸਿੱਖਿਆ ਕਾਲਜ, ਭਾਰਤੀ ਸਿਖਲਾਈ ਦੇਣ ਵਾਲਿਆਂ ਨਾਲ ਸਾਂਝ ਵਿੱਚ ਬਰਿਜ ਕੋਰਸਾਂ ਦੀ ਸਿਖਲਾਈ ਦੇਣਗੇ। ਵਧੀਕੀ ਸਿੱਖਿਆ ਕਾਲਜ ਭਾਰਤ ਵਿੱਚ ਪਛਾਣ ਕੀਤੇ ਗਏ ਖੇਤਰਾਂ ਵਿੱਚ ਮਹਾਰਤ ਉੱਤਮਤਾ ਦੀਆਂ ਅਕਾਦਮੀਆਂ ਸਥਾਪਤ ਕਰਨਗੇ। ਇਸ ਤੋਂ ਇਲਾਵਾ, ਇੰਗਲੈਂਡ ਦੀਆਂ ਸਰਟੀਫਿਕੇਟ ਦੇਣ ਵਾਲੀਆਂ ਸੰਸਥਾਵਾਂ ਜਿਵੇਂ ਕਿ ਸਿਟੀ ਐਂਡ ਗਿਲਡਜ਼ ਅਤੇ ਪੀਅਰਸਨ, ਭਾਰਤੀ ਖੇਤਰ ਦੀਆਂ ਮਹਾਰਤ ਕੌਸ਼ਲਾਂ ਵਲੋਂ ਮੁਲਾਂਕਣ ਅਤੇ ਸਰਟੀਫਿਕੇਟ ਦੇਣ ਨੂੰ ਇੰਗਲੈਂਡ ਦੇ ਸਰਟੀਫਿਕੇਟ ਦੇਣ ਵਾਲੇ ਸੰਸਥਾਨਾਂ ਵਲੋਂ ਮਾਨਤਾ ਦੇਣਾ। ਜੋ ਵਿਅਕਤੀ ਦੂਸਰੇ ਦੇਸ਼ ਵਿੱਚ ਜਾਣ ਦੇ ਚਾਹਵਾਨ ਹੋਣ ਉਨ੍ਹਾਂ ਨੂੰ ਸਿਰਫ਼ ਮਿਆਰੀਕਰਨ ਪ੍ਰਕਿਰਿਆ ਵਿੱਚ ਪਛਾਣ ਕੀਤੀਆਂ ਕਮੀਆਂ ਦੀ ਪੂਰਤੀ ਲਈ ਬਰਿੱਜ ਟਰੇਨਿੰਗ ਲੈਣੀ ਹੋਵੇਗੀ ਅਤੇ ਅਜਿਹੀਆਂ ਕਮੀਆਂ ਦੂਰ ਕਰਨ ਵਾਲੀ ਆਪਣੀ ਸਿਖਲਾਈ ਦਾ ਮੁਲਾਂਕਣ ਕਰਵਾਉਣਾ ਹੋਵੇਗਾ। ਇਸ ਤਰ੍ਹਾਂ ਬਰਿੱਜ ਟਰੇਨਿੰਗ ਲੈਣ ਨਾਲ ਅਤੇ ਉਸ ਦਾ ਮੁਲਾਂਕਣ ਕਰਵਾਉਣ ਅਤੇ ਸਰਟੀਫਿਕੇਟ ਹਾਸਲ ਕਰ ਲੈਣ ਨਾਲ ਇੰਗਲੈਂਡ ਦਾ ਆਈ ਵੀ ਕਿਊ ਸਰਟੀਫਿਕੇਟ ਮਿਲ ਜਾਵੇਗਾ ਜਿਸ ਦੀ ਸਮੁੱਚੇ ਵਿਸ਼ਵ ਵਿੱਚ, ਖਾੜੀ, ਸਹਿਯੋਗ ਕੌਂਸਲ ਦੇਸ਼ਾਂ ਸਮੇਤ, ਮਾਨਤਾ ਹੈ।

ਭਾਰਤੀ ਖੇਤਰ ਦੀਆਂ ਮਹਾਰਤ ਕੌਸ਼ਲਾਂ, ਜਿਨ੍ਹਾਂ ਨੇ ਇਸ ਪ੍ਰਾਜੈਕਟ ਵਿੱਚ ਹਿੱਸਾ ਲਿਆ, ਹਨ – ਮੋਟਰ ਕਾਰ, ਖੇਤੀਬਾੜੀ, ਜੀਵਨ ਵਿਗਿਆਨ, ਸਿਹਤ ਸੰਭਾਲ, ਮੁੱਖ ਵਸਤਾਂ, ਪੋਸ਼ਾਕਾਂ, ਕੱਪੜਾ ਉਦਯੋਗ, ਸੁੰਦਰਤਾ ਅਤੇ ਨਰੋਆਪਨ, ਦੂਰਸੰਚਾਰ, ਮਹਿਮਾਨ ਨਿਵਾਜ਼ੀ, ਸੂਚਨਾ ਤਕਨਾਲੋਜੀ, ਸੂਚਨਾ ਤਕਨਾਲੋਜੀ ਈ-ਸੇਵਾਵਾਂ, ਭਵਨ ਉਸਾਰੀ, ਖੁਦਰਾ ਵਪਾਰ, ਇਲੈਕਟ੍ਰਾਨਿਕ ਅਤੇ ਸੁਰੱਖਿਆ।

## ਭਾਰਤ ਦੀ ਅਦੁੱਤੀ ਪਛਾਣ ਅਥਾਰਟੀ (ਯੂ ਆਈ ਡੀ ਏ ਆਈ) ਵਲੋਂ 100 ਕਰੋੜ ਅਧਾਰ ਕਾਰਡ ਜਾਰੀ:

2010 ਵਿੱਚ ਪਹਿਲਾ ਅਧਾਰ ਕਾਰਡ ਜਾਰੀ ਕਰਨ ਤੋਂ ਲੈ ਕੇ ਹੁਣ ਤੱਕ, ਸਾਢੇ ਪੰਜ ਸਾਲ ਦੇ ਸਮੇਂ ਵਿੱਚ ਭਾਰਤ ਦੀ ਅਦੁੱਤੀ ਪਛਾਣ ਅਥਾਰਟੀ ਨੇ 4 ਅਪ੍ਰੈਲ 2016 ਨੂੰ 100 ਕਰੋੜ ਵਾਂ ਅਧਾਰ ਕਾਰਡ ਜਾਰੀ ਕੀਤਾ। ਅਜਿਹਾ ਸਰਕਾਰ ਵਲੋਂ ਯਾਦਗਾਰੀ ਕਨੂੰਨ, ਅਧਾਰ (ਮਾਲੀ ਅਤੇ ਹੋਰ ਸਬਸਿਡੀਆਂ, ਲਾਭਾਂ ਅਤੇ ਸੇਵਾਵਾਂ ਦਾ ਟੀਚਾਬਧ ਵਿਤਰਣ) ਕਨੂੰਨ 2016 ਨੂੰ ਸੂਚਤ ਕਰਨ ਦੇ ਕੁੱਝ ਦਿਨਾਂ ਦੇ ਅੰਦਰ-ਅੰਦਰ ਹੀ ਹੋ ਗਿਆ।

ਅਧਾਰ ਹੁਣ 18 ਸਾਲ ਤੋਂ ਵੱਧ ਉਮਰ ਦੇ 93 ਪ੍ਰਤਿਸ਼ਤ ਵਿਅਕਤੀਆਂ ਨੂੰ ਮਿਲ ਗਿਆ ਹੈ (2015 ਦੇ ਸੰਭਾਵਤ ਅਬਾਦੀ ਅੰਕੜਿਆਂ ਅਨੁਸਾਰ)। ਅੱਜ ਦੀ ਤਾਰੀਖ ਵਿੱਚ, 13 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਅਧਾਰ 90 ਪ੍ਰਤਿਸ਼ਤ ਤੋਂ ਵੱਧ ਲੋਕਾਂ ਨੂੰ ਮਿਲ ਗਿਆ ਹੈ ਜਦਕਿ 13 ਹੋਰ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਇਹ ਗਿਣਤੀ 75-90 ਪ੍ਰਤਿਸ਼ਤ ਤੱਕ ਪਹੁੰਚ ਗਈ ਹੈ।

## ਅਧਾਰ ਦੀਆਂ ਕੁਝ ਵਿਸ਼ੇਸ਼ਤਾਵਾਂ

100 ਕਰੋੜ ਤੋਂ ਵੱਧ ਲੋਕਾਂ ਨੂੰ ਅਧਾਰ ਪ੍ਰਾਪਤ ਹੋ ਗਿਆ।

ਭਾਰਤ ਵਿੱਚ 73.96 ਕਰੋੜ ਬਾਲਗਾਂ (93 ਪ੍ਰਤਿਸ਼ਤ ਕੋਲ ਅਧਾਰ ਹੈ।

22.25 ਕਰੋੜ (67 ਪ੍ਰਤਿਸ਼ਤ) 5-18 ਸਾਲ ਦੇ ਬੱਚਿਆਂ ਕੋਲ ਅਧਾਰ ਹੈ।

2.30 ਕਰੋੜ (20 ਪ੍ਰਤਿਸ਼ਤ) 0 ਤੋਂ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਕੋਲ ਅਧਾਰ ਹੈ।

ਹਰ ਰੋਜ਼ 5-7 ਲੱਖ ਤੋਂ ਵੱਧ ਲੋਕ ਅਧਾਰ ਲਈ ਨਾਮ ਦਰਜ ਕਰਵਾਉਂਦੇ ਹਨ।

ਅਧਾਰ ਹੁਣ ਦੁਨੀਆਂ ਵਿੱਚ ਸਭ ਤੋਂ ਵੱਡਾ ਆਨ-ਲਾਈਨ ਡਿਜੀਟਲ ਪਲੇਟਫਾਰਮ ਹੈ।

## ਅਧਾਰ ਤੋਂ ਲਾਭ

ਲਾਭਾਂ ਦਾ ਖਾਤਿਆਂ ਵਿੱਚ ਸਿੱਧਿਆਂ ਜਮ੍ਹਾਂ ਹੋਣਾ (ਪਹਿਲ) -ਅੰਦਾਜ਼ਨ ਬੱਚਤ 14,672 ਕਰੋੜ ਰੁਪਏ।

ਜਨਤਕ ਵੰਡ ਪ੍ਰਣਾਲੀ (ਪੀ ਡੀ ਐੱਸ) –

4 ਰਾਜਾਂ ਆਂਧਰਾਂ ਪ੍ਰਦੇਸ਼, ਤੇਲੰਗਾਨਾ, ਪੁਡੂਚੇਰੀ ਅਤੇ ਦਿੱਲੀ ਵਿੱਚ ਅੰਦਾਜ਼ਨ ਬੱਚਤ 2,346 ਕਰੋੜ ਰੁਪਏ।

ਵਜ਼ੀਫੇ – ਤਿੰਨ ਰਾਜਾਂ ਆਂਧਰ ਪ੍ਰਦੇਸ਼, ਤੇਲੰਗਾਨਾ ਅਤੇ ਪੰਜਾਬ ਵਿੱਚ ਅੰਦਾਜ਼ਨ ਬੱਚਤ 276 ਕਰੋੜ ਰੁਪਏ।

ਪੈਨਸ਼ਨ (ਐੱਨ ਐੱਸ ਏ ਪੀ) ਤਿੰਨ ਰਾਜਾਂ ਝਾਰਖੰਡ, ਚੰਡੀਗੜ੍ਹ ਅਤੇ ਪੁਡੂਚੇਰੀ ਵਿੱਚ ਅੰਦਾਜ਼ਨ ਬੱਚਤ 66 ਕਰੋੜ ਰੁਪਏ।

## ਅਧਾਰ ਦੀ ਵਰਤੋਂ

25.48 ਬੈਂਕ ਖਾਤੇ ਅਦੁੱਤੇ ਅਧਾਰ ਨਾਲ ਜੋੜੇ ਗਏ।

12.28 ਕਰੋੜ ਰੁਪਏ ਤੋਂ ਵੱਧ (71 ਪ੍ਰਤਿਸ਼ਤ) ਖਾਣਾ ਪਕਾਉਣ ਦੀ ਗੈਸ ਦੇ ਕਨੈਕਸ਼ਨ ਅਧਾਰ ਨਾਲ ਜੋੜੇ ਗਏ।

11.39 ਕਰੋੜ ਤੋਂ ਵੱਧ (60 ਪ੍ਰਤਿਸ਼ਤ) ਰਾਸ਼ਟਰੀ ਪੇਂਡੂ ਰੋਜ਼ਗਾਰ ਗਰੰਟੀ ਯੋਜਨਾ, ਨਰੇਗਾ, ਕਾਰਡ ਅਧਾਰ ਨਾਲ ਜੋੜੇ ਗਏ।

## ਅਧਾਰ ਪ੍ਰਮਾਣੀਕਰਨ

15.6 ਕਰੋੜ ਤੋਂ ਵੱਧ ਲੈਣ ਦੇਣ ਭਾਰਤ ਦੀ ਅਦੁੱਤੀ ਪਛਾਣ ਅਥਾਰਟੀ (ਯੂ ਆਈ ਡੀ ਏ ਆਈ) ਵਲੋਂ ਪ੍ਰਮਾਣਤ ਕੀਤੇ ਗਏ।

8.4 ਕਰੋੜ ਤੋਂ ਵੱਧ ਈ-ਕੇ ਵਾਈ ਸੀ ਲੈਣ ਦੇਣ ਯੂ ਆਈ ਡੀ ਈ ਆਈ ਉਤੇ ਕੀਤੇ ਗਏ।

ਯੂ ਆਈ ਡੀ ਏ ਆਈ ਪ੍ਰਮਾਣਤ ਹੋਣ ਵਾਲੇ ਲਗਭਗ 40 ਲੱਖ ਲੈਣ ਦੇਣ ਹਰ ਰੋਜ਼ ਪ੍ਰਮਾਣਤ ਕਰਦਾ ਹੈ।

ਅਧਾਰ ਅਦਾਇਗੀ ਬਰਿੱਜ ਲਾਭਾਂ/ਹੋਰ ਅਦਾਇਗੀਆਂ ਦਾ ਵਿਤਰਣ ਬੈਂਕ ਖਾਤਿਆਂ ਬਾਰੇ ਜਾਣਕਾਰੀ ਤੋਂ ਬਿਨਾਂ ਹੀ ਲਾਭਪਾਤਰ ਨੂੰ ਅਧਾਰ ਨੰਬਰ ਰਾਹੀਂ ਕਰਨ ਦੀ ਸਹੂਲਤ ਦਿੰਦਾ ਹੈ। ਅਧਾਰ ਅਦਾਇਗੀ ਬਰਿੱਜ ਵਿੱਚ ਪਿਛਲੇ ਦੋ ਸਾਲਾਂ ਵਿੱਚ ਕਾਫੀ ਉੱਨਤੀ ਹੋਈ। 23 ਕਰੋੜ ਤੋਂ ਵੱਧ ਲੋਕਾਂ ਨੇ ਅਧਾਰ ਅਦਾਇਗੀ ਬਰਿੱਜ ਤੇ ਆਪਣੇ ਬੈਂਕ ਖਾਤੇ ਅਧਾਰ ਨਾਲ ਜੋੜ ਲਏ ਹਨ। ਅਧਾਰ ਅਦਾਇਗੀ ਬਰਿੱਜ ਉਪਰ ਕੁੱਲ ਲੌਗ ਹੋਏ ਲੈਣ ਦੇਣ 94.71 ਕਰੋੜ ਰੁਪਏ ਤੱਕ ਪਹੁੰਚ ਗਏ ਹਨ ਜੋ 28,363 ਕਰੋੜ ਰੁਪਏ ਦੇ ਹਨ। ਇਨ੍ਹਾਂ ਅੰਕੜਿਆਂ ਵਿੱਚ 31 ਮਈ 2014 ਤੱਕ 7.13 ਕਰੋੜ ਲੌਗ ਹੋਏ ਲੈਣ ਦੇਣ ਜੋ 4,474 ਕਰੋੜ ਰੁਪਏ ਦੇ ਸਨ, ਨਾਲੋਂ ਸ਼ਾਨਦਾਰ ਵਾਧਾ ਹੈ।

ਅਧਾਰ ਦੀ ਇੱਕ ਹੋਰ ਉੱਘੀ ਵਿਸ਼ੇਸ਼ਤਾ ਜੋ ਪਿਛਲੇ ਦੋ ਸਾਲਾਂ ਵਿੱਚ ਦੇਖੀ ਗਈ ਹੈ, ਉਹ ਹੈ ਅਧਾਰ ਯੋਗ ਬਣਾਈ ਅਦਾਇਗੀ ਪ੍ਰਣਾਲੀ ਵਿੱਚ ਵਾਧਾ। ਅਧਾਰ ਯੋਗ ਬਣਾਈ ਅਦਾਇਗੀ ਪ੍ਰਣਾਲੀ ਰਾਹੀਂ ਕਿਸੇ ਦੂਰ ਦਰਾਜ਼ ਦੇ ਪਿੰਡ ਵਿੱਚ ਬੈਠਾ ਲਾਭਪਾਤਰ ਜਿਸ ਦੀ ਬੈਂਕ ਬ੍ਰਾਂਚ ਤੱਕ ਪਹੁੰਚ ਨਹੀਂ ਹੈ ਆਪਣੇ ਘਰ ਦੇ ਦੁਆਰ ਉਤੇ ਬੈਠਾ ਹੀ ਮਾਈਕਰੋ ਏ ਟੀ ਐੱਮ ਉਤੇ ਆਪਣਾ ਅਧਾਰ ਨੰਬਰ ਅਤੇ ਉਂਗਲੀਆਂ ਦੀ ਛਾਪ ਦੇ ਕੇ ਪੈਸਾ ਕਢਾ ਸਕਦਾ ਹੈ ਜਾਂ ਜਮ੍ਹਾਂ ਕਰਵਾ ਸਕਦਾ ਹੈ। 31 ਮਈ 2014 ਦੇ 46 ਲੱਖ ਦੇ ਮੁਕਾਬਲੇ, ਅਧਾਰ ਯੋਗ ਬਣਾਈ ਪ੍ਰਣਾਲੀ ਰਾਹੀਂ 31 ਮਾਰਚ 2016 ਤੱਕ 10.76 ਕਰੋੜ ਲੈਣ ਦੇਣ ਹੋ ਚੁੱਕੇ ਸਨ। ਭਾਰਤ ਸਰਕਾਰ ਨੇ ਵੱਖ-ਵੱਖ ਸਕੀਮਾਂ ਅਤੇ ਪਹਿਲਾਂ ਨੂੰ, ਜਿਨ੍ਹਾਂ ਵਿੱਚ ਸ਼ਾਮਲ ਹਨ, ਪ੍ਰਧਾਨ ਮੰਤਰੀ ਜਨ ਧੰਨ ਯੋਜਨਾ (ਪੀ ਐੱਮ ਜੇ ਡੀ ਵਾਈ), ਐੱਮ ਜੀ ਨਰੇਗਾ, ਪੈਨਸ਼ਨ, ਵਜ਼ੀਫੇ, ਲਾਭ ਸਿੱਧਿਆਂ ਲਾਭਪਾਤਰ ਦੇ ਖਾਤੇ ਵਿੱਚ ਜਮ੍ਹਾਂ (ਡੀ ਬੀ ਟੀ ਐੱਲ), ਯੂ ਏ ਐੱਨ (ਕਰਮਚਾਰੀਆਂ ਦਾ ਪ੍ਰਾਵੀਡੈਂਟ ਸੰਸਥਾਨ), ਜਨਤਕ ਵਿਤਰਣ ਪ੍ਰਣਾਲੀ (ਪੀ ਡੀ ਐੱਸ) ਪਾਸਪੋਰਟ, ਸਰਕਾਰੀ ਦਫ਼ਤਰਾਂ ਵਿੱਚ ਹਾਜ਼ਰੀ ਪ੍ਰਣਾਲੀ ਆਦਿ ਨੂੰ ਅਧਾਰ ਨਾਲ ਜੋੜ ਕੇ ਯੂ ਆਈ ਡੀ ਏ ਆਈ ਨੂੰ ਇੱਕ ਨਵਾਂ ਬਲ ਦਿੱਤਾ ਗਿਆ ਹੈ। ❑

## ਪੋਸ਼ਾਕਾਂ ਅਤੇ ਕੱਪੜੇ ਬਣਾਉਣ ਦਾ ਕੇਂਦਰ, ਦੀਮਾਪੁਰ, ਨਾਗਾਲੈਂਡ

ਪੋਸ਼ਾਕਾਂ ਅਤੇ ਕੱਪੜੇ ਬਣਾਉਣ ਦਾ ਕੇਂਦਰ ਦੀਮਾਪੁਰ, ਨਾਗਾਲੈਂਡ ਵਿੱਚ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰਜੈਕਟ ਦਾ ਉਦੇਸ਼ ਸਥਾਨਕ ਨੌਜਵਾਨਾਂ ਦੀਆਂ ਪੋਸ਼ਾਕਾਂ ਤਿਆਰ ਕਰਨ ਦੇ ਉੱਦਮ ਸਥਾਪਤ ਕਰਨ ਦੀ ਚਾਹਤ ਦਾ ਵਿਕਾਸ ਕਰਨਾ ਅਤੇ ਇਨ੍ਹਾਂ ਕੇਂਦਰਾਂ ਵਿੱਚ ਸਥਾਨਕ ਲੋਕਾਂ ਨੂੰ ਰੋਜ਼ਗਾਰ ਦੇਣਾ ਹੈ। ਦੀਮਾਪੁਰ ਦਾ ਪੋਸ਼ਾਕਾਂ ਅਤੇ ਕੱਪੜੇ ਬਣਾਉਣ ਦਾ ਕੇਂਦਰ, ਸਮੁੱਚੇ ਉੱਤਰ ਭਾਰਤ ਵਿੱਚ ਪਹਿਲਾ ਅਜਿਹਾ ਕੇਂਦਰ ਹੈ। ਇਸ ਨੂੰ ਨਾਗਾਲੈਂਡ ਸਰਕਾਰ ਅਤੇ ਉੱਦਮੀਆਂ ਦੀ ਸਹਾਇਤਾ ਨਾਲ ਇਕ ਸਾਲ ਤੋਂ ਥੋੜ੍ਹੇ ਜਿਹੇ ਵਾਧੂ ਰਿਕਾਰਡ ਸਮੇਂ ਵਿੱਚ ਚਾਲੂ ਕਰ ਦਿੱਤਾ ਗਿਆ ਹੈ।

ਭਾਰਤ ਸਰਕਾਰ ਵਲੋਂ ਉੱਤਰ-ਪੂਰਬੀ ਰਾਜਾਂ ਵਿੱਚ ਪੋਸ਼ਾਕਾਂ ਅਤੇ ਕੱਪੜੇ ਬਣਾਉਣ ਦੇ ਕੇਂਦਰ ਸਥਾਪਤ ਕਰਨ ਦਾ ਪ੍ਰਜੈਕਟ ਕੱਪੜੇ ਦੇ ਖੇਤਰ ਵਿੱਚ ਬਹੁਤ ਅਭਿਲਾਸ਼ੀ ਪ੍ਰਜੈਕਟਾਂ ਵਿੱਚੋਂ ਇੱਕ ਹੈ। ਇਹ ਉੱਤਰ-ਪੂਰਬੀ ਭਾਰਤ ਵਿੱਚ ਕੱਪੜਾ ਉਦਯੋਗ ਦੀ ਨੁਹਾਰ ਹੀ ਬਦਲ ਕੇ ਰੱਖ ਦੇਣ ਦੀ ਸਮਰੱਥਾ ਰੱਖਦਾ ਹੈ। ਪੋਸ਼ਾਕ ਉਦਯੋਗ ਪੂੰਜੀ ਕਰਨ ਅਤੇ ਰੋਜ਼ਗਾਰ ਦੇਣ ਲਈ ਸਮੁੱਚੇ ਕੱਪੜਾ ਉਦਯੋਗ ਵਿੱਚ ਇਹ ਪੁਸ਼ਾਕ ਕੇਂਦਰ ਦੇਸ਼ ਦੇ ਕੱਪੜਾ ਅਤੇ ਸਿਲੇ ਹੋਏ ਕੱਪੜਿਆਂ ਦੇ ਸਮੁੱਚੇ ਨਿਰਯਾਤ ਵਿੱਚ ਵਾਧਾ ਕਰਨ ਲਈ ਇਕ ਛੋਟਾ ਹੀ ਸਹੀ ਪਰ ਬਹੁਤ ਮਹੱਤਵਪੂਰਨ ਕਦਮ ਹੈ।

ਮੂਗਾ ਪੀ-3 ਬੁਨਿਆਦੀ ਬੀਜ ਸਟੇਸ਼ਨ ਕੋਬੂਲੌਂਗ, ਮੋਕੋਕਚੰਗ ਦਾ ਨੀਂਹ ਪੱਥਰ ਵੀ ਰੱਖਿਆ ਗਿਆ ਸੀ ਅਤੇ ਨਵੀਂ ਮਨਜ਼ੂਰੀ ਦਿੱਤੀ ਸਮੁੱਚਿਤ ਈਰੀ ਰੇਸ਼ਮ ਵਿਕਾਸ ਪ੍ਰਜੈਕਟ ਜੋ ਉੱਤਰ-ਪੂਰਬੀ ਖੇਤਰੀ ਕੱਪੜਾ ਉਦਯੋਗ ਦੀ ਉਤਸ਼ਾਹ ਵਰਧਕ ਸਕੀਮ ਹੈ, ਦੀ ਸ਼ੁਰੂਆਤ ਵੀ ਕੀਤੀ ਗਈ। ਇਹ ਸਕੀਮ ਕੋਹਿਮਾ ਵਿੱਚ ਔਰਤਾਂ ਦੇ ਸ਼ਕਤੀਕਰਨ ਅਤੇ ਪਾਇਦਾਰ ਰੋਜ਼ੀ-ਰੋਟੀ ਦੇ ਸਾਧਨਾਂ ਲਈ ਸ਼ੁਰੂ ਕੀਤੀ ਗਈ ਹੈ।

ਨਾਗਾਲੈਂਡ ਉੱਤਮ ਕਿਸਮ ਦੇ ਰੇਸ਼ਮ ਦੀ ਸਮਰੱਥਾ ਰੱਖਣ ਵਾਲਾ ਅਤੇ ਇਸ ਨੂੰ ਉਤਸ਼ਾਹ ਦੇਣ ਵਾਲਾ ਮੋਢੀ ਪ੍ਰਦੇਸ਼ ਹੈ। ਪਿਛਲੇ ਦੋ ਸਾਲਾਂ ਵਿੱਚ ਕੱਪੜਾ ਮੰਤਰਾਲਾ ਨੇ ਨਾਗਾਲੈਂਡ ਵਿੱਚ 101.25 ਕਰੋੜ ਰੁਪਏ ਦੀ ਭਾਰਤ ਸਰਕਾਰ ਦੀ ਮਦਦ ਨਾਲ ਚੱਲਣ ਵਾਲੇ ਤਿੰਨ ਵੱਡੇ ਰੇਸ਼ਮ ਦੇ ਪ੍ਰਜੈਕਟਾਂ ਨੂੰ ਮਨਜ਼ੂਰੀ ਦਿੱਤੀ ਹੈ। ਇਨ੍ਹਾਂ ਪ੍ਰਜੈਕਟਾਂ ਵਿੱਚ ਪੌਦੇ ਲਗਾਉਣ ਤੋਂ ਲੈ ਕੇ, ਮਾਲ ਤਿਆਰ ਕਰਨ ਅਤੇ ਉਸ ਦੇ ਮੰਡੀਕਰਨ ਤੱਕ ਰੇਸ਼ਮ ਦੀਆਂ ਤਿੰਨਾਂ ਕਿਸਮਾਂ ਈਰੀ, ਮੂਗਾ ਅਤੇ ਮਲਬੈਰੀ ਲਈ ਰੇਸ਼ਮ ਉਤਪਾਦਨ ਵਿੱਚ ਮਦਦ ਮਿਲੇਗੀ, ਉਮੀਦ ਹੈ, ਇਨ੍ਹਾਂ ਪ੍ਰਜੈਕਟਾਂ ਨਾਲ 5,000 ਕਿਸਾਨਾਂ ਨੂੰ ਈਰੀ, ਮੂਗਾ ਅਤੇ ਮਲਬੈਰੀ ਰੇਸ਼ਮ ਦੇ ਪੌਦੇ ਲਗਾਉਣ ਵਿੱਚ ਮਦਦ ਮਿਲੇਗੀ ਅਤੇ ਵੱਖ-ਵੱਖ ਅੰਦਾਜ਼ਿਆਂ ਰਾਹੀਂ ਉੱਤਮ ਕਿਸਮ ਦੇ ਰੇਸ਼ਮ ਦਾ ਉਤਪਾਦਨ ਤਿੰਨ ਗੁਣਾ ਵਧ ਜਾਵੇਗਾ। ❑

# ਭਾਰਤ ਨੂੰ ਜਾਣਨ – ਸਮਝਣ ਲਈ

ਪੜ੍ਹੋ :

## ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ

ਪ੍ਰਕਾਸ਼ਨ ਵਿਭਾਗ ਰਾਸ਼ਟਰੀ ਨੇਤਾਵਾਂ ਦੀਆਂ ਜੀਵਨੀਆਂ ਅਤੇ ਇਤਿਹਾਸ, ਕਲਾ, ਸੰਸਕ੍ਰਿਤੀ, ਵਿਗਿਆਨ, ਬਨਸਪਤੀ, ਸੰਦਰਭ ਆਦਿ ਵੱਖ ਵੱਖ ਵਿਸ਼ਿਆਂ ਉਤੇ ਅਤੇ ਬਾਲ ਪੁਸਤਕਾਂ ਪ੍ਰਕਾਸ਼ਤ ਕਰਦਾ ਹੈ। 100 ਖੰਡਾਂ ਵਿਚ ਸੰਪੂਰਣ ਗਾਂਧੀ ਰਚਨਾਵਲੀ ਪ੍ਰਕਾਸ਼ਨ ਵਿਭਾਗ ਦੀ ਇਕ ਮਹੱਤਵਪੂਰਣ ਉਪਲਬਧੀ ਹੈ। ਦੇਸ਼ ਅਤੇ ਦੇਸ਼ ਵਾਸੀਆਂ ਬਾਰੇ ਭਰਪੂਰ ਜਾਣਕਾਰੀ ਦੇਣ ਵਾਲੀਆਂ ਲਾਭਦਾਇਕ ਤੇ ਗਿਆਨ ਵਧਾਉਣ ਵਾਲੀਆਂ ਪੁਸਤਕਾਂ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਉਪਲਬਧ ਹਨ। ਵਿਭਾਗ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਪੱਤਰਕਾਵਾਂ ਵੀ ਪ੍ਰਕਾਸ਼ਤ ਕਰਦਾ ਹੈ।

## ਕੁਝ ਮਹੱਤਵਪੂਰਣ ਪੰਜਾਬੀ ਪ੍ਰਕਾਸ਼ਨ

- ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
- ਅੱਧੀ ਚੁੰਝ ਵਾਲੀ ਚਿੜੀ
- ਭਗਤ ਸਿੰਘ : ਅਮਰ ਵਿਦਰੋਹੀ
- ਸ਼ਹੀਦ ਕਰਤਾਰ ਸਿੰਘ ਸਰਾਭਾ
- ਭਾਰਤ ਛੱਡੋ ਅੰਦੋਲਨ
- ਦੇਸ਼-ਵਿਦੇਸ਼ ਦੇ ਮਹਾਂਪੁਰਸ਼
- ਭਾਰਤ ਦੇ ਗੌਰਵ ਗ੍ਰੰਥ
- ਦਿਲ ਦੇ ਰੋਗ ਤੋਂ ਕੈਂਸਰ ਤਕ
- ਵਿਗਿਆਨੀਆਂ ਦੀਆਂ ਜੀਵਨ ਕਥਾਵਾਂ
- 1857 ਦਾ ਸੁਤੰਤਰਤਾ ਸੰਗ੍ਰਾਮ
- ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ
- ਸ਼ਹੀਦਾਂ ਦੇ ਖ਼ਤ
- ਭਾਰਤ ਦੇ ਲੋਕ ਨਾਚ
- ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
- ਫਿੱਡੂ ਫਲੂਗਰ
- ਪੰਜਾਬ ਦੇ ਲੋਕ ਨਾਚ
- ਫ਼ਰਜ਼ ਦੀ ਪਛਾਣ
- ਕਲਪਨਾ ਚਾਵਲਾ
- ਭਾਰਤ ਦੇ ਪੰਛੀ
- ਦਿਆਲ ਸਿੰਘ ਮਜੀਠੀਆ
- ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
- ਗੁਰੂ ਨਾਨਕ ਤੋਂ ਗੁਰੂ ਗ੍ਰੰਥ ਸਾਹਿਬ ਤਕ
- ਕ੍ਰਾਂਤੀਕਾਰੀ ਅਜ਼ੀਮਉੱਲਾ ਖ਼ਾਂ
- ਕ੍ਰਾਂਤੀਕਾਰੀਆਂ ਦਾ ਬਚਪਨ
- ਭਾਰਤ ਦੀਆਂ ਲੋਕ ਕਥਾਵਾਂ
- ਰਵਿੰਦਰ ਨਾਥ ਠਾਕੁਰ ਦੀਆਂ ਬਾਲ ਕਹਾਣੀਆਂ
- ਭਾਰਤ ਦੀਆਂ ਪੁਰਾਣੀਆਂ ਯਾਦਗਾਰਾਂ
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਪਹਿਲਾ)
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਦੂਜਾ)
- ਭਾਰਤੀ ਸਭਿਆਚਾਰ ਦੀ ਝਾਕੀ

**ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :**

- ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ – 110 003 (ਫ਼ੋਨ–24365610)
- ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ –110 054 (ਫ਼ੋਨ–23890205)
- 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ –400 614 (ਫ਼ੋਨ–27570686)
- 8, ਐਸਪਲੇਨੇਡ ਈਸਟ, ਕੋਲਕਾਤਾ – 700 069 (ਫ਼ੋਨ–22488030)
- 'ਏ' ਵਿੰਗ, ਰਾਜਾਜੀ ਭਵਨ, ਬੇਸੈਂਟ ਨਗਰ, ਚੇਨੱਈ – 600 090 (ਫ਼ੋਨ–24917673)
- ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ – 695 001 (ਫ਼ੋਨ–2330650)
- ਬਲਾਕ ਨੰ:–4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ –500 001 (ਫ਼ੋਨ–24605383)
- ਪ੍ਰਥਮ ਤਲ, 'ਐਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ – 560 034 (ਫ਼ੋਨ–25537244)
- ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ –800 004 (ਫ਼ੋਨ–2683407)
- ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-ਐਚ, ਅਲੀਗੰਜ, ਲਖਨਊ – 226 024, (ਫ਼ੋਨ–2225455)
- ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਯੂਕੋ ਬੈਂਕ ਦੇ ਉਪਰ, ਪਾਲਦੀ, ਅਹਿਮਦਾਬਾਦ –380 007 (ਫ਼ੋਨ–26588669)
- ਕੇ.ਕੇ.ਬੀ.ਰੋਡ, ਨਵੀਂ ਕਾਲੋਨੀ, ਮਕਾਨ ਨੰ:7, ਚੇਨੀਕੁੱਟੀ, ਗੁਵਹਾਟੀ–781 003 (ਫ਼ੋਨ–2665090)

**ਪ੍ਰਕਾਸ਼ਨ ਵਿਭਾਗ**
**ਸੂਚਨਾ ਅਤੇ ਪ੍ਰਸਾਰਣ ਮੰਤਰਾਲਾ**
**ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,**
**ਲੋਧੀ ਰੋਡ, ਨਵੀਂ ਦਿੱਲੀ–110003**


Publications Division
Ministry of Information and Broadcasting
Government of India
website: publicationsdivision.nic.in
Prestigious
INDIA 2016
Reference Annual
now
available
ONLINE
भारत 2016
INDIA 2016
Buy at flipkart
www.flipkart.com
Buy eBooks at kobo
www.kobo.com

Subscribe Online NOW
बाल भारती
कुरुक्षेत्र
Kurukshetra
आजकल
YOJANA
योजना
ਯੋਜਨਾ
ଯୋଜନା
Log on to
http://publicationsdivision.nic.in/,
in collaboration with bharatkosh.gov.in